@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Monday, 2 March 2026

Punjabi National Daily
Qaumi Patrika NO.1
ਨਵੀਂ ਦਿੱਲੀ: ਸੋਮਵਾਰ 2 ਮਾਰਚ 2026, 18 ਫੱਗਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

VISIT: www.qaumipatrika.org
Email: qpatrika@gmail.com

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 117, qpatrika@gmail.com ਫੋਨ : 9971359517 www.qaumipatrika.org

## ਜ਼ਖਮੀ ਅਨਿਲ ਵਿਜ ਨੂੰ ਮਿਲਣ ਪੁੱਜੇ ਮੁੱਖ ਮੰਤਰੀ ਸੈਣੀ

ਚੰਡੀਗੜ੍ਹ 1 ਮਾਰਚ। । ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸ਼ਨੀਵਾਰ ਨੂੰ ਮੰਤਰੀ ਅਨਿਲ ਵਿਜ ਦੇ ਅੰਬਾਲਾ ਕੈਂਟ ਸਥਿਤ ਘਰ ਜਾ ਕੇ ਉਨ੍ਹਾਂ ਦੀ ਸਿਹਤ ਬਾਰੇ ਜਾਣਕਾਰੀ ਲਈ। ਹਾਲ ’ਚ ਵਿਜ ਦੇ ਪੈਰ ’ਚ ਫ?ਰੈਕਚਰ ਹੋਇਆ ਸੀ। ਵਾਤਾਵਰਣ, ਊਰਜਾ ਅਤੇ ਕਿਰਤ ਮੰਤਰੀ ਵਿਜ ਹਾਲ ’ਚ ਆਪਣੇ ਅੰਬਾਲਾ ਸਥਿਤ ਘਰ ਦੇ ਬਾਥਰੂਮ ’ਚ ਫਿਸਲ ਗਏ, ਜਿਸ ਨਾਲ ਉਨ੍ਹਾਂ ਦੇ ਦੋਵੇਂ ਪੈਰਾਂ ’ਚ ਫ?ਰੈਕਚਰ ਹੋ ਗਿਆ ਸੀ। ਡਾਕਟਰਾਂ ਨੇ ਉਨ੍ਹਾਂ ਨੂੰ ਘੱਟ-ਘੱਟ 3 ਹਫ਼ਤੇ ਆਰਾਮ ਕਰਨ ਦੀ ਸਲਾਹ ਦਿੱਤੀ ਹੈ।



ਇਸੇ ਕਾਰਨ ਉਹ ਹਰਿਆਣਾ ਵਿਧਾਨ ਸਭਾ ਦੇ ਚੱਲ ਰਹੇ ਬਜਟ ਸੈਸ਼ਨ ’ਚ ਸ਼ਾਮਲ ਨਹੀਂ ਹੋ ਪਾ ਰਹੇ ਹਨ। ਸੈਣੀ ਨੇ ‘ਐਕਸ’ ’ਤੇ ਹਿੰਦੀ ’ਚ ਲਿਖੇ ਇਕ ਪੋਸਟ ’ਚ ਕਿਹਾ,”ਮੈਂ ਉਨ੍ਹਾਂ ਨੂੰ ਆਪਣੀਆਂ ਸ਼ੁੱਭਕਾਮਨਾਵਾਂ ਦਿੰਦਾ ਹਾਂ ਅਤੇ ਉਨ੍ਹਾਂ ਦੇ ਜਲਦ ਅਤੇ ਪੂਰੀ ਤਰ੍ਹਾਂ ਸਿਹਤਮੰਦ ਹੋਣ ਲਈ ਪਰਮਾਤਮਾ ਤੋਂ ਪ੍ਰਾਰਥਨਾ ਕਰਦਾ ਹਾਂ ਤਾਂ ਕਿ ਉਹ ਇਕ ਵਾਰ ਫਿਰ ਜਨਸੇਵਾ ’ਚ ਸਰਗਰਮ ਰੂਪ ਨਾਲ ਸ਼ਾਮਲ ਹੋ ਸਕਣ।” ਸੈਣੀ ਦੇ ਦੌਰੇ ਦੌਰਾਨ ਵਿਜ ਦੇ ਭਰਾ ਰਾਜਿੰਦਰ ਵਿਜ ਅਤੇ ਕਪਿਲ ਵਿਜ ਵੀ ਮੌਜੂਦ ਸਨ। ਕੁਝ ਦਿਨ ਪਹਿਲਾਂ ਕੇਂਦਰੀ ਮੰਤਰੀ ਮਨੋਹਰ ਲਾਲ ਖੱਟੜ ਨੇ ਵੀ ਵਿਜ ਦੇ ਘਰ ਜਾ ਕੇ ਉਨ੍ਹਾਂ ਦੇ ਜਲਦ ਸਿਹਤਮੰਦ ਹੋਣ ਦੀ ਕਾਮਨਾ ਕੀਤੀ ਸੀ।

## ਪਾਸਪੋਰਟ ਰੱਖਣ ਦਾ ਅਧਿਕਾਰ ਨਿੱਜੀ ਆਜ਼ਾਦੀ ਦਾ ਅਨਿੱਖੜਵਾਂ ਅੰਗ : ਦਿੱਲੀ ਹਾਈ ਕੋਰਟ

ਨਵੀਂ ਦਿੱਲੀ 1 ਮਾਰਚ। । ਦਿੱਲੀ ਹਾਈ ਕੋਰਟ ਨੇ ਕਿਹਾ ਹੈ ਕਿ ਪਾਸਪੋਰਟ ਰੱਖਣ ਤੇ ਵਿਦੇਸ਼ੀ ਦੌਰਾ ਕਰਨ ਦਾ ਅਧਿਕਾਰ ਭਾਰਤ ਦੇ ਸੰਵਿਧਾਨ ਦੀ ਧਾਰਾ 21 ਅਧੀਨ ਨਿੱਜੀ ਆਜ਼ਾਦੀ ਦਾ ਅਨਿੱਖੜਵਾਂ ਅੰਗ ਹੈ। ਅਦਾਲਤ ਨੇ ਕਿਹਾ ਕਿ ਜਦੋਂ ਅਧਿਕਾਰੀਆਂ ਵੱਲੋਂ ਕੋਈ ਵੀ ਕਾਰਵਾਈ ਅਜਿਹੇ ਅਧਿਕਾਰ ਦੀ ਉਲੰਘਣਾ ਕਰਦੀ ਹੈ ਤਾਂ ਇਹ ਵਾਜਿਬ ਤੇ ਕੁਦਰਤੀ ਨਿਆਂ ਦੇ ਸਿਧਾਂਤਾਂ ਮੁਤਾਬਕ ਹੋਣੀ ਚਾਹੀਦੀ ਹੈ। ਜਸਟਿਸ ਪੁਰਸ਼ੇਂਦਰ ਕੁਮਾਰ ਕੌਰਵ ਨੇ ਕੇਂਦਰ ਸਰਕਾਰ ਦੇ ਉਸ ਹੁਕਮ ਨੂੰ ਰੱਦ ਕਰਦੇ ਹੋਏ ਇਹ ਹੁਕਮ ਪਾਸ ਕੀਤਾ ਦਿਸ ’ਚ ਰਹੇਜਾ ਡਿਵੈੱਲਪਰਜ਼ ਦੇ ਸਾਬਕਾ ਡਾਇਰੈਕਟਰ ਯੋਗੇਸ਼ ਰਹੇਜਾ ਦਾ ਪਾਸਪੋਰਟ ਨਵੀਨੀਕਰਨ ਲਈ ਅਰਜ਼ੀ ਦਿੰਦੇ ਸਮੇਂ ਉਨ੍ਹਾਂ ਵੱਲੋਂ ਆਪਣੇ ਵਿਰੁੱਧ ਪੈਂਡਿੰਗ ਐੱਫ. ਆਈ. ਆਰ. ਬਾਰੇ ਜਾਣਕਾਰੀ ਨਾ ਦੇਣ ਕਾਰਨ ਰੱਦ ਕਰ ਦਿੱਤਾ ਗਿਆ ਸੀ।

# ਪ੍ਰਧਾਨ ਮੰਤਰੀ ਮੋਦੀ ਨੇ 2,700 ਕਰੋੜ ਰੁਪਏ ਦੇ ਪ੍ਰਾਜੈਕਟਾਂ ਦਾ ਕੀਤਾ ਉਦਘਾਟਨ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਪੁਡੂਚੇਰੀ 1 ਮਾਰਚ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਪੁਡੂਚੇਰੀ ’ਚ 2,700 ਕਰੋੜ ਰੁਪਏ ਤੋਂ ਵੱਧ ਦੀਆਂ ਵੱਖ-ਵੱਖ ਵਿਕਾਸ ਯੋਜਨਾਵਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ। ਇਕ ਜਨਤਕ ਸਭਾ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਪੁਡੂਚੇਰੀ ਉਨ੍ਹਾਂ ਦੇ (ਵਪਾਰ, ਸਿੱਖਿਆ, ਅਧਿਆਤਮਿਕਤਾ ਅਤੇ ਸੈਰ-ਸਪਾਟਾ) ਦੇ ਵਿਜ਼ਨ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਢੇ ਚਾਰ ਸਾਲਾਂ ’ਚ ਪੁਡੂਚੇਰੀ ਨੇ ਸੁਸ਼ਾਸਨ ਅਤੇ ਵਿਕਾਸ ਦੇ ਨਵੇਂ ਪੜਾਅ ਦੇਖੇ ਹਨ। ਇਸ ਮੌਕੇ ਪ੍ਰਧਾਨ ਮੰਤਰੀ ਨੇ ਪੀਐੱਮ ਈ-ਬੱਸ ਸੇਵਾ ਪਹਿਲ ਦੇ ਤਹਿਤ ਈ-ਬੱਸਾਂ ਦੀ ਸ਼ੁਰੂਆਤ ਕੀਤੀ ਅਤੇ ਸਮਾਰਟ ਸਿਟੀ ਮਿਸ਼ਨ ਦੇ ਤਹਿਤ ਏਕੀਕ੍ਰਿਤ ਕਮਾਂਡ ਅਤੇ ਕੰਟਰੋਲ ਸੈਂਟਰ ਦਾ ਉਦਘਾਟਨ ਕੀਤਾ। ਇਸ ਤੋਂ ਇਲਾਵਾ, ਆਰਥਿਕ ਤੌਰ ’ਤੇ ਕਮਜ਼ੋਰ ਵਰਗਾਂ ਲਈ ਰਿਹਾਇਸ਼ੀ ਇਕਾਈਆਂ ਅਤੇ ਸੀਵਰੇਜ ਤੇ ਜਲ ਸਪਲਾਈ ਨਾਲ ਸਬੰਧਤ ਮਹੱਤਵਪੂਰਨ ਪ੍ਰਾਜੈਕਟਾਂ ਦੀ ਸ਼ੁਰੂਆਤ ਵੀ ਕੀਤੀ ਗਈ। ਇਨ੍ਹਾਂ ਪ੍ਰਾਜੈਕਟਾਂ ਦਾ ਉਦੇਸ਼ ਸ਼ਹਿਰੀ ਗਤੀਸ਼ੀਲਤਾ ਵਿੱਚ ਸੁਧਾਰ ਕਰਨਾ ਅਤੇ ਟੈਕਨਾਲੋਜੀ ਰਾਹੀਂ ਪ੍ਰਸ਼ਾਸਨ ਨੂੰ ਬਿਹਤਰ ਬਣਾਉਣਾ ਹੈ। ਪ੍ਰਧਾਨ ਮੰਤਰੀ ਨੇ ਸਿੱਖਿਆ ਖੇਤਰ ਨੂੰ ਹੁਲਾਰਾ ਦਿੰਦਿਆਂ ਐੱਨਆਈਟੀ (©9“) ਕਰਾਈਕਲ ’ਚ ਨਵੇਂ ਇੰਜੀਨੀਅਰਿੰਗ ਬਲਾਕਾਂ ਅਤੇ ਹੋਸਟਲਾਂ ਦਾ ਉਦਘਾਟਨ ਕੀਤਾ। ਉਨ੍ਹਾਂ ਪਾਂਡੀਚੇਰੀ ਯੂਨੀਵਰਸਿਟੀ ’ਚ ਵੀ ਨਵੇਂ ਭਵਨਾਂ ਅਤੇ ਖੋਜ ਸਹੂਲਤਾਂ ਦੀ ਸ਼ੁਰੂਆਤ ਕੀਤੀ। ਸਿਹਤ ਸੇਵਾਵਾਂ ਦੇ ਮਾਮਲੇ ਵਿੱਚ, ਜਿਪਮੇਰ ਵਿਖੇ ਖੇਤਰੀ ਕੈਂਸਰ ਕੇਂਦਰ ਦੇ ਆਧੁਨਿਕੀਕਰਨ ਦਾ ਉਦਘਾਟਨ ਕੀਤਾ ਗਿਆ ਅਤੇ ਪ੍ਰਧਾਨ ਮੰਤਰੀ ਆਯੁਸ਼ਮਾਨ ਭਾਰਤ ਮਿਸ਼ਨ ਦੇ ਤਹਿਤ ਤਿੰਨ ਕ੍ਰਿਟੀਕਲ ਕੇਅਰ ਬਲਾਕਾਂ ਦਾ ਨੀਂਹ ਪੱਥਰ ਰੱਖਿਆ ਗਿਆ। ਮੋਦੀ ਨੇ ਭਰੋਸਾ ਜਤਾਇਆ ਕਿ ਪੁਡੂਚੇਰੀ ਆਉਣ ਵਾਲੇ ਸਮੇਂ ਵਿੱਚ ਮੈਡੀਕਲ ਟੂਰਿਜ਼ਮ ਦਾ ਵੱਡਾ ਕੇਂਦਰ ਬਣ ਸਕਦਾ ਹੈ। ਇਕ ਇਤਿਹਾਸਕ ਪਹਿਲਕਦਮੀ ਤਹਿਤ 750 ਏਕੜ ’ਚ ਫੈਲੇ ਕਰਾਸੂਰ-ਸੇਦਾਰਾਪੇਟ ਉਦਯੋਗਿਕ ਅਸਟੇਟ ਨੂੰ ਰਾਸ਼ਟਰ ਨੂੰ ਸਮਰਪਿਤ ਕੀਤਾ ਗਿਆ। ਇਸ ’ਚ ਫਾਰਮਾ ਪਾਰਕ, ਟੈਕਸਟਾਈਲ ਪਾਰਕ, ਆਈਟੀ ਪਾਰਕ ਅਤੇ ਆਈਆਈਟੀ ਮਦਰਾਸ ਦਾ ਖੋਜ ਕੇਂਦਰ ਸਥਾਪਿਤ ਕੀਤਾ ਜਾਵੇਗਾ, ਜਿਸ ਨਾਲ ਖੇਤਰ ’ਚ ਨਿਰਮਾਣ ਅਤੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ।



# ਟਰੇਡ ਡੀਲ ਨੂੰ ਲੈ ਕੇ ਰਾਹੁਲ ਗਾਂਧੀ ਦਾ ਕੇਂਦਰ ’ਤੇ ਤਿੱਖਾ ਹਮਲਾ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨੈਸ਼ਨਲ ਡੈਸਕ 1 ਮਾਰਚ। । ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਅਮਰੀਕਾ ਨਾਲ ਪ੍ਰਸਤਾਵਿਤ ਟ?ਰੇਡ ਡੀਲ ਨੂੰ ਲੈ ਕੇ ਕੇਂਦਰ ਸਰਕਾਰ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ। ਕੇਰਲ ਦੇ ਕੰਨੂਰ ਜ਼ਿਲ੍ਹੇ ਦੇ ਪੇਰਾਵੂਰ ਵਿੱਚ ਆਯੋਜਿਤ ਇੱਕ ਕਿਸਾਨ ਸੰਮੇਲਨ ਨੂੰ ਸੰਬੋਧਨ ਕਰਦਿਆਂ ਰਾਹੁਲ ਨੇ ਦੋਸ਼ ਲਾਇਆ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦਬਾਅ ਹੇਠ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਜਿਹਾ ਸਮਝੌਤਾ ਕੀਤਾ ਹੈ, ਜਿਸ ਨਾਲ ਦੇਸ਼ ਦੇ ਕਿਸਾਨਾਂ ਦੇ ਹਿੱਤ ਖਤਰੇ ਵਿੱਚ ਪੈ ਸਕਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਕਾਂਗਰਸ ਕਿਸਾਨਾਂ ਨੂੰ ਕਿਸੇ ਵੀ ਕੀਮਤ ’ਤੇ ਬਲੀ ਦਾ ਬੱਕਰਾ ਨਹੀਂ ਬਣਨ ਦੇਵੇਗੀ। ਰਾਹੁਲ ਗਾਂਧੀ ਨੇ ਕਿਸਾਨਾਂ ਦੀ ਮਹੱਤਤਾ ’ਤੇ ਜ਼ੋਰ ਦਿੰਦਿਆਂ ਕਿਹਾ ਕਿ ਕਿਸਾਨ ਦੇਸ਼ ਦੀ ਅਸਲੀ ਬੁਨਿਆਦ ਹਨ। ਉਨ੍ਹਾਂ ਤੁਲਨਾ ਕੀਤੀ ਕਿ ਜਿਵੇਂ ਮਜ਼ਬੂਤ ??ਨੀਂਹ ਤੋਂ ਬਿਨਾਂ ਇਮਾਰਤ ਨਹੀਂ ਟਿਕ ਸਕਦੀ, ਉਸੇ ਤਰ੍ਹਾਂ ਕਿਸਾਨਾਂ ਤੋਂ ਬਿਨਾਂ ਦੇਸ਼ ਦੀ ਤਰੱਕੀ ਸੰਭਵ ਨਹੀਂ ਹੈ। ਉਨ੍ਹਾਂ ਅਨੁਸਾਰ ਸਰਕਾਰ ਭਾਸ਼ਣਾਂ ਵਿੱਚ ਤਾਂ ਕਿਸਾਨਾਂ ਦਾ ਜ਼ਿਕਰ ਕਰਦੀ ਹੈ, ਪਰ ਖੇਤੀਬਾੜੀ ਨੂੰ ਮਜ਼ਬੂਤ ??ਕਰਨ ਲਈ ਕੋਈ ਠੋਸ ਕੰਮ ਨਹੀਂ ਹੋ ਰਹੀ। ਖੇਤੀਬਾੜੀ ਸੈਕਟਰ ਬਾਰੇ ਚਿੰਤਾ ਜ਼ਾਹਰ ਕਰਦਿਆਂ ਰਾਹੁਲ ਨੇ ਕਿਹਾ ਕਿ ਅਮਰੀਕਾ ਨਾਲ ਹੋਇਆ ਇਹ ਸਮਝੌਤਾ ਭਾਰਤੀ ਖੇਤੀ ਦੀਆਂ ਜੜ੍ਹਾਂ ਕਮਜ਼ੋਰ ਕਰ ਸਕਦਾ ਹੈ। ਉਨ੍ਹਾਂ ਦਲੀਲ ਦਿੱਤੀ ਕਿ ਭਾਰਤੀ ਕਿਸਾਨ ਛੋਟੇ ਖੇਤਾਂ ਅਤੇ ਸੀਮਤ ਤਕਨੀਕ ਨਾਲ ਕੰਮ ਕਰਦੇ ਹਨ, ਜਦੋਂ ਕਿ ਅਮਰੀਕੀ ਕਿਸਾਨ ਆਧੁਨਿਕ ਮਸ਼ੀਨਾਂ ਅਤੇ ਵੱਡੇ ਖੇਤਾਂ ਨਾਲ ਲੈਸ ਹਨ। ਅਜਿਹੀ ਸਥਿਤੀ ਵਿੱਚ ਭਾਰਤੀ ਬਾਜ਼ਾਰ ਨੂੰ ਅਮਰੀਕੀ ਉਤਪਾਦਾਂ ਜਿਵੇਂ ਕਿ ਸੋਇਆਬੀਨ, ਫਲ ਅਤੇ ਸਬਜ਼ੀਆਂ ਲਈ ਖੋਲ੍ਹਣਾ ਸਥਾਨਕ ਕਿਸਾਨਾਂ ਨਾਲ ਸਰਾਸਰ ਬੇਇਨਸਾਫ਼ੀ ਹੋਵੇਗੀ। ਰਾਹੁਲ ਨੇ ਦਾਅਵਾ ਕੀਤਾ ਕਿ ਅੱਜ ਤੱਕ ਕਿਸੇ ਵੀ ਪ੍ਰਧਾਨ ਮੰਤਰੀ ਨੇ ਅਮਰੀਕੀ ਕਿਸਾਨਾਂ ਨੂੰ ਭਾਰਤ ਵਿੱਚ ਖੁੱਲ੍ਹੀ ਵਪਾਰਕ ਇਜਾਜ਼ਤ ਨਹੀਂ ਦਿੱਤੀ ਸੀ ਕਿਉਂਕਿ ਇਸ ਨਾਲ ਹਰੀ ਅਤੇ ਚਿੱਟੀ ਕ੍ਰਾਂਤੀ ਦੇ ਢਾਂਚੇ ਨੂੰ ਨੁਕਸਾਨ ਪਹੁੰਚ ਸਕਦਾ ਸੀ। ਉਨ੍ਹਾਂ ਦੱਸਿਆ ਕਿ ਇਹੀ ਕਾਰਨ ਸੀ ਕਿ ਇਹ ਡੀਲ ਪਿਛਲੇ ਚਾਰ ਮਹੀਨਿਆਂ ਤੋਂ ਅਟਕੀ ਹੋਈ ਸੀ। ਆਪਣੇ ਭਾਸ਼ਣ ਦੇ ਅੰਤ ਵਿੱਚ ਉਨ੍ਹਾਂ ਦੱਸਿਆ ਕਿ ਕੇਰਲ ਲਈ ਇੱਕ ਵਿਸ਼ੇਸ਼ ਚੋਣ ਮਨੋਰਥ ਪੱਤਰ ਤਿਆਰ ਕੀਤਾ ਜਾ ਰਿਹਾ ਹੈ, ਜਿਸ ਵਿੱਚ ਆਮ ਲੋਕਾਂ, ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਲੋੜਾਂ ਨੂੰ ਪਹਿਲ ਦਿੱਤੀ ਜਾਵੇਗੀ।

जनजातीय कार्य मंत्रालय
MINISTRY OF TRIBAL AFFAIRS
सत्यमेव जयते



ਜਨਜਾਤੀਯ ਕਲਾ ਮਹੋਤਸਵ 2026
ਚਿਤਰਕਲਾ ਪ੍ਰਦਰਸਨੀ
2-13 ਮਾਰਚ 2026
ਤ੍ਰਾਵਣਕੋਰ ਪੈਲੇਸ, ਕੇ.ਜੀ. ਮਾਰਗ, ਨਵੀਂ ਦਿੱਲੀ
ਉਦਘਾਟਨ ਸਮਾਰੋਹ
02 ਮਾਰਚ 2026
ਸ਼ਾਮ 05:30 ਵਜੇ ਤੋਂ
ਮੁੱਖ ਮਹਿਮਾਨ
ਸ਼੍ਰੀ ਜੁਏਲ ਉਰਾਮ
ਮਾਣਯੋਗ ਕੇਂਦਰੀ ਜਨਜਾਤੀਯ ਕਾਰਜ ਮੰਤਰੀ
ਵਿਸ਼ਿਸ਼ਟ ਮਹਿਮਾਨ
ਸ਼੍ਰੀ ਦੁਰਗਾਦਾਸ ਉਝਕੇ
ਮਾਣਯੋਗ ਕੇਂਦਰੀ ਜਨਜਾਤੀਯ ਕਾਰਜ ਮੰਤਰੀ
ਪ੍ਰਦਰਸ਼ਨ: 03 - 13 ਮਾਰਚ 2026 | ਸਵੇਰੇ: 11 ਵਜੇ ਤੋਂ ਸ਼ਾਮ 7 ਵਜੇ ਤੱਕ (ਸਾਰਿਆਂ ਦੇ ਲਈ)



ਮੁੱਖ ਆਕਰਸ਼ਣ
ਲਾਈਵ ਪੇਂਟਿੰਗ ਅਤੇ ਪ੍ਰਦਰਸ਼ਨ
ਜਿਸ ਤੋਂ ਨਾਗਰਿਕ ਕਲਾਕਾਰਾਂ ਦੀ ਰਚਨਾਤਮਕ ਪ੍ਰਕ੍ਰਿਆ ਨੂੰ ਪ੍ਰਤੱਖ ਰੂਪ ਤੋਂ ਸਮਝ ਸਕਣ।
ਪ੍ਰਦਰਸ਼ਨੀ ਅਤੇ ਵਿਸ਼ਾ ਆਧਾਰਿਤ ਸੰਵਾਦ
ਜੋ ਸਿੱਖਿਅਕ ਅਤੇ ਸੰਸਥਾਗਤ ਸਹਿਯੋਗ ਨੂੰ ਵਧਾਵਾ ਦਿੰਦੇ ਹਨ।
ਕਾਰਜਸ਼ਾਲਾਵਾਂ ਅਤੇ ਸਾਂਸਕ੍ਰਿਤਿਕ ਪ੍ਰਸਤੁਤੀਆਂ
ਜੋ ਯੁਵਾਵਾਂ ਨੂੰ ਅਨੁਭਵਾਤਮਕ ਸਿੱਖਣ ਤੋਂ ਜੋੜਦੀ ਹੈ।
ਕ੍ਰੇਤਾ-ਕਲਾਕਾਰ ਸੰਵਾਦ ਮੰਚ
ਜੋ ਦੀਰਘਕਾਲਿਕ ਬਾਜ਼ਾਰ ਸੰਬੰਧਾਂ ਅਤੇ ਸਥਾਈ ਆਜੀਵਿਕਾ ਨੂੰ ਪ੍ਰੋਤਸਾਹਿਤ ਕਰਦੇ ਹਨ।
ਇਨ੍ਹਾਂ ਪਹਿਲਾਂ ਦੇ ਮਾਧਿਅਮ ਤੋਂ ਇਹ ਉਤਸਵ ਸਾਂਸਕ੍ਰਿਤਿਕ ਜਾਗਰੂਕਤਾ ਦੇ ਸੰਵਰਧਨ, ਆਰਥਿਕ ਸਸ਼ਕਤੀਕਰਣ ਦੇ ਪ੍ਰੋਤਸਾਹਨ ਅਤੇ ਜਨਜਾਤੀਯ ਕਲਾ ਨੂੰ ਰਾਸ਼ਟਰੀ ਮੁੱਖਧਾਰਾ ’ਚ ਸੰਸਥਾਗਤ ਰੂਪ ਤੋਂ ਸਥਾਪਿਤ ਕਰਨ ਦੀ ਦਿਸ਼ਾ ’ਚ ਮਹੱਤਵਪੂਰਣ ਯੋਗਦਾਨ ਪ੍ਰਦਾਨ ਕਰਦਾ ਹੈ।



“ਸਾਡੀ ਸਰਕਾਰ ਜਨਜਾਤੀਯ ਵਿਰਾਸਤ ਦੇ ਸੰਰਕਸ਼ਣ ਦੇ ਲਈ ਪ੍ਰਤੀਬੱਧ ਹੈ। ਜਨਜਾਤੀਯ ਕਲਾ ਰੂਪ, ਭਾਸ਼ਾਵਾਂ ਅਤੇ ਪਰੰਪਰਾਵਾਂ ਕੇਵਲ ਅਤੀਤ ਦਾ ਹਿਸਾ ਨਹੀਂ ਹਨ, ਬਲਕਿ ਸਾਡੇ ਵਰਤਮਾਨ ਅਤੇ ਭਵਿੱਖ ਦੀ ਜੀਵਿਤ ਧਰੋਹਰ ਹਨ।
ਨਰੇਂਦਰ ਮੋਦੀ
ਮਾਣਯੋਗ ਪ੍ਰਧਾਨਮੰਤਰੀ

30+ Art Forms | 70+ Artists | 1000+ Artworks

ਭਾਰਤ ਦੀ ਜਨਜਾਤੀਯ ਕਲਾ ਅਤੇ ਸਾਂਸਕ੍ਰਿਤਿਕ ਵਿਰਾਸਤ ਦਾ ਰਾਸ਼ਟਰੀ ਉਤਸਵ
ਭਾਰਤ ਸਰਕਾਰ ਦੇ ਜਨਜਾਤੀਯ ਕਾਰਜ ਮੰਤਰਾਲਾ ਵਲੋਂ ਦੇਸ਼ ਦੀ ਸਮ੍ਰਿੱਧ ਜਨਜਾਤੀਯ ਕਲਾ ਪਰੰਪਰਾਵਾਂ ਅਤੇ ਸਾਂਸਕ੍ਰਿਤਿਕ ਵਿਰਾਸਤ ਨੂੰ ਰਾਸ਼ਟਰੀ ਮੰਚ ਪ੍ਰਦਾਨ ਕਰਨ ਦੇ ਉਦੇਸ਼ ਤੋਂ ਜਨਜਾਤੀਯ ਕਲਾ ਮਹੋਤਸਵ (ਟ੍ਰਾਈਬਸ ਆਰਟ ਫੇਸਟ) 2026 ਦਾ ਆਯੋਜਨ ਕੀਤਾ ਜਾ ਰਿਹਾ ਹੈ।
ਇਹ ਰਾਸ਼ਟਰੀ ਪਹਿਲ ਆਮ ਨਾਗਰਿਕਾਂ ਨੂੰ ਜਨਜਾਤੀਯ ਵਿਰਾਸਤ ਤੋਂ ਜੋੜਦੀ ਹੈ ਅਤੇ ਦੇਸ਼ਭਰ ਦੇ ਜਨਜਾਤੀਯ ਕਲਾਕਾਰਾਂ ਦੇ ਲਈ ਸਤਤ ਅਤੇ ਸਨਮਾਨਜਨਕ ਆਜੀਵਿਕਾ ਦੇ ਅਵਸਰਾਂ ਨੂੰ ਮਜਬੂਤ ਕਰਦੀ ਹੈ।
In Collaboration with
राष्ट्रीय आधुनिक कला संग्रहालय NATIONAL GALLERY OF MODERN ART
FICCI 100 YEARS OF BUILDING TOMORROW
CBC/43101/13/0029/2526

# ਸਾਲ ਪਹਿਲਾਂ ਵਿਆਹੀ ਕੁੜੀ ਦੀ ਸ਼ੱਕੀ ਹਾਲਾਤ 'ਚ ਮੌਤ ! ਮਾਪਿਆਂ ਨੇ ਸਹੁਰੇ ਪਰਿਵਾਰ 'ਤੇ ਲਾਏ ਕਤਲ ਦੇ ਦੋਸ਼

**ਕੌਮੀ ਪਤ੍ਰਿਕਾ**

ਮਾਹਿਲਪੁਰ 1 ਮਾਰਚ। ਥਾਣਾ ਮਾਹਿਲਪੁਰ ਅਧੀਨ ਪੈਂਦੇ ਪਿੰਡ ਕੁੱਕੜਾਂ 'ਚ ਰਹਿੰਦੇ ਪ੍ਰਵਾਸੀ ਮਜ਼ਦੂਰ ਇਕ ਵਿਆਹੁਤਾ ਦੀ ਮੌਤ ਹੋ ਜਾਣ 'ਤੇ ਲੜਕੀ ਦੇ ਪਰਿਵਾਰ ਵਾਲਿਆਂ ਨੇ ਜਵਾਈ ਅਤੇ ਉਸ ਦੇ ਪਰਿਵਾਰ 'ਤੇ ਕਤਲ ਦੇ ਦੋਸ਼ ਲਾਏ ਹਨ। ਕੁੜੀ ਦੇ ਮਾਮੇ ਦੇ ਮੁੰਡੇ ਵੱਲੋਂ ਮੌਕੇ 'ਤੇ ਪਹੁੰਚ ਕੇ ਮਨ੍ਹਾ ਕਰਨ ਦੇ ਬਾਵਜੂਦ ਜਲਦਬਾਜ਼ੀ 'ਚ ਸਵੇਰੇ ਕਰੀਬ 8.30 ਵਜੇ ਹੀ ਅੰਤਿਮ ਸੰਸਕਾਰ ਕਰ ਦਿੱਤਾ। ਕੁੜੀ ਦੇ ਪਰਿਵਾਰ ਵਾਲਿਆਂ ਨੇ ਪਿੰਡ ਦੇ ਸਰਪੰਚ ਸਮੇਤ ਮੁਹਤਬਰ ਵਿਅਕਤੀਆਂ ਨਾਲ ਯੂ. ਪੀ. ਤੋਂ ਪਹੁੰਚ ਕੇ ਪੁਲਸ ਕੋਲ ਇਨਸਾਫ਼ ਦੀ ਗੁਹਾਰ ਲਾਈ ਹੈ। ਮ੍ਰਿਤਕ ਦੇ ਪਿਤਾ ਦਾਨਵੀਰ ਵਾਸੀ ਪਿੰਡ ਪੱਟੀ ਬਾਲੂ ਸ਼ੰਕਰ ਥਾਣਾ ਘਨਾਰੀ ਜ਼ਿਲ੍ਹਾ ਸੰਭਲ (ਯੂ. ਪੀ.), ਮਾਤਾ ਰਾਜਵਤੀ ਭਰਾ ਮੋਰਧਜ, ਜੈ ਕਿਸ਼ਨ, ਨੇ ਆਪਣੇ ਪਿੰਡ ਦੇ ਸਰਪੰਚ ਰਾਜਿੰਦਰ ਸਿੰਘ ਅਤੇ ਹੋਰਾਂ ਦੀ ਮੌਜੂਦਗੀ 'ਚ ਥਾਣਾ ਮਾਹਿਲਪੁਰ ਵਿਖੇ ਦੱਸਿਆ ਕਿ ਉਨ੍ਹਾਂ ਦੀ ਬੇਟੀ ਰਾਜ ਕੁਮਾਰੀ ਦਾ ਵਿਆਹ 16 ਫਰਵਰੀ 2024 ਨੂੰ ਹੋਇਆ ਸੀ। ਵਿਆਹ ਤੋਂ ਬਾਅਦ ਉਨ੍ਹਾਂ ਦਾ ਜਵਾਈ ਰਾਜ ਕੁਮਾਰੀ ਨੂੰ ਆਪਣੇ ਨਾਲ ਪਿੰਡ ਕੁੱਕੜਾ ਥਾਣਾ ਮਾਹਿਲਪੁਰ ਲੈ ਆਇਆ। ਉਨ੍ਹਾਂ ਦੱਸਿਆ ਕਿ ਕਰੀਬ ਛੇ ਮਹੀਨੇ ਪਹਿਲਾਂ ਰਾਜ ਕੁਮਾਰੀ ਨੇ ਕੁੜੀ ਨੂੰ ਜਨਮ ਦਿੱਤਾ। ਧੀ ਪੈਦਾ ਹੋਣ ਕਰਕੇ ਸੰਨੀ ਆਪਣੀ ਪਤਨੀ ਰਾਜਕੁਮਾਰੀ ਨਾਲ ਝਗੜਾ ਕਰਨ ਲੱਗ ਪਿਆ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਯੂ. ਪੀ. ਤੋਂ ਆ ਕੇ ਕਈ ਵਾਰ ਉਸ ਨੂੰ ਸਮਝਾਇਆ ਪਰ ਉਸ ਦੇ ਵਤੀਰੇ 'ਚ ਕੋਈ ਫਰਕ ਨਹੀਂ ਪਿਆ। ਉਨ੍ਹਾਂ ਦੱਸਿਆ ਕਿ 18 ਫਰਵਰੀ 2026 ਸ਼ਾਮ 7 ਵਜੇ ਦੇ ਕਰੀਬ ਸੰਨੀ ਨੇ ਉਨ੍ਹਾਂ ਨੂੰ ਫੋਨ 'ਤੇ ਦੱਸਿਆ ਕਿ ਰਾਜਕੁਮਾਰੀ ਦੀ ਸਿਹਤ ਖਰਾਬ ਹੈ ਅਤੇ ਦੂਜੇ ਦਿਨ 19 ਫਰਵਰੀ ਨੂੰ ਸਵੇਰ 6 ਵਜੇ ਸੰਨੀ ਨੇ ਫਿਰ ਫੋਨ ਕਰਕੇ ਦੱਸਿਆ ਕਿ ਰਾਜਕੁਮਾਰੀ ਦੀ ਮੌਤ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਸੂਚਨਾ ਊਨਾ (ਹਿਮਾਚਲ ਪ੍ਰਦੇਸ਼) ਰਹਿੰਦੇ ਰਾਜਕੁਮਾਰੀ ਦੇ ਮਾਮੇ ਦੇ ਲੜਕੇ ਹਰੀਸ਼ ਕੁਮਾਰ ਨੂੰ ਦਿੱਤੀ। ਹਰੀਸ਼ ਕੁਮਾਰ ਨੇ ਕੁੱਕੜਾਂ ਪਿੰਡ ਪਹੁੰਚ ਕੇ ਵੇਖਿਆ ਕਿ ਰਾਜ ਕੁਮਾਰੀ ਦੀ ਮੌਤ ਹੋ ਚੁੱਕੀ ਸੀ ਅਤੇ ਉਸ



ਦੀ ਗਰਦਨ 'ਤੇ ਨਿਸ਼ਾਨ ਸਨ। ਉਨ੍ਹਾਂ ਦੱਸਿਆ ਕਿ ਹਰੀਸ਼ ਵੱਲੋਂ ਗਲੇ 'ਤੇ ਪਏ ਨਿਸ਼ਾਨਾਂ ਬਾਰੇ ਪੁੱਛਣ 'ਤੇ ਸੰਨੀ ਆਪਣੇ ਪਰਿਵਾਰ ਸਮੇਤ ਸਵੇਰੇ ਰਾਜ ਕੁਮਾਰੀ ਦੀ ਲਾਸ਼ ਨੂੰ ਸ਼ਮਸ਼ਾਨ ਘਾਟ ਲੈ ਕੇ ਚੱਲ ਪਏ। ਹਰੀਸ਼ ਨੇ ਇਸ ਬਾਰੇ ਡਾਇਲ 112 'ਤੇ ਸੂਚਨਾ ਦਿੱਤੀ, ਜਿਨ੍ਹਾਂ ਨੇ ਥਾਣਾ ਮਾਹਿਲਪੁਰ ਸ਼ਿਕਾਇਤ ਦਰਜ ਕਰਵਾਉਣ ਲਈ ਕਿਹਾ। ਉਨ੍ਹਾਂ ਦੱਸਿਆ ਕਿ ਹਰੀਸ਼ ਦੇ ਸਸਕਾਰ ਤੋਂ ਮਨ੍ਹਾ ਕਰਨ ਦੇ ਬਾਵਜੂਦ ਵੀ ਰਾਜ ਕੁਮਾਰੀ ਦੇ ਸਹੁਰੇ ਵਾਲਿਆਂ ਨੇ ਉਸ ਦਾ ਸਸਕਾਰ ਕਰ ਦਿੱਤਾ। ਇਸ ਬਾਰੇ ਮ੍ਰਿਤਕ ਰਾਜ ਕੁਮਾਰੀ ਪਤੀ ਸੰਨੀ ਨੇ ਆਪਣੇ ਉਪਰ ਲਾਏ ਦੋਸ਼ਾਂ ਨੂੰ ਨਕਾਰਦੇ ਹੋਏ ਥਾਣਾ ਮਾਹਿਲਪੁਰ 'ਚ ਦੱਸਿਆ ਕਿ ਰਾਜ ਕੁਮਾਰੀ ਕੁਝ ਦਿਨਾਂ ਤੋਂ ਪੀਲੀਏ ਦੀ ਸ਼ਿਕਾਇਤ ਕਾਰਨ ਬੀਮਾਰ ਸੀ, ਜਿਸ ਨੂੰ ਗੜ੍ਹਸ਼ੰਕਰ ਦੇ ਇਕ ਨਿੱਜੀ ਹਸਪਤਾਲ 'ਚ ਭਰਤੀ ਵੀ ਕਰਾਇਆ ਸੀ ਅਤੇ ਉਸ ਦਾ ਇਲਾਜ ਚੱਲ ਰਿਹਾ ਸੀ। 19 ਫਰਵਰੀ ਨੂੰ ਸਵੇਰੇ ਛੇ ਵਜੇ ਉਸ ਦੀ ਮੌਤ ਹੋ ਗਈ। ਉਸ ਨੇ ਦੱਸਿਆ ਕਿ ਮੌਤ ਦੀ ਸੂਚਨਾ ਦੇਣ 'ਤੇ ਉਸ ਦੇ ਸੋਹਰੇ ਦਾਨਵੀਰ ਨੇ ਯੂ. ਪੀ. ਤੋਂ ਪੰਜਾਬ ਆਉਣ ਲਈ ਜਵਾਬ ਦੇ ਦਿੱਤਾ ਤਾਂ ਉਨ੍ਹਾਂ ਨੇ ਉਸ ਦਾ ਅੰਤਿਮ ਸੰਸਕਾਰ ਕਰ ਦਿੱਤਾ।

## ਵੱਡੀ ਕਾਮਯਾਬੀ ! ਮਹਿਲਾ ਮਜ਼ਦੂਰ 'ਤੇ ਤੇਜ਼ਾਬ ਸੁੱਟਣ ਵਾਲਾ ਬਾਈਕ ਸਵਾਰ ਚੰਡੀਗੜ੍ਹ ਤੋਂ ਕਾਬੂ

**ਕੌਮੀ ਪਤ੍ਰਿਕਾ**

ਲੁਧਿਆਣਾ 1 ਮਾਰਚ। ਦੁੱਗਰੀ ਇਲਾਕੇ ਵਿਚ ਔਰਤ 'ਤੇ ਤੇਜ਼ਾਬ ਸੁੱਟਣ ਦੇ ਦੋਸ਼ ਵਿਚ ਥਾਣਾ ਦੁੱਗਰੀ ਦੀ ਪੁਲਸ ਨੇ ਮੁਲਜ਼ਮ ਨੂੰ ਕਾਬੂ ਕਰ ਲਿਆ ਹੈ। ਪੁਲਸ ਨੇ ਮੁਲਜ਼ਮ ਨੂੰ ਕਾਰਵਾਈ ਦੌਰਾਨ ਚੰਡੀਗੜ੍ਹ ਤੋਂ ਕਾਬੂ ਕੀਤਾ ਹੈ। ਮੁਲਜ਼ਮ ਦੀ ਪਛਾਣ ਚੰਡੀਗੜ੍ਹ ਦੇ ਬਲਟਾਨਾ ਦੇ ਰਹਿਣ ਵਾਲੇ ਪਾਨ ਸਿੰਘ ਵਜੋਂ ਕੀਤੀ ਹੈ। ਮੁਲਜ਼ਮ ਖਿਲਾਫ ਪੀੜਤ ਔਰਤ ਦੇ ਬਿਆਨ 'ਤੇ ਕੇਸ ਦਰਜ ਕੀਤਾ ਗਿਆ ਹੈ। ਪੁਲਸ ਨੇ ਕਾਰਵਾਈ ਦੌਰਾਨ ਮੁਲਜ਼ਮ ਨੂੰ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ 'ਤੇ ਲੈ ਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਗੌਰ ਹੋਵੇ ਕਿ ਜਦੋਂ ਦੁੱਗਰੀ ਇਲਾਕੇ ਵਿਚ 35 ਸਾਲ ਦੀ ਔਰਤ ਟ?ਰੈਫਿਕ ਲਾਈਟ ਦੇ ਕੋਲੋਂ ਜਾ ਰਹੀ ਸੀ ਤਾਂ ਹੈਲਮਟ ਪਹਿਨੇ ਮੋਟਰਸਾਈਕਲ ਸਵਾਰ ਨੌਜਵਾਨ ਨੇ ਔਰਤ 'ਤੇ ਤੇਜ਼ਾਬ ਸੁੱਟ ਦਿੱਤਾ ਸੀ ਜਿਸ ਕਾਰਨ ਔਰਤ ਦਾ ਚਿਹਰਾ ਤੇ ਅੱਖਾਂ ਬੁਰੀ ਤਰ੍ਹਾਂ ਝੁਲਸ ਗਈਆਂ ਸਨ। ਜਾਂਚ ਅਧਿਕਾਰੀ ਨੇ ਦੱਸਿਆ ਕਿ ਮੁਲਜ਼ਮ ਨੂੰ ਔਰਤ ਤੋਂ ਕੀਤੀ ਪੁੱਛਗਿੱਛ ਤੋਂ ਬਾਅਦ ਕਾਬੂ ਕੀਤਾ ਗਿਆ। ਜਾਂਚ ਦੌਰਾਨ ਪਤਾ ਲੱਗਾ ਕਿ ਉਕਤ ਮੁਲਜ਼ਮ ਚੰਡੀਗੜ੍ਹ ਦੇ ਕੋਲ ਇਕ ਇੱਟਾਂ ਦੇ ਭੱਠੇ 'ਤੇ ਠੇਕੇਦਾਰੀ ਦਾ ਕੰਮ ਕਰਦਾ ਸੀ ਤੇ ਪੀੜਤ ਔਰਤ ਉਸ ਦੇ ਕੋਲ ਕੰਮ ਕਰਦੀ ਸੀ। ਕਿਸੇ ਅਣਬਣ ਕਾਰਨ ਉਹ ਉਥੋਂ ਕੰਮ ਛੱਡ ਕੇ ਆਪਣੀ ਭੈਣ ਦੇ ਕੋਲ ਲੁਧਿਆਣਾ ਆ ਗਈ ਅਤੇ ਉਸ ਦੇ ਨਾਲ ਮਜ਼ਦੂਰੀ ਦਾ ਕੰਮ ਕਰਨ ਲੱਗੀ। ਇਸੇ ਗੱਲ ਕਾਰਨ ਮੁਲਜ਼ਮ ਗੁੱਸੇ ਵਿਚ ਸੀ। ਸੋਮਵਾਰ ਨੂੰ ਉਹ ਕੰਮ ਤੋਂ ਵਾਪਸ ਜਾ ਰਹੀ ਸੀ ਤਾਂ ਉਕਤ ਮੁਲਜ਼ਮ




ਨੇ ਪਹਿਲਾਂ ਉਸ ਨੂੰ ਆਪਣੇ ਕੋਲ ਬੁਲਾਇਆ ਤੇ ਫਿਰ ਉਸ 'ਤੇ ਤੇਜ਼ਾਬ ਸੁੱਟ ਦਿੱਤਾ। ਹਾਲਾਂਕਿ ਮੁਲਜ਼ਮ ਨੇ ਪਛਾਣ ਲੁਕਾਉਣ ਲਈ ਹੈਲਮਟ ਪਹਿਨਿਆ ਹੋਇਆ ਸੀ ਪਰ ਫਿਰ ਵੀ ਉਸ ਨੇ ਮੁਲਜ਼ਮ ਨੂੰ ਪਛਾਣ ਲਿਆ ਸੀ। ਜਾਂਚ ਦੌਰਾਨ ਪੁਲਸ ਨੇ ਮੌਕੇ ਤੋਂ ਸੀ.ਸੀ.ਟੀ.ਵੀ. ਕੈਮਰੇ ਦੀ ਫੁਟੇਜ ਵੀ ਬਰਾਮਦ ਕੀਤੀ ਸੀ। ਮਾਮਲੇ ਸਬੰਧੀ ਪੁਲਸ ਕਾਰਵਾਈ ਕਰ ਰਹੀ ਹੈ।

## ਸ਼ੇਅਰ ਮਾਰਕੀਟ ਦੇ ਨਾਂ 'ਤੇ ਕਰੋੜਾਂ ਡਕਾਰਨ ਵਾਲਾ ਠੱਗ ਹਰਿਆਣਾ ਤੋਂ ਗ੍ਰਿਫਤਾਰ

ਲੁਧਿਆਣਾ 1 ਮਾਰਚ। ਪੁਲਸ ਨੇ ਸ਼ੇਅਰ ਬਾਜ਼ਾਰ ਵਿਚ ਨਿਵੇਸ਼ ਦੇ ਨਾਮ 'ਤੇ ਮਾਸੂਮ ਲੋਕਾਂ ਦੀ ਖ਼ੂਨ ਪਸੀਨੇ ਦੀ ਕਮਾਈ ਲੁੱਟਣ ਵਾਲੇ ਇਕ ਵੱਡੇ ਗਿਰੋਹ ਦਾ ਪਰਦਾ ਫਾਸ਼ ਕੀਤਾ ਹੈ। ਸਾਈਬਰ ਕ੍ਰਾਇਮ ਸੈੱਲ ਦੀ ਟੀਮ ਨੇ ਹਰਿਆਣਾ ਦੇ ਰੇਵਾੜੀ ਵਿਚ ਛਾਪੇਮਾਰੀ ਕਰਕੇ ਸ਼ਾਤਰ ਮੁਲਜ਼ਮ ਵਿਕਰਮ ਯਾਦਵ ਨੂੰ ਗ੍ਰਿਫਤਾਰ ਕਰਨ ਵਿਚ ਵੱਡੀ ਸਫਲਤਾ ਹਾਸਲ ਕੀਤੀ ਹੈ। ਇਸ ਗਿਰੋਹ ਨੇ ਇਕ ਵਿਅਕਤੀ ਨੂੰ ਨਿਵੇਸ਼ ਦੇ ਜਾਲ ਵਿਚ ਫਸਾ ਕੇ ਉਸ ਤੋਂ ਭਾਰੀ ਰਕਮ ਠੱਗ ਲਈ ਸੀ। ਜਾਣਕਾਰੀ ਦਿੰਦੇ ਏ.ਸੀ.ਪੀ. ਮੁਰਾਕ




ਜਸਵੀਰ ਸਿੰਘ ਗਿੱਲ ਨੇ ਦੱਸਿਆ ਕਿ ਮੁਲਜ਼ਮ ਵਿਕਰਮ ਯਾਦਵ ਦੇ ਬੈਂਕ ਖਾਤੇ ਵਿਚ ਠੱਗੀ ਦੀ ਕੁਲ ਰਕਮ ਵਿਚੋਂ 60 ਲੱਖ ਰੁਪਏ ਟ?ਰਾਂਸਫਰ ਹੋਏ ਸਨ। ਇਸ ਤੋਂ ਬਾਅਦ ਇੰਸਪੈਕਟਰ ਸਤਬੀਰ ਸਿੰਘ ਦੀ ਅਗਵਾਈ ਵਿਚ ਪੁਲਸ ਟੀਮ ਨੇ ਮੁਲਜ਼ਮ ਨੂੰ ਉਸ ਦੇ ਟਿਕਾਣੇ ਤੋਂ ਕਾਬੂ ਕੀਤਾ ਤੇ 17 ਫਰਵਰੀ ਤੱਕ ਪੁਲਸ ਰਿਮਾਂਡ ਹਾਸਲ ਕਰਕੇ ਉਸ ਤੋਂ ਸਖਤੀ ਨਾਲ ਪੁੱਛਗਿਛ ਕੀਤੀ ਗਈ। ਪੁਲਸ ਜਾਂਚ ਵਿਚ ਇਹ ਸਾਹਮਣੇ ਆਇਆ ਕਿ ਮੁਲਜ਼ਮ ਆਪਣੇ ਹੋਰਨਾਂ ਸਾਥੀਆਂ ਦੇ ਨਾਲ ਮਿਲ ਕੇ ਲੋਕਾਂ ਨੂੰ ਝਾਂਸੇ ਵਿਚ ਲੈਂਦਾ ਸੀ ਅਤੇ ਉਨ੍ਹਾਂ ਨੂੰ ਰਾਤੋ ਰਾਤ ਅਮੀਰ ਬਣਨ ਦੇ ਸੁਪਨੇ ਦਿਖਾ ਕੇ ਉਨ੍ਹਾਂ ਦੇ ਬੈਂਕ ਖਾਤੇ ਖਾਲੀ ਕਰ ਦਿੰਦਾ ਸੀ। ਹਾਲ ਦੀ ਘੜੀ ਪੁਲਸ ਇਸ ਗਿਰੋਹ ਦੇ ਬਾਕੀ ਮੈਂਬਰਾਂ ਦੀ ਸਰਗਰਮੀ ਨਾਲ ਭਾਲ ਕਰ ਰਹੀ ਹੈ ਤੇ ਡਿਜੀਟਲ ਸਬੂਤ ਚੈੱਕ ਕੀਤੇ ਜਾ ਰਹੇ ਹਨ ਤਾਂ ਕਿ ਇਸ ਨੈੱਟਵਰਕ ਦੀਆਂ ਜੜ੍ਹਾਂ ਤੱਕ ਪੁੱਜਿਆ ਜਾ ਸਕੇ। ਪੁਲਸ ਧਿਕਾਰੀਆਂ ਨੇ ਸ਼ਹਿਰਵਾਸੀਆਂ ਨੂੰ ਆਗਾਹ ਕੀਤਾ ਹੈ ਕਿ ਉਹ ਸੋਸ਼ਲ ਮੀਡੀਆ ਜਾਂ ਫੋਨ 'ਤੇ ਆਉਣ ਵਾਲੇ ਕਿਸੇ ਵੀ ਲੁਭਾਉਣੇ ਆਫਰ ਜਾਂ ਸ਼ੱਕੀ ਨਿਵੇਸ਼ ਦੇ ਮੈਸੇਜ ਤੋਂ ਸਾਵਧਾਨ ਰਹਿਣ। ਜੇਕਰ ਕੋਈ ਵੀ ਵਿਅਕਤੀ ਇਸ ਧੋਖਾਦੇਹੀ ਦਾ ਸ਼ਿਕਾਰ ਹੁੰਦਾ ਹੈ ਤਾਂ ਉਹ ਤੁਰੰਤ ਸਾਈਬਰ ਹੈਲਪਲਾਈਨ ਨੰਬਰ 1930 'ਤੇ ਸੰਪਰਕ ਕਰੇ ਤਾਂ ਕਿ ਸਮਾਂ ਰਹਿੰਦੇ ਠੱਗਾਂ 'ਤੇ ਸ਼ਿਕੰਜਾ ਕੱਸਿਆ ਜਾ ਸਕੇ।

## ਨੌਜਵਾਨ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ! ਬਚਾਉਣ ਗਏ ਚਾਚੇ ਦੀ ਵੀ ਕੀਤੀ ਕੁੱਟਮਾਰ

ਲੁਧਿਆਣਾ 1 ਮਾਰਚ। ਪ੍ਰਤਾਪ ਚੌਕ ਇਲਾਕੇ ਵਿਚ ਉਸ ਸਮੇਂ ਹਫੜਾ-ਦਫੜੀ ਮੱਚ ਗਈ, ਜਦੋਂ ਪੁਰਾਣੀ ਰੰਜਿਸ਼ ਦੇ ਚੱਲਦਿਆਂ ਕਰੀਬ ਇਕ ਦਰਜਨ ਹਮਲਾਵਰਾਂ ਨੇ ਇਕ 16 ਸਾਲਾ ਮੁੰਡੇ ਅਤੇ ਉਸ ਨੂੰ ਬਚਾਉਣ ਆਏ ਉਸ ਦੇ ਚਾਚੇ 'ਤੇ ਲੋਹੇ ਦੀਆਂ ਰਾਡਾਂ ਅਤੇ ਤੇਜ਼ਧਾਰ ਹਥਿਆਰਾਂ ਨਾਲ ਜਾਨਲੇਵਾ ਹਮਲਾ ਕਰ ਦਿੱਤਾ। ਇਸ ਖ਼ੂਨੀ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਆਪਣੀ ਸਕਾਰਪੀਓ ਅਤੇ ਇਕ ਹੋਰ ਗੱਡੀ ਵਿਚ ਸਵਾਰ ਹੋ ਕੇ ਹਥਿਆਰਾਂ ਸਮੇਤ ਮੌਕੇ ਤੋਂ ਫ਼ਰਾਰ ਹੋ ਗਏ। ਇਸ ਮਾਮਲੇ ਵਿਚ ਥਾਣਾ ਡਵੀਜ਼ਨ ਨੰਬਰ 6 ਦੀ ਪੁਲਸ ਨੇ ਮੁਲਜ਼ਮ ਪੰਕਜ ਯੁੱਧਵੰਸ਼ੀ, ਕੁਸ਼ਲ ਵਰਮਾ, ਸਾਹਿਬ ਸਿੰਘ ਅਤੇ ਉਨ੍ਹਾਂ ਦੇ ਅਣਪਛਾਤੇ ਸਾਥੀਆਂ 'ਤੇ ਕੇਸ ਦਰਜ ਕਰ ਲਿਆ ਹੈ। ਵਾਰਦਾਤ ਦੀ ਜਾਣਕਾਰੀ ਦਿੰਦੇ ਹੋਏ ਪੀੜਤ ਪੱਖ ਵਿਕਰਮਜੀਤ ਵਰਮਾ ਨੇ ਦੱਸਿਆ ਕਿ ਉਸ ਦੇ 16 ਸਾਲਾ ਬੇਟੇ ਸ਼ੌਰਿਆ ਵਰਮਾ ਨੇ ਆਪਣੇ ਚਾਚੇ ਵਿਕਾਸ ਵਰਮਾ ਨੂੰ ਫ਼ੋਨ ਕਰਕੇ ਜਾਨ ਬਚਾਉਣ ਦੀ ਗੁਹਾਰ ਲਗਾਈ ਸੀ। ਸ਼ੌਰਿਆ ਨੇ ਲੁਕ ਕੇ ਫ਼ੋਨ ਕਰਦਿਆਂ ਦੱਸਿਆ ਸੀ ਕਿ ਪ੍ਰਤਾਪ ਚੌਕ ਨੇੜੇ ਕੁਝ ਲੋਕ ਉਸ ਨੂੰ ਘੇਰ ਕੇ ਬੁਰੀ ਤਰ੍ਹਾਂ ਕੁੱਟ ਰਹੇ ਹਨ। ਸੂਚਨਾ ਮਿਲਦੇ ਹੀ ਸ਼ੌਰਿਆ ਦੇ ਪਿਤਾ, ਉਨ੍ਹਾਂ ਦੀ ਪਤਨੀ ਪੂਜਾ ਵਰਮਾ, ਭਰਾ ਵਿਕਾਸ ਅਤੇ ਭਾਬੀ ਜਯੋਤੀ ਵਰਮਾ ਤੁਰੰਤ ਮੌਕੇ 'ਤੇ ਪਹੁੰਚ ਗਏ। ਉੱਥੇ ਕਰੀਬ 10-12 ਅਣਪਛਾਤੇ ਨੌਜਵਾਨ ਸ਼ੌਰਿਆ ਨੂੰ ਸੜਕ 'ਤੇ ਪਟਕ ਕੇ ਬੇਰਹਿਮੀ ਨਾਲ ਕੁੱਟ ਰਹੇ ਸਨ। ਜਦੋਂ ਵਿਕਾਸ ਵਰਮਾ ਆਪਣੇ ਭਤੀਜੇ ਨੂੰ ਬਚਾਉਣ ਲਈ ਅੱਗੇ ਵਧਿਆ, ਤਾਂ ਹਮਲਾਵਰਾਂ ਨੇ ਉਸ 'ਤੇ ਵੀ ਹਮਲਾ ਕਰ ਦਿੱਤਾ। ਪਰਿਵਾਰਕ ਮੈਂਬਰਾਂ ਨੇ ਹੱਥ ਜੋੜ ਕੇ ਮਿੰਨਤਾਂ ਕੀਤੀਆਂ ਅਤੇ ਰਹਿਮ ਦੀ ਭੀਖ ਮੰਗੀ, ਪਰ ਹਮਲਾਵਰਾਂ ਦਾ ਦਿਲ ਨਹੀਂ ਪਸੀਜਿਆ। ਹਮਲਾਵਰਾਂ ਨੇ ਪੁਰਾਣੀ ਰੰਜਿਸ਼ ਦਾ ਬਦਲਾ ਲੈਣ ਲਈ ਲੋਹੇ ਦੀਆਂ ਰਾਡਾਂ ਅਤੇ ਘਾਤਕ ਹਥਿਆਰਾਂ ਨਾਲ ਦੋਵਾਂ ਨੂੰ ਲਹੂ-ਲੁਹਾਨ ਕਰ ਦਿੱਤਾ।

# 13 ਦਿਨਾਂ ਤੋਂ ਲਾਪਤਾ ਨੌਜਵਾਨ ਦੀ ਸਰਹਿੰਦ ਨਹਿਰ ਕਿਨਾਰੇ ਜੰਗਲੀ ਖੇਤਰ 'ਚੋਂ ਮਿਲੀ ਲਾਸ਼

**ਕੌਮੀ ਪਤ੍ਰਿਕਾ**

ਮਾਛੀਵਾੜਾ ਸਾਹਿਬ 1 ਮਾਰਚ। ਸਮਰਾਲਾ ਦਾ ਨਿਵਾਸੀ ਨੌਜਵਾਨ ਕਰਨਵੀਰ ਸਿੰਘ ਜੋ ਕਿ 13 ਦਿਨਾਂ ਤੋਂ ਲਾਪਤਾ ਸੀ ਦੀ ਲਾਸ਼ ਮਾਛੀਵਾੜਾ ਨੇੜੇ ਸਰਹਿੰਦ ਨਹਿਰ ਜੰਗਲੀ ਖੇਤਰ ਵਿਚੋਂ ਮਿਲੀ ਹੈ। ਨੌਜਵਾਨ ਦੀ ਮਾਤਾ ਅੰਮ੍ਰਿਤਪਾਲ ਕੌਰ ਵਲੋਂ ਪੁਲਸ ਕੋਲ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਵਾਈ ਸੀ ਕਿ ਉਸਦਾ ਪੁੱਤਰ ਕਰਨਵੀਰ ਸਿੰਘ ਲੰਘੀ 5 ਫਰਵਰੀ ਤੋਂ ਲਾਪਤਾ ਹੈ। ਰਿਪੋਰਟ ਦਰਜ ਕਰਨ ਤੋਂ ਬਾਅਦ ਪੁਲਸ ਤੇ ਪਰਿਵਾਰਕ ਮੈਂਬਰਾਂ ਵਲੋਂ ਲਾਪਤਾ ਨੌਜਵਾਨ ਦੀ ਭਾਲ ਕੀਤੀ ਜਾ ਰਹੀ ਸੀ। ਮੋਬਾਇਲ ਦੀਆਂ ਲੋਕੇਸ਼ਨਾਂ ਅਤੇ ਸੀਸੀਟੀਵੀ ਫੁਟੇਜ ਤੋਂ ਪਤਾ ਲੱਗਾ ਕਿ ਇਹ ਨੌਜਵਾਨ ਆਪਣੇ ਦੋਸਤਾਂ ਨਾਲ ਖਮਾਣੋ ਗਿਆ ਸੀ ਜਿਸ ਤੋਂ ਬਾਅਦ ਲਾਪਤਾ ਹੋ ਗਿਆ। ਪਰਿਵਾਰਕ ਮੈਂਬਰਾਂ ਅਨੁਸਾਰ ਨਸ਼ਾ ਕਰਨ ਦਾ ਆਦੀ ਸੀ ਜੋ 1 ਸਾਲ ਨਸ਼ਾ ਛੁਡਾਓ ਕੇਂਦਰ ਵਿਚ ਵੀ ਦਾਖਲ ਰਿਹਾ ਜੋ ਕੁਝ ਦਿਨ ਪਹਿਲਾਂ ਹੀ ਬਾਹਰ ਆਇਆ ਸੀ। ਪਰਿਵਾਰ ਤੇ ਪੁਲਸ ਵਲੋਂ ਜਦੋਂ ਉਸਦੇ ਸਾਥੀਆਂ ਤੋਂ ਪੁੱਛਗਿੱਛ ਕੀਤੀ ਗਈ ਤਾਂ ਇਕ ਨੇ ਜਾਣਕਾਰੀ ਦਿੱਤੀ ਕਿ ਉਸਦੀ ਮੌਤ ਹੋ ਗਈ ਜਿਸ ਕਾਰਨ ਉਸਦੀ ਲਾਸ਼ ਸਰਹਿੰਦ



ਨਹਿਰ ਕਿਨਾਰੇ ਜੰਗਲੀ ਖੇਤਰ ਵਿਚ ਸੁੱਟ ਦਿੱਤੀ ਹੈ। ਪਰਿਵਾਰਕ ਮੈਂਬਰ 2 ਦਿਨ ਤੋਂ ਲਾਸ਼ ਦੀ ਭਾਲ ਕਰ ਰਹੇ ਸਨ ਕਿ ਅੱਜ ਕਿਸੇ ਨੇ ਪੁਲਸ ਨੂੰ ਸੂਚਨਾ ਦਿੱਤੀ ਕਿ ਜੰਗਲੀ ਖੇਤਰ 'ਚੋਂ ਬਹੁਤ ਬਦਬੂ ਆ ਰਹੀ ਹੈ ਅਤੇ ਇਕ ਵਿਅਕਤੀ ਦੀ ਲਾਸ਼ ਪਈ ਹੈ। ਪੁਲਸ ਤੇ ਪਰਿਵਾਰਕ ਮੈਂਬਰ ਜਦੋਂ ਮੌਕੇ 'ਤੇ ਪਹੁੰਚੇ ਤਾਂ ਉਨ੍ਹਾਂ ਦੇਖਿਆ ਕਿ ਇਹ ਲਾਸ਼ ਕਰਨਵੀਰ ਸਿੰਘ ਦੀ ਸੀ ਜੋ ਕਿ ਬੁਰੀ ਤਰ੍ਹਾਂ ਖ਼ਰਾਬ ਹੋ ਚੁੱਕੀ ਸੀ। ਪੁਲਸ ਵਲੋਂ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟ ਮਾਰਟਮ ਲਈ ਭਿਜਵਾ ਦਿੱਤਾ ਗਿਆ। ਦੂਸਰੇ ਪਾਸੇ ਪਰਿਵਾਰਕ ਮੈਂਬਰਾਂ ਨੇ ਦੋਸ਼ ਲਗਾਏ ਕਿ ਨੌਜਵਾਨ ਕਰਨਵੀਰ ਸਿੰਘ ਨੂੰ ਕਤਲ ਕੀਤਾ ਗਿਆ ਹੈ ਜਾਂ ਉਸ ਨੂੰ ਨਸ਼ੇ ਦੀ ਓਵਰਡੋਜ ਦੇ ਕੇ ਮਾਰਿਆ ਗਿਆ ਹੈ। ਇਸ ਲਈ ਪੁਲਸ ਦੋਸ਼ੀਆਂ ਖਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ। ਥਾਣਾ ਮੁਖੀ ਸਮਰਾਲਾ ਹਰਵਿੰਦਰ ਸਿੰਘ ਨੇ ਦੱਸਿਆ ਕਿ ਪੋਸਟ ਮਾਰਟਮ ਰਿਪੋਰਟ ਤੋਂ ਬਾਅਦ ਹੀ ਪਤਾ ਲੱਗੇਗਾ ਕਿ ਕਤਲ ਦਾ ਅਸਲ ਕਾਰਣ ਕੀ ਹੈ ਅਤੇ ਜੋ ਵੀ ਦੋਸ਼ੀ ਹੋਣਗੇ ਉਨ੍ਹਾਂ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਬਠਿੰਡਾ ਦੇ ਮਾਲ ਰੋਡ 'ਤੇ ਪੁਲਸ ਤੇ ਲੁਟੇਰਿਆਂ ਵਿਚਾਲੇ ਮੁਕਾਬਲਾ, 5 ਕਾਬੂ

**ਕੌਮੀ ਪਤ੍ਰਿਕਾ**

ਬਠਿੰਡਾ 1 ਮਾਰਚ। ਬਠਿੰਡਾ ਦੇ ਮਾਲ ਰੋਡ 'ਤੇ ਅੱਜ ਤੜਕਸਾਰ ਕਰੀਬ 6 ਵਜੇ ਪੁਲਸ ਤੇ ਲੁਟੇਰਿਆਂ ਦੇ ਇਕ ਗਿਰੋਹ ਵਿਚਾਲੇ ਹੋਏ ਮੁਕਾਬਲੇ 'ਚ ਇਕ ਬਦਮਾਸ਼ ਗੋਲੀ ਲੱਗਣ ਨਾਲ ਜ਼ਖਮੀ ਹੋ ਗਿਆ, ਜਦ ਕਿ ਉਸ ਦੇ 4 ਹੋਰ ਸਾਥੀਆਂ ਨੂੰ ਪੁਲਸ ਨੇ ਮੌਕੇ 'ਤੇ ਹੀ ਗ੍ਰਿਫਤਾਰ ਕਰ ਲਿਆ। ਜ਼ਖਮੀ ਬਦਮਾਸ਼ ਨੂੰ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਇਹ ਮੁਲਜ਼ਮ ਰੇਲਵੇ ਰੋਡ ਇਲਾਕੇ 'ਚ ਰਾਹਗੀਰਾਂ ਤੋਂ ਹਥਿਆਰਾਂ ਦੀ ਨੋਕ 'ਤੇ ਲੁੱਟ-ਖੋਹ ਅਤੇ ਨਸ਼ਾ ਸਮੱਗਲਿੰਗ ਕਰਦੇ ਸਨ। ਐੱਸ. ਪੀ. ਸਿਟੀ ਨਰਿੰਦਰ ਸਿੰਘ ਨੇ ਦੱਸਿਆ ਕਿ ਰੇਲਵੇ ਰੋਡ 'ਤੇ ਲੁੱਟ ਅਤੇ ਨਸ਼ਾ ਸਮੱਗਲਿੰਗ ਦੀਆਂ ਲਗਾਤਾਰ ਮਿਲ ਰਹੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਥਾਣਾ ਕੋਤਵਾਲੀ ਦੇ ਇੰਸਪੈਕਟਰ ਪਰਵਿੰਦਰ ਸਿੰਘ ਦੀ ਅਗਵਾਈ ਹੇਠ ਪੁਲਸ ਪਾਰਟੀ ਫਾਇਰ ਬ੍ਰਿਗੇਡ ਚੌਕ ਨੇੜੇ ਗਸ਼ਤ 'ਤੇ ਸੀ। ਇਸ ਦੌਰਾਨ ਸੂਚਨਾ ਮਿਲੀ ਕਿ ਕੁਝ ਨੌਜਵਾਨ ਰੇਲਵੇ ਸਟੇਸ਼ਨ ਤੋਂ ਉਤਰਨ ਵਾਲੇ ਯਾਤਰੀਆਂ ਨੂੰ ਨਿਸ਼ਾਨਾ ਬਣਾਉਂਦੇ ਹਨ ਅਤੇ ਮੌਜੂਦਾ



ਸਮੇਂ ਮਾਲ ਰੋਡ 'ਤੇ ਸਥਿਤ ਪਰਲਜ਼ ਕੰਪਨੀ ਦੀ ਖਾਲੀ ਇਮਾਰਤ 'ਚ ਲੁਕੇ ਹੋਏ ਹਨ। ਜਦੋਂ ਪੁਲਸ ਨੇ ਇਸ ਖੰਡਰ ਇਮਾਰਤ 'ਚ ਛਾਪੇਮਾਰੀ ਕੀਤੀ ਤਾਂ ਅੰਦਰ ਮੌਜੂਦ ਨੀਰਜ ਸ਼ਰਮਾ ਉਰਫ ਕਾਲੂ ਨੇ ਪੁਲਸ ਪਾਰਟੀ 'ਤੇ ਜਾਨੋਂ ਮਾਰਨ ਦੀ ਨੀਅਤ ਨਾਲ ਫਾਇਰਿੰਗ ਕਰ ਦਿੱਤੀ। ਪੁਲਸ ਵੱਲੋਂ ਕੀਤੀ ਜਵਾਬੀ ਕਾਰਵਾਈ 'ਚ ਨੀਰਜ ਦੀ ਖੱਬੀ ਲੱਤ 'ਚ ਗੋਲੀ ਲੱਗੀ। ਪੁਲਸ ਨੇ ਮੌਕੇ ਤੋਂ ਉਸ ਦੇ ਭਰਾ ਘੋਟਾ ਸਮੇਤ ਕਰਨ, ਰਾਹੁਲ ਅਤੇ ਵਿਕਰਮਜੀਤ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ। ਪੁਲਸ ਰਿਕਾਰਡ ਅਨੁਸਾਰ ਨੀਰਜ ਕਾਲੂ ਅਤੇ ਘੋਟਾ 'ਤੇ ਪਹਿਲਾਂ ਹੀ ਵੱਖ-ਵੱਖ ਥਾਣਿਆਂ 'ਚ 7-7 ਅਪਰਾਧਿਕ ਮਾਮਲੇ ਦਰਜ ਹਨ। ਕਰਨ ਅਤੇ ਵਿਕਰਮਜੀਤ 'ਤੇ ਵੀ 2-2 ਕੇਸ ਦਰਜ ਹਨ। ਐੱਸ. ਪੀ. ਸਿਟੀ ਨੇ ਸਪੱਸ਼ਟ ਕੀਤਾ ਕਿ ਇਸੇ ਇਲਾਕੇ 'ਚ ਨਸ਼ਾ ਵੇਚਣ ਦੀ ਵਾਇਰਲ ਹੋਈ ਵੀਡੀਓ ਇਕ ਵੱਖਰਾ ਮਾਮਲਾ ਹੈ, ਜਿਸ 'ਚ ਪੁਲਸ ਨੇ 7 ਹੋਰ ਵਿਅਕਤੀਆਂ ਨੂੰ ਹਿਰਾਸਤ 'ਚ ਲੈ ਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ।

## ਨਸ਼ੇ ਦੇ ਦੈਂਤ ਨੇ ਬੁਝਾ ਦਿੱਤਾ ਇਕ ਹੋਰ ਘਰ ਦਾ ਚਿਰਾਗ ! ਨਸ਼ਾ ਛੁਡਾਊ ਕੇਂਦਰ ਤੋਂ ਆਏ ਮੁੰਡੇ ਦੀ ਓਵਰਡੋਜ਼ ਨਾਲ ਮੌਤ

ਲੁਧਿਆਣਾ 1 ਮਾਰਚ। ਪੰਜਾਬ ਵਿਚ ਨਸ਼ੇ ਦਾ ਛੇਵਾਂ ਦਰਿਆ ਰੁਕਣ ਦਾ ਨਾਮ ਨਹੀਂ ਲੈ ਰਿਹਾ ਅਤੇ ਆਏ ਦਿਨ ਕਿਸੇ ਨਾ ਕਿਸੇ ਘਰ ਦਾ ਚਿਰਾਗ ਬੁਝ ਰਿਹਾ ਹੈ। ਤਾਜ਼ਾ ਮਾਮਲਾ ਧਰਮਪੁਰਾ ਇਲਾਕੇ ਤੋਂ ਸਾਹਮਣੇ ਆਇਆ ਹੈ, ਜਿੱਥੇ ਨਸ਼ੇ ਦੀ ਦਲਦਲ ਵਿਚ ਫਸੇ ਇਕ ਨੌਜਵਾਨ ਦੀ ਸ਼ੱਕੀ ਹਾਲਾਤ ਵਿਚ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਚਿੰਟੂ ਵਜੋਂ ਹੋਈ ਹੈ, ਜੋ ਮੀਟ ਦੀ ਦੁਕਾਨ ਚਲਾਉਂਦਾ ਸੀ। ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪੁੱਤਰ ਦੀ ਬਲੀ 'ਨਸ਼ੇ ਦੀ ਓਵਰਡੋਜ਼' ਨੇ ਲਈ ਹੈ। ਜਾਣਕਾਰੀ ਮੁਤਾਬਕ, ਚਿੰਟੂ ਘਰ ਦੇ ਬਾਥਰੂਮ ਵਿਚ ਨਹਾਉਣ ਲਈ ਗਿਆ ਸੀ। ਜਦੋਂ ਕਾਫੀ ਦੇਰ ਬੀਤ ਜਾਣ ਤੋਂ ਬਾਅਦ ਵੀ ਉਹ ਬਾਹਰ ਨਹੀਂ ਨਿਕਲਿਆ, ਤਾਂ ਪਰਿਵਾਰਕ ਮੈਂਬਰਾਂ ਦੇ ਮਨ ਵਿਚ ਅਣਹੋਣੀ ਦਾ ਡਰ ਪੈਦਾ ਹੋਣ ਲੱਗਾ। ਘਰਦਿਆਂ ਨੇ ਕਈ ਵਾਰ ਦਰਵਾਜ਼ਾ ਖੜਕਾਇਆ ਅਤੇ ਆਵਾਜ਼ਾਂ ਦਿੱਤੀਆਂ, ਪਰ ਅੰਦਰੋਂ ਕੋਈ ਆਵਾਜ਼ ਨਹੀਂ ਆਈ। ਅਣਹੋਣੀ ਦੇ ਡਰੋਂ ਜਦੋਂ ਪਰਿਵਾਰਕ ਮੈਂਬਰਾਂ ਨੇ ਦਰਵਾਜ਼ਾ ਤੋੜਿਆ, ਤਾਂ ਚਿੰਟੂ ਬੇਹੋਸ਼ੀ ਦੀ ਹਾਲਤ ਵਿਚ ਜ਼ਮੀਨ 'ਤੇ ਡਿੱਗਿਆ ਹੋਇਆ ਸੀ। ਤੁਰੰਤ ਉਸ ਨੂੰ ਹਸਪਤਾਲ ਲਿਜਾਇਆ ਗਿਆ, ਪਰ ਡਾਕਟਰਾਂ ਨੇ ਉਸ ਨੂੰ ਦੇਖਦੇ ਹੀ ਮ੍ਰਿਤਕ ਐਲਾਨ ਦਿੱਤਾ। ਪਰਿਵਾਰਕ



ਮੈਂਬਰਾਂ ਨੇ ਦੱਸਿਆ ਕਿ ਚਿੰਟੂ ਪਿਛਲੇ ਕਈ ਸਾਲਾਂ ਤੋਂ ਨਸ਼ੇ ਦੀ ਗ੍ਰਿਫ਼ਤ ਵਿਚ ਸੀ। ਪਰਿਵਾਰ ਨੇ ਉਸ ਨੂੰ ਇਸ ਨਰਕ ਵਿਚੋਂ ਕੱਢਣ ਲਈ ਦਿਨ-ਰਾਤ ਇਕ ਕਰ ਦਿੱਤਾ ਸੀ। ਉਸ ਨੂੰ ਨਸ਼ਾ ਛੁਡਾਊ ਕੇਂਦਰ ਵੀ ਭੇਜਿਆ ਗਿਆ ਸੀ ਪਰ ਨਸ਼ਾ ਉਸ ਦੀਆਂ ਨਸਾਂ ਵਿਚ ਇਸ ਕਦਰ ਵੱਸ ਚੁੱਕਾ ਸੀ ਕਿ ਕੇਂਦਰ ਤੋਂ ਬਾਹਰ ਆਉਂਦੇ ਹੀ ਉਹ ਦੁਬਾਰਾ ਉਸੇ ਰਾਹ 'ਤੇ ਚੱਲ ਪਿਆ।

## ਅੰਮ੍ਰਿਤਸਰ ਕਸਟਮ ਵਿਭਾਗ ਦੀ ਵੱਡੀ ਕਾਰਵਾਈ ! ਲੱਖਾਂ ਰੁਪਏ ਦੀਆਂ 4 ਲੱਖ ਤੋਂ ਵਧੇਰੇ ਵਿਦੇਸ਼ੀ ਸਿਗਰਟਾਂ ਕੀਤੀਆਂ ਨਸ਼ਟ

ਅੰਮ੍ਰਿਤਸਰ 1 ਮਾਰਚ। ਕਸਟਮ ਵਿਭਾਗ ਦੀ ਟੀਮ ਨੇ ਵੱਖ-ਵੱਖ ਕੇਸਾਂ 'ਚ ਸਮੱਗਲਿੰਗ ਰਾਹੀਂ ਅੰਮ੍ਰਿਤਸਰ ਆਈਆਂ 67.83 ਲੱਖ ਰੁਪਏ ਦੀਆਂ ਵਿਦੇਸ਼ੀ ਸਿਗਰਟਾਂ ਨੂੰ ਨਿਯਮਾਂ ਅਨੁਸਾਰ ਨਸ਼ਟ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ ਵਿਭਾਗ ਵੱਲੋਂ ਇਨ੍ਹਾਂ ਸਿਗਰਟਾਂ ਨੂੰ ਨਸ਼ਟ ਕਰਨ ਲਈ ਇਕ ਵਿਸ਼ੇਸ਼ ਕਮੇਟੀ ਬਣਾਈ ਗਈ ਸੀ, ਜਿਸ ਵਿੱਚ ਉੱਚ ਅਧਿਕਾਰੀਆਂ ਨੂੰ ਸ਼ਾਮਲ ਕੀਤਾ ਗਿਆ ਸੀ। ਇਹ ਕਾਰਵਾਈ ਵਾਤਾਵਰਨ ਵਿਭਾਗ ਦੇ



ਨਿਯਮਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਦਿਆਂ ਅੰਜਾਮ ਦਿੱਤੀ ਗਈ। ਇਸ ਮੌਕੇ ਕਸਟਮ ਵਿਭਾਗ ਦੇ ਕਈ ਸੀਨੀਅਰ ਅਧਿਕਾਰੀ ਹਾਜ਼ਰ ਸਨ। ਵਿਭਾਗ ਦੇ ਅਧਿਕਾਰੀਆਂ ਮੁਤਾਬਕ ਇਨ੍ਹਾਂ ਸਿਗਰਟਾਂ ਨੂੰ ਨਿਰਧਾਰਤ ਸਰਕਾਰੀ ਦਿਸ਼ਾ-ਨਿਰਦੇਸ਼ਾਂ ਅਤੇ ਵਾਤਾਵਰਣ ਦੇ ਮਾਪਦੰਡਾਂ ਦੀ ਪਾਲਣਾ ਕਰਦੇ ਹੋਏ 'ਇੰਸੀਨਰੇਸ਼ਨ' (ਨਿਯੰਤਰਿਤ ਤਰੀਕੇ ਨਾਲ ਸਾੜਨ) ਦੀ ਪ੍ਰਕਿਰਿਆ ਰਾਹੀਂ ਨਸ਼ਟ ਕੀਤਾ ਗਿਆ ਹੈ। ਵਿਭਾਗ ਨੇ ਸਪੱਸ਼ਟ ਕੀਤਾ ਕਿ ਇਹ ਸਾਰੀ ਕਾਰਵਾਈ ਪੂਰੀ ਪਾਰਦਰਸ਼ਤਾ ਨਾਲ ਕੀਤੀ ਗਈ ਤਾਂ ਜੋ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਾ ਹੋਵੇ ਅਤੇ ਕਾਨੂੰਨ ਦੀ ਸਖ਼ਤੀ ਨਾਲ ਪਾਲਣਾ ਹੋ ਸਕੇ। ਕਸਟਮ ਅਧਿਕਾਰੀਆਂ ਨੇ ਦੱਸਿਆ ਕਿ ਵਿਦੇਸ਼ੀ ਸਿਗਰਟਾਂ ਦੀ ਤਸਕਰੀ ਨਾਲ ਨੌਜਵਾਨਾਂ ਦੀ ਸਿਹਤ ਲਈ ਵੀ ਗੰਭੀਰ ਖ਼ਤਰਾ ਪੈਦਾ ਹੁੰਦਾ ਹੈ। ਇਸ ਖ਼ਤਰੇ ਨੂੰ ਵੇਖਦੇ ਹੋਏ ਵਿਭਾਗ ਵੱਲੋਂ ਸਰਹੱਦੀ ਖੇਤਰਾਂ ਅਤੇ ਟਰਾਂਜ਼ਿਟ ਪੁਆਇੰਟਾਂ 'ਤੇ ਵਿਸ਼ੇਸ਼ ਨਿਗਰਾਨੀ ਅਤੇ ਚੌਕਸੀ ਵਧਾ ਦਿੱਤੀ ਗਈ ਹੈ। ਵਿਭਾਗ ਨੇ ਸਖ਼ਤ ਚਿਤਾਵਨੀ ਦਿੱਤੀ ਹੈ ਕਿ ਤਸਕਰੀ ਜਾਂ ਅਜਿਹੇ ਕਿਸੇ ਵੀ ਗੈਰ-ਕਾਨੂੰਨੀ ਕਾਰੋਬਾਰ ਵਿੱਚ ਸ਼ਾਮਲ ਵਿਅਕਤੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਜ਼ਮੀਨ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨ ਵਾਲੇ 5 ਨਾਮਜ਼ਦ

ਬਠਿੰਡਾ 1 ਮਾਰਚ। ਮੌੜ ਪੁਲਸ ਨੇ ਰਾਜਗੜ੍ਹ ਕੁੱਬੇ ਪਿੰਡ ਵਿਚ ਇੱਕ ਕਿਸਾਨ ਦੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨ ਵਾਲੇ 5 ਲੋਕਾਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਰਾਜਗੜ੍ਹ ਕੁੱਬੇ ਦੇ ਵਸਨੀਕ ਜਗਜੀਵਨ ਸਿੰਘ ਨੇ ਪੁਲਸ ਨੂੰ ਇਸ ਸਬੰਧੀ ਸ਼ਿਕਾਇਤ ਦਿੱਤੀ। ਉਸ ਨੇ ਆਪਣੀ ਸ਼ਿਕਾਇਤ 'ਚ ਦੱਸਿਆ ਕਿ ਹਾਲ ਹੀ ਵਿਚ, ਰਾਜਗੜ੍ਹ ਕੁੱਬੇ ਦੇ ਵਸਨੀਕ ਬਲਵੀਰ ਸਿੰਘ, ਸੰਦੀਪ ਸਿੰਘ, ਰੁਲਦੂ ਸਿੰਘ, ਚਮਕੌਰ ਸਿੰਘ ਅਤੇ ਸੁਖਚੈਨ ਸਿੰਘ ਨੇ ਉਸਦੇ ਖੇਤਾਂ ਵਿਚ ਕਣਕ ਉੱਤੇ ਟਰੈਕਟਰ ਚਲਾ ਕੇ ਉਸਦੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਮੁਲਜ਼ਮਾਂ ਨੇ ਉਸ ਦੀ ਜ਼ਮੀਨ 'ਤੇ ਸੀਮੈਂਟ ਦੇ ਖੰਭੇ ਅਤੇ ਤਾਰਾਂ ਵੀ ਤੋੜ ਦਿੱਤੀਆਂ। ਸ਼ਿਕਾਇਤ ਦੇ ਆਧਾਰ 'ਤੇ ਪੁਲਸ ਨੇ ਮੁਲਜ਼ਮਾਂ ਖ਼?ਲਾਫ਼ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਤੁਹਾਡੇ ਮਨਪਸੰਦ ਬਿਸਕੁਟ, ਤੇਲ ਅਤੇ ਸਾਬਣ ਹੋਣ ਵਾਲੇ ਹਨ ਮਹਿੰਗੇ !

ਬਿਜ਼ਨੈੱਸ ਡੈਸਕ 1 ਮਾਰਚ। ਆਮ ਆਦਮੀ ਲਈ ਵੱਡੀ ਖ਼ਬਰ ਹੈ। ਸਾਬਣ, ਬਿਸਕੁਟ ਅਤੇ ਡਿਟਰਜੈਂਟ ਵਰਗੀਆਂ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ 3% ਤੋਂ 5% ਤੱਕ ਮਹਿੰਗੀਆਂ ਹੋ ਸਕਦੀਆਂ ਹਨ। ਇਸ ਕੀਮਤ ਵਾਧੇ ਨਾਲ ਤੁਹਾਡੀ ਜੇਬ 'ਤੇ ਬੋਝ ਪਵੇਗਾ। ਤੁਹਾਡੀ ਜਾਣਕਾਰੀ ਲਈ, ਸਰਕਾਰ ਨੇ ਪਿਛਲੇ ਸਾਲ ਸਤੰਬਰ ਵਿੱਚ ਵਿੱਚ ਕਟੌਤੀ ਦਾ ਐਲਾਨ ਕੀਤਾ ਸੀ। ਇਸ ਤੋਂ ਬਾਅਦ, ਕੀਮਤਾਂ ਹੁਣ ਫਿਰ ਵਧਣੀਆਂ ਸ਼ੁਰੂ ਹੋ ਗਈਆਂ ਹਨ। ਆਓ ਕੀਮਤਾਂ ਵਿੱਚ ਵਾਧੇ ਦੇ ਮੁੱਖ ਕਾਰਨਾਂ ਦੀ ਪੜਚੋਲ ਕਰੀਏ: 37 ਕੰਪਨੀਆਂ ਇਸ ਸਮੇਂ ਤਿੰਨ ਗੁਣਾ ਚੁਣੌਤੀ ਦਾ ਸਾਹਮਣਾ ਕਰ ਰਹੀਆਂ ਹਨ, ਜਿਸ ਕਾਰਨ ਉਨ੍ਹਾਂ ਨੂੰ ਕੀਮਤਾਂ ਵਧਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ: ਕੱਚੇ ਮਾਲ ਦੀਆਂ ਕੀਮਤਾਂ ਵਿੱਚ ਵਾਧਾ: ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵਾਧੇ ਨੇ ਡਿਟਰਜੈਂਟ ਅਤੇ ਸਾਬਣ ਵਿੱਚ ਵਰਤੇ ਜਾਣ ਵਾਲੇ ਪੈਰਾਫਿਨ ਅਤੇ ਸਰਫੈਕਟੈਂਟ ਨੂੰ ਹੋਰ ਮਹਿੰਗਾ ਕਰ ਦਿੱਤਾ ਹੈ। ਇਸ ਤੋਂ ਇਲਾਵਾ, ਪਿਛਲੇ ਸਾਲ ਨਾਰੀਅਲ ਤੇਲ ਦੀਆਂ ਕੀਮਤਾਂ ਲਗਭਗ ਦੁੱਗਣੀਆਂ ਹੋ ਗਈਆਂ ਹਨ। ਰੁਪਏ ਵਿੱਚ ਇਤਿਹਾਸਕ ਗਿਰਾਵਟ: 30 ਜਨਵਰੀ, 2026 ਨੂੰ, ਭਾਰਤੀ ਰੁਪਿਆ ਡਾਲਰ ਦੇ ਮੁਕਾਬਲੇ 92.02 ਰੁਪਏ ਦੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਿਆ। ਇਸ ਨਾਲ ਵਿਦੇਸ਼ਾਂ ਤੋਂ ਆਯਾਤ ਕੀਤੀਆਂ ਜਾਣ ਵਾਲੀਆਂ ਵਸਤਾਂ, ਜਿਵੇਂ ਕਿ ਬਦਾਮ, ਜਵੀ ਅਤੇ ਮੂਸਲੀ, ਦੀ ਦਰਾਮਦ ਲਾਗਤ ਵਧ ਗਈ ਹੈ। ਜੀਐਸਟੀ ਅਤੇ ਮੁਨਾਫ਼ਾਖੋਰੀ ਵਿਰੋਧੀ ਨਿਯਮਾਂ ਦਾ ਪ੍ਰਭਾਵ: ਹੁਣ ਤੱਕ, ਕੰਪਨੀਆਂ ਮੁਨਾਫ਼ਾਖੋਰੀ ਵਿਰੋਧੀ ਨਿਯਮਾਂ ਦੇ ਡਰੋਂ ਗਾਹਕਾਂ ਨੂੰ ਟੈਕਸ ਕਟੌਤੀ ਦਾ ਲਾਭ ਦੇ ਰਹੀਆਂ ਸਨ, ਪਰ ਹੁਣ ਉਹ ਮਾਰਜਿਨ ਦੀ ਰੱਖਿਆ ਲਈ ਕੀਮਤਾਂ ਵਧਾਉਣ ਲਈ ਮਜਬੂਰ ਹਨ।

## ਹੈਰੋਇਨ ਬਰਾਮਦਗੀ ਮਾਮਲੇ 'ਚ ਮੁਲਜ਼ਮ ਦੀ ਜ਼ਮਾਨਤ ਅਰਜ਼ੀ ਖ਼ਾਰਜ

ਮੋਹਾਲੀ 1 ਮਾਰਚ। ਇੱਥੇ ਐੱਸ. ਟੀ. ਐੱਫ. ਵੱਲੋਂ 273 ਗ੍ਰਾਮ ਹੈਰੋਇਨ ਬਰਾਮਦਗੀ ਮਾਮਲੇ 'ਚ ਨਾਮਜ਼ਦ ਮੁਲਜ਼ਮ ਅਜੈ ਪਾਲ ਵਾਸੀ ਪਿੰਡ ਵਡਾਲੀ ਡੋਗਰਾਂ ਅੰਮ੍ਰਿਤਸਰ ਵਲੋਂ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਨੀਤਿਕਾ ਸਿੰਘ ਦੀ ਅਦਾਲਤ 'ਚ ਜ਼ਮਾਨਤ ਅਰਜ਼ੀ ਦਾਇਰ ਕੀਤੀ ਗਈ। ਅਦਾਲਤ ਨੇ ਸਰਕਾਰੀ ਧਿਰ ਅਤੇ ਬਚਾਅ ਪੱਖ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮੁਲਜ਼ਮ ਦੀ ਅਰਜ਼ੀ ਖ਼ਾਰਜ ਕਰਦਿਆਂ ਕਿਹਾ ਕਿ ਪੁਲਸ ਫਾਈਲ ਦੀ ਪੜਤਾਲ ਤੋਂ ਪਤਾ ਲੱਗਦਾ ਹੈ ਕਿ ਸਹਿ-ਮੁਲਜ਼ਮ ਹਰਸ਼ ਸ਼ਰਮਾ ਦੇ ਪਿੱਠੂ ਬੈਗ 'ਚੋਂ 273 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਸੀ। ਜਾਂਚ ਦੌਰਾਨ ਸਹਿ-ਮੁਲਜ਼ਮ ਨੇ ਖ਼ੁਲਾਸਾ ਕੀਤਾ ਕਿ ਬਰਾਮਦ ਹੈਰੋਇਨ ਅਜੈਪਾਲ ਨੂੰ ਸਪਲਾਈ ਕੀਤੀ ਜਾਣੀ ਸੀ। ਮਾਮਲੇ 'ਚ ਮੁਲਜ਼ਮ ਤੋਂ ਬਰਾਮਦ ਨਸ਼ੇ ਦੀ ਮਾਤਰਾ ਵਪਾਰਕ ਲਗਦੀ ਹੈ ਅਤੇ ਪੂਰੀ ਸੰਭਾਵਨਾ ਹੈ ਕਿ ਮੁਲਜ਼ਮ ਨੂੰ ਜ਼ਮਾਨਤ 'ਤੇ ਰਿਹਾਅ ਕੀਤਾ ਜਾਂਦਾ ਹੈ ਤਾਂ ਉਹ ਦੁਬਾਰਾ ਨਸ਼ੀਲੇ ਪਦਾਰਥਾਂ ਦੇ ਵਪਾਰ 'ਚ ਸ਼ਾਮਲ ਹੋਵੇਗਾ ਤੇ ਉਹ ਜ਼ਮਾਨਤ ਦਾ ਹੱਕਦਾਰ ਨਹੀਂ।

# ਖੰਨਾ 'ਚ ਨਸ਼ਿਆਂ ਦੇ ਸਪਲਾਈ ਕਰਨ ਵਾਲਾ ਮੁਲਜ਼ਮ ਡਰੱਗ ਮਨੀ, ਹਥਿਆਰਾਂ ਸਣੇ ਗ੍ਰਿਫਤਾਰ

**ਕੌਮੀ ਪਤ੍ਰਿਕਾ**

ਖੰਨਾ 1 ਮਾਰਚ। ਸੂਬੇ 'ਚ ਨਸ਼ਾ ਤਸਕਰੀ ਅਤੇ ਗੈਂਗਸਟਰਵਾਦ ਦੇ ਮਾਮਲੇ ਰੁਕਣ ਦਾ ਨਾਂ ਨਹੀਂ ਲੈ ਰਹੇ। ਹੁਣ ਖੰਨਾ ਇਲਾਕੇ ਵਿਚ ਨਾਮੀ ਅਪਰਾਧੀ ਜਗਪਾਲ ਸਿੰਘ ਉਰਫ ਜੋਗੀ ਨੂੰ ਗ੍ਰਿਫਤਾਰ ਕੀਤਾ ਹੈ। ਇਸ ਕਾਰਵਾਈ ਦੌਰਾਨ ਉਸ ਦੇ ਕਬਜ਼ੇ ਵਿੱਚੋਂ ਡਰੱਗ ਮਨੀ, ਨਜਾਇਜ਼ ਹਥਿਆਰ, ਜਾਅਲੀ ਅਸਲਾ ਲਾਇਸੰਸ ਅਤੇ ਵੱਡੀ ਮਾਤਰਾ ਵਿੱਚ ਗੋਲੀ-ਬਾਰੂਦ ਬਰਾਮਦ ਕੀਤਾ ਗਿਆ ਹੈ। ਜੋਗੀ ਨੇ ਆਪਣੇ ਪੁੱਤ ਨੂੰ ਵੀ ਇਸ ਧੰਦੇ 'ਚ ਸ਼ਾਮਲ ਕੀਤਾ ਹੋਇਆ ਸੀ। ਐੱਸਐੱਸਪੀ ਖੰਨਾ ਡਾ. ਦਰਪਣ ਆਹਲੂਵਾਲੀਆ ਦੀ ਅਗਵਾਈ ਅਤੇ ਦਿਸ਼ਾ-ਨਿਰਦੇਸ਼ਾਂ ਹੇਠ ਥਾਣਾ ਸਦਰ ਖੰਨਾ ਦੀ ਟੀਮ ਨੇ ਇਹ ਕਾਰਵਾਈ ਪਿੰਡ ਦਹੇੜੂ ਵਿੱਚ ਅਮਲ ਵਿੱਚ ਲਿਆਈ। ਪੁਲਸ ਅਸ਼ਵੀਰ ਨੂੰ ਛੇ ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਜਾ ਚੁੱਕਾ ਸੀ।



ਵੱਲੋਂ ਜਗਪਾਲ ਸਿੰਘ ਉਰਫ ਜੋਗੀ ਨੂੰ ਪਹਿਲਾਂ ਤੋਂ ਦਰਜ ਕੇਸ ਦੇ ਸਬੰਧ ਵਿੱਚ ਗ੍ਰਿਫਤਾਰ ਕੀਤਾ ਗਿਆ। ਇਸ ਕੇਸ ਵਿੱਚ ਪਹਿਲਾਂ ਹੀ 2 ਦੋਸ਼ੀ ਰਣਦੀਪ ਸਿੰਘ ਅਤੇ ਤਫਤੀਸ਼ ਦੌਰਾਨ ਇਹ ਖੁਲਾਸਾ ਹੋਇਆ ਕਿ ਇਹ ਸਾਰਾ ਗਿਰੋਹ ਪਿੰਡਾਂ ਅੰਦਰ ਹੈਰੋਇਨ ਦੀ ਸਪਲਾਈ ਕਰਦਾ ਹੋਇਆ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਵਿੱਚ ਧੱਕ ਰਿਹਾ ਸੀ। ਡੀਐੱਸਪੀ ਵਿਨੋਦ ਕੁਮਾਰ ਨੇ ਦੱਸਿਆ ਕਿ ਜਗਪਾਲ ਸਿੰਘ ਜੋਗੀ ਖ਼?ਲਾਫ਼ 20 ਤੋਂ ਵੱਧ ਗੰਭੀਰ ਮੁਕੱਦਮੇ ਦਰਜ ਹਨ, ਜਿਨ੍ਹਾਂ ਵਿੱਚ ਇਰਾਦਾ ਕਤਲ, ਅਸਲਾ ਐਕਟ ਅਤੇ ਹੋਰ ਸੰਗੀਨ ਧਾਰਾਵਾਂ ਸ਼ਾਮਲ ਹਨ। ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਜੋਗੀ ਆਪਣੇ ਪੁੱਤ ਅਤੇ ਹੋਰ ਸਾਥੀਆਂ ਨਾਲ ਮਿਲ ਕੇ ਲੰਮੇ ਸਮੇਂ ਤੋਂ ਨਸ਼ੇ ਦੀ ਤਸਕਰੀ ਕਰ ਰਿਹਾ ਸੀ। ਛਾਪੇਮਾਰੀ ਦੌਰਾਨ ਪੁਲਸ ਨੇ ਜੋਗੀ ਦੇ ਕਬਜ਼ੇ ਵਿੱਚੋਂ 47500 ਰੁਪਏ ਡਰੱਗ ਮਨੀ, ਤਰਨਤਾਰਨ ਤੋਂ ਤਿਆਰ ਕੀਤਾ ਜਾਅਲੀ ਅਸਲਾ ਲਾਇਸੰਸ, ਨਜਾਇਜ਼ ਪੰਪ ਐਕਸ਼ਨ ਬਾਰਾਂ ਬੋਰ ਰਾਇਫਲ, ਅੱਠ ਜਿੰਦਾ ਰੌਂਦ ਅਤੇ ਚਾਰ ਖਾਲੀ ਰੌਂਦ ਬਰਾਮਦ ਕੀਤੇ। ਪੁੱਛਗਿੱਛ ਦੌਰਾਨ ਉਸਨੇ ਖੁਲਾਸਾ ਕੀਤਾ ਕਿ ਉਹ ਆਪਣੇ ਸਾਥੀ ਗੁਰਜੀਤ ਸਿੰਘ ਉਰਫ ਗੁਰੀ ਵਾਸੀ ਹਰਬੰਸਪੁਰਾ ਅਤੇ ਹੋਰ ਦੋ ਵਿਅਕਤੀਆਂ ਨਾਲ ਮਿਲ ਕੇ ਨਸ਼ੇ ਦੀ ਸਪਲਾਈ ਕਰਦਾ ਸੀ। ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਗੁਰਜੀਤ ਸਿੰਘ ਉਰਫ ਗੁਰੀ ਨੂੰ ਵੀ ਗ੍ਰਿਫਤਾਰ ਕਰ ਲਿਆ ਅਤੇ ਉਸਦੇ ਕਬਜ਼ੇ ਵਿੱਚੋਂ 5 ਗ੍ਰਾਮ 50 ਮਿਲੀਗ੍ਰਾਮ ਹੈਰੋਇਨ ਬਰਾਮਦ ਕੀਤੀ। ਬਾਕੀ ਦੋ ਫਰਾਰ ਸਾਥੀਆਂ ਦੀ ਗ੍ਰਿਫਤਾਰੀ ਲਈ ਵੱਖ-ਵੱਖ ਟੀਮਾਂ ਬਣਾਕੇ ਛਾਪੇਮਾਰੀ ਜਾਰੀ ਹੈ। ਡੀਐੱਸਪੀ ਵਿਨੋਦ ਕੁਮਾਰ ਨੇ ਦੱਸਿਆ ਕਿ ਜੋਗੀ ਗਾਂਧੀ ਗਰੁੱਪ ਦੀਆਂ ਗਤੀਵਿਧੀਆਂ 'ਚ ਹਿੱਸਾ ਲੈਂਦਾ ਰਹਿੰਦਾ ਸੀ। ਇਸ ਪੱਖ ਤੋਂ ਵੀ ਪੁਲਸ ਜਾਂਚ ਕਰ ਰਹੀ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਰਾਏਪੁਰ 'ਚ ਦਰਦਨਾਕ ਘਟਨਾ: ਬੈਡਮਿੰਟਨ ਖੇਡਦੇ ਕਾਰੋਬਾਰੀ ਨੂੰ ਪਿਆ ਦਿਲ ਦਾ ਦੌਰਾ, ਮੌਤ ਦਾ ਮੰਜ਼ਰ

ਕੌਮੀ ਪਤ੍ਰਿਕਾ

ਰਾਏਪੁਰ 1 ਮਾਰਚ। ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਤੋਂ ਇਕ ਅਜਿਹੀ ਦਿਲ ਕੰਬਾਊ ਘਟਨਾ ਸਾਹਮਣੇ ਆਈ ਹੈ, ਜਿਸ ਨੇ ਹਰ ਕਿਸੇ ਨੂੰ ਹੈਰਾਨ ਕਰ ਦਿੱਤਾ ਹੈ। ਇਕ 57 ਸਾਲਾ ਕਾਰੋਬਾਰੀ ਦੀ ਬੈਡਮਿੰਟਨ ਖੇਡਦੇ ਸਮੇਂ ਅਚਾਨਕ ਹਾਰਟ ਅਟੈਕ (ਦਿਲ ਦਾ ਦੌਰਾ) ਪੈਣ ਕਾਰਨ ਮੌਤ ਹੋ ਗਈ। ਇਸ ਦਰਦਨਾਕ ਘਟਨਾ ਦੀ ਸੀ.ਸੀ.ਟੀ.ਵੀ. ਫੁਟੇਜ ਵੀ ਸਾਹਮਣੇ ਆਈ ਹੈ, ਜੋ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਮ੍ਰਿਤਕ ਦੀ ਪਛਾਣ 57 ਸਾਲਾ ਕਾਰੋਬਾਰੀ ਅੰਮ੍ਰਿਤ ਬਜਾਜ ਵਜੋਂ ਹੋਈ ਹੈ। ਘਟਨਾ ਡੀ.ਡੀ. ਨਗਰ ਥਾਣਾ ਖੇਤਰ ਦੇ ਅਸ਼ਵਨੀ ਨਗਰ ਸਥਿਤ ਸੰਨਕਰ ਬਾੜੀ ਗਰਾਊਂਡ ਦੀ ਹੈ।



ਇਸ ਮਾਮਲੇ ਦੀ ਵਾਇਰਲ ਹੋ ਰਹੀ ਵੀਡੀਓ ਵਿੱਚ ਸਾਫ਼ ਦਿਖਾਈ ਦੇ ਰਿਹਾ ਹੈ ਕਿ ਅੰਮ੍ਰਿਤ ਬਜਾਜ ਬੜੇ ਜੋਸ਼ ਨਾਲ ਬੈਡਮਿੰਟਨ ਖੇਡ ਰਹੇ ਸਨ। ਉਨ੍ਹਾਂ ਨੇ ਇਕ ਸ਼ਾਟ ਮਾਰਿਆ ਅਤੇ ਜਦੋਂ ਸ਼ਟਲ ਕਾਕ ਹੇਠਾਂ ਡਿੱਗੀ ਤਾਂ ਉਹ ਉਸ ਨੂੰ ਚੁੱਕਣ ਲਈ ਅੱਗੇ ਵਧੇ। ਜਿਵੇਂ ਹੀ ਉਹ ਸ਼ਟਲ ਚੁੱਕਣ ਲਈ ਝੁਕੇ ਅਚਾਨਕ ਉਨ੍ਹਾਂ ਨੂੰ ਜ਼ੋਰਦਾਰ ਦੌਰਾ ਪਿਆ ਅਤੇ ਉਹ ਮੈਦਾਨ ਵਿੱਚ ਹੇਠਾਂ ਡਿੱਗ ਪਏ। ਉੱਥੇ ਮੌਜੂਦ ਲੋਕਾਂ ਨੇ ਉਨ੍ਹਾਂ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ ਅਤੇ ਤੁਰੰਤ ਹਸਪਤਾਲ ਲਿਜਾਇਆ ਪਰ ਰਸਤੇ ਵਿੱਚ ਉਨ੍ਹਾਂ ਦੀ ਮੌਤ ਹੋ ਗਈ। ਪਰਿਵਾਰਕ ਮੈਂਬਰਾਂ ਅਨੁਸਾਰ ਅੰਮ੍ਰਿਤ ਬਜਾਜ ਆਪਣੀ ਸਿਹਤ ਨੂੰ ਲੈ ਕੇ ਬਹੁਤ ਸੁਚੇਤ ਸਨ। ਹਾਲਾਂਕਿ ਉਹ ਲੰਬੇ ਸਮੇਂ ਤੋਂ ਸ਼ੂਗਰ (ਡਾਇਬੀਟੀਜ਼) ਦੇ ਮਰੀਜ਼ ਸਨ, ਪਰ ਉਹ ਬਹੁਤ ਅਨੁਸ਼ਾਸਿਤ ਜੀਵਨ ਜਿਊਂਦੇ ਸਨ। ਕੋਰੋਨਾ ਕਾਲ ਤੋਂ ਬਾਅਦ ਉਨ੍ਹਾਂ ਨੇ ਰੋਜ਼ਾਨਾ ਕਸਰਤ ਅਤੇ ਬੈਡਮਿੰਟਨ ਨੂੰ ਆਪਣੀ ਰੁਟੀਨ ਦਾ ਹਿੱਸਾ ਬਣਾ ਲਿਆ ਸੀ। ਉਹ ਕਿਸੇ ਵੀ ਤਰ੍ਹਾਂ ਦੇ ਨਸ਼ੇ ਤੋਂ ਦੂਰ ਸਨ, ਇਸ ਦੇ ਬਾਵਜੂਦ ਇਸ ਮੰਦਭਾਗੀ ਘਟਨਾ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਦੱਸਿਆ ਜਾ ਰਿਹਾ ਹੈ ਕਿ ਰਾਏਪੁਰ ਦੇ ਓਪਨ ਬੈਡਮਿੰਟਨ ਕੋਰਟ ਵਿੱਚ ਇਹ ਪਹਿਲੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਮਈ 2025 ਵਿੱਚ ਵੀ ਸਪਰੇ ਬੈਡਮਿੰਟਨ ਕੋਰਟ ਵਿੱਚ ਖੇਡਦੇ ਸਮੇਂ ਇਕ 35 ਸਾਲਾ ਨੌਜਵਾਨ ਦੀ ਅਚਾਨਕ ਮੌਤ ਹੋ ਗਈ ਸੀ। ਲਗਾਤਾਰ ਵਾਪਰ ਰਹੀਆਂ ਅਜਿਹੀਆਂ ਘਟਨਾਵਾਂ ਨੇ ਸਿਹਤ ਮਾਹਿਰਾਂ ਅਤੇ ਖੇਡ ਪ੍ਰੇਮੀਆਂ ਦੀ ਚਿੰਤਾ ਵਧਾ ਦਿੱਤੀ ਹੈ।

## ਭਿਆਨਕ ਹਾਦਸੇ ਨੇ ਉਜਾੜ'ਤੀ ਦੁਨੀਆ ! 15 ਦਿਨ ਪਹਿਲਾਂ ਵਿਆਹੇ ਜੋੜੇ ਦੀ ਹੋਈ ਦਰਦਨਾਕ ਮੌਤ

ਹਾਵੇਰੀ 1 ਮਾਰਚ। ਕਰਨਾਟਕ ਦੇ ਹਾਵੇਰੀ ਜ਼ਿਲ੍ਹੇ 'ਚ ਨੈਸ਼ਨਲ ਹਾਈਵੇਅ-48 'ਤੇ ਐਤਵਾਰ ਸਵੇਰੇ ਇਕ ਕਾਰ ਖੜ੍ਹੇ ਟਰੱਕ (ਲਾਰੀ) ਨਾਲ ਜਾ ਟਕਰਾਈ। ਇਸ ਹਾਦਸੇ 'ਚ ਉਸ 'ਚ ਸਵਾਰ ਨਵਵਿਆਹੇ ਜੋੜੇ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ 2 ਹੋਰ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਮ੍ਰਿਤਕਾਂ ਦੀ ਪਛਾਣ ਹਾਵੇਰੀ ਸ਼ਹਿਰ ਵਾਸੀ ਫੁੱਲ ਵਿਕਰੇਤਾ ਕਾਰਤਿਕ (34) ਅਤੇ ਉਸ ਦੀ ਪਤਨੀ ਐਸ਼ਵਰਿਆ (30) ਵਜੋਂ ਹੋਈ ਹੈ। ਜੋੜੇ ਦੇ ਵਿਆਹ ਨੂੰ ਸਿਰਫ਼ 15 ਦਿਨ ਹੋਏ ਸਨ। ਪੁਲਸ ਨੇ ਕਿਹਾ, "ਮੰਦਰ ਤੋਂ ਦਰਸ਼ਨ ਕਰਨ ਤੋਂ ਬਾਅਦ ਆਉਂਦੇ ਸਮੇਂ ਐਤਵਾਰ ਸਵੇਰੇ ਉਨ੍ਹਾਂ ਦੀ ਕਾਰ ਸ਼ਿਗਗਾਂਵ ਤਾਲੁਕ ਦੇ ਕਡਾਹੱਲੀ ਪਿੰਡ ਨੇੜੇ ਐੱਨਐੱਚ-48 'ਤੇ ਖੜ੍ਹੇ ਇਕ ਟਰੱਕ ਨਾਲ ਟਕਰਾ ਗਈ।" ਪੁਲਸ ਨੇ ਦੱਸਿਆ ਕਿ ਕਾਰ ਸਵਾਰ 2 ਹੋਰ ਲੋਕਾਂ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਉਨ੍ਹਾਂ ਨੂੰ ਇਲਾਜ ਲਈ ਹੁਬਲੀ ਦੇ ਕੇਆਈਐੱਮਐੱਸ ਹਸਪਤਾਲ ਲਿਜਾਇਆ ਗਿਆ। ਫਾਇਰ ਬ੍ਰਿਗੇਡ ਕਰਮੀਆਂ ਅਤੇ ਸਥਾਨਕ ਨਿਵਾਸੀਆਂ ਨੇ ਬਚਾਅ ਮੁਹਿੰਮ ਚਲਾਈ ਅਤੇ ਨੁਕਸਾਨੇ ਵਾਹਨ ਤੋਂ ਲਾਸ਼ਾਂ ਬਾਹਰ ਕੱਢੀਆਂ।

## ਸੜਕ ਵਿਚਾਲੇ ਪਲਟ ਗਿਆ ਬੀਅਰ ਦਾ ਟਰਾਲਾ !

ਬਾਗ 1 ਮਾਰਚ। ਸ਼ਨੀਵਾਰ ਰਾਤ ਨੂੰ ਬਾਗ ਦੇ ਨੇੜੇ ਬਾਕੀ ਘਾਟ ਵਿੱਚ ਮਾਊਂਟ ਬੀਅਰ ਦੀਆਂ ਪੇਟੀਆਂ ਨਾਲ ਲੱਦਿਆ ਇੱਕ ਟਰਾਲਾ ਬੇਕਾਬੂ ਹੋ ਕੇ ਪਲਟ ਗਿਆ। ਹਾਦਸੇ ਤੋਂ ਤੁਰੰਤ ਬਾਅਦ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕਾਂ ਨੇ ਮੌਕੇ 'ਤੇ ਪਹੁੰਚ ਕੇ ਬੀਅਰ ਦੀਆਂ ਪੇਟੀਆਂ ਲੁੱਟਣੀਆਂ ਸ਼ੁਰੂ ਕਰ ਦਿੱਤੀਆਂ। ਲੁੱਟ-ਖੋਹ ਦੀ ਸੂਚਨਾ ਮਿਲਦੇ ਹੀ ਜਦੋਂ ਬਾਗ ਪੁਲਸ ਮੌਕੇ 'ਤੇ ਪਹੁੰਚੀ ਤਾਂ ਪਿੰਡ ਵਾਸੀਆਂ ਨੇ ਪੁਲਸ 'ਤੇ ਹੀ ਪਥਰਾਅ ਕਰ ਦਿੱਤਾ। ਇਸ ਹਮਲੇ ਵਿੱਚ ਪੁਲਸ ਦੇ ਦੋ ਵਾਹਨਾਂ ਦੇ ਸ਼ੀਸ਼ੇ ਟੁੱਟ ਗਏ। ਸਥਿਤੀ ਇੰਨੀ ਗੰਭੀਰ ਹੋ ਗਈ ਕਿ ਟਾਂਡਾ ਪੁਲਸ ਥਾਣੇ ਤੋਂ ਵਾਧੂ ਫੋਰਸ ਬੁਲਾਉਣੀ ਪਈ। ਇਸ ਤੋਂ ਇਲਾਵਾ ਕੁਕਸ਼ੀ ਦੇ ਐੱਸ.ਡੀ.ਓ.ਪੀ. ਸੁਨੀਲ ਗੁਪਤਾ ਅਤੇ ਟੀ.ਆਈ. ਰਾਜੇਸ਼ ਯਾਦਵ ਨੇ ਵੀ ਮੌਕੇ 'ਤੇ ਪਹੁੰਚ ਕੇ ਸਥਿਤੀ ਨੂੰ ਸੰਭਾਲਿਆ। ਪੁਲਸ ਅਨੁਸਾਰ, ਭਾਰੀ ਪੁਲਸ ਬਲ ਦੇ ਪਹੁੰਚਣ 'ਤੇ ਪਿੰਡ ਵਾਸੀ ਭੱਜ ਗਏ, ਪਰ ਉਦੋਂ ਤੱਕ ਉਹ ਟਰਾਲੇ ਵਿੱਚੋਂ ਕਰੀਬ 300 ਪੇਟੀਆਂ ਬੀਅਰ ਚੋਰੀ ਕਰ ਚੁੱਕੇ ਸਨ। ਦੱਸਿਆ ਜਾ ਰਿਹਾ ਹੈ ਕਿ ਇਹ ਟਰਾਲਾ ਇੰਦੌਰ ਵੇਅਰਹਾਊਸ ਤੋਂ ਬੀਅਰ ਲੈ ਕੇ ਚਾਂਦਪੁਰ (ਆਲੀਰਾਜਪੁਰ) ਦੀ ਇੱਕ ਸ਼ਰਾਬ ਦੀ ਦੁਕਾਨ 'ਤੇ ਜਾ ਰਿਹਾ ਸੀ।

## ਜਲੰਧਰ 'ਚ ਚੋਰਾਂ ਦੇ ਹੌਂਸਲੇ ਬੁਲੰਦ, ਇਕੋ ਰਾਤ 3 ਦੁਕਾਨਾਂ ਨੂੰ ਬਣਾਇਆ ਨਿਸ਼ਾਨਾ

ਜਲੰਧਰ 1 ਮਾਰਚ। ਜਲੰਧਰ ਸ਼ਹਿਰ ਦੇ ਰਾਮਾ ਮੰਡੀ ਇਲਾਕੇ ਵਿੱਚ ਬਾਬਾ ਬੁੱਢਾ ਸਾਹਿਬ ਗੁਰਦੁਆਰੇ ਨੇੜੇ ਬਾਜ਼ਾਰ ਵਿੱਚ ਇਕ ਚੋਰ ਤਿੰਨ ਦੁਕਾਨਾਂ ਵਿੱਚ ਦਾਖਲ ਹੋਇਆ ਅਤੇ ਨਕਦੀ ਲੈ ਕੇ ਭੱਜ ਗਿਆ। ਚੋਰੀ ਦੀ ਇਹ ਘਟਨਾ ਦੁਕਾਨਾਂ ਦੇ ਅੰਦਰ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਵਿੱਚ ਕੈਦ ਹੋ ਗਈ। ਦੁਕਾਨ ਮਾਲਕਾਂ ਨੂੰ ਚੋਰੀ ਦਾ ਪਤਾ ਉਦੋਂ ਲੱਗਿਆ ਜਦੋਂ ਉਹ ਸਵੇਰੇ ਆਪਣੀਆਂ ਦੁਕਾਨਾਂ 'ਤੇ ਆਏ। ਉਨ੍ਹਾਂ ਨੇ ਦਕੋਹਾ ਪੁਲਸ ਸਟੇਸ਼ਨ ਰਾਮਾ ਮੰਡੀ ਦੀ ਚੌਕੀ ਵਿੱਚ ਸ਼ਿਕਾਇਤ ਦਰਜ ਕਰਵਾਈ ਅਤੇ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਦਕੋਹਾ ਦੇ ਰਹਿਣ ਵਾਲੇ ਮਨੀਸ਼ ਸ਼ਰਮਾ ਨੇ ਦੱਸਿਆ ਕਿ ਉਹ ਪਿਛਲੇ ਚਾਰ ਸਾਲਾਂ ਤੋਂ ਬਾਬਾ ਬੁੱਢਾ ਸਾਹਿਬ ਗੁਰਦੁਆਰੇ ਦੇ ਨੇੜੇ ਬਾਜ਼ਾਰ ਵਿੱਚ ਮੋਬਾਇਲ ਕੈਂਪਸ ਨਾਮ ਦੀ ਦੁਕਾਨ ਚਲਾ ਰਿਹਾ ਹੈ। ਉਹ ਸ਼ਨੀਵਾਰ ਰਾਤ ਨੂੰ ਆਮ ਵਾਂਗ ਆਪਣੀ ਦੁਕਾਨ ਬੰਦ ਕਰਕੇ ਚਲਾ ਗਿਆ ਸੀ। ਐਤਵਾਰ ਸਵੇਰੇ ਗੁਆਂਢੀ ਦੁਕਾਨਦਾਰਾਂ ਨੇ ਉਸ ਨੂੰ ਫ਼ੋਨ ਕਰਕੇ ਦੱਸਿਆ ਕਿ ਉਸ ਦੀ ਦੁਕਾਨ ਦਾ ਸ਼ਟਰ ਟੁੱਟਿਆ ਹੋਇਆ ਹੈ। ਮੌਕੇ 'ਤੇ ਪਹੁੰਚ ਕੇ ਉਸ ਨੂੰ ਪਤਾ ਲੱਗਾ ਕਿ ਇਕ ਚੋਰ ਦੁਕਾਨ ਦੇ ਕੈਸ਼ ਬਾਕਸ ਵਿੱਚੋਂ 55,000 ਰੁਪਏ ਨਕਦੀ ਲੈ ਕੇ ਭੱਜ ਗਿਆ ਹੈ। ਉਸ ਨੇ ਦੁਕਾਨ ਦੇ ਅੰਦਰ ਅਤੇ ਬਾਹਰ ਲੱਗੇ ਸੀ. ਸੀ. ਟੀ. ਵੀ. ਕੈਮਰੇ ਚੈੱਕ ਕੀਤੇ ਅਤੇ ਇਕ ਚੋਰ ਨੂੰ ਅਪਰਾਧ ਕਰਨ ਤੋਂ ਬਾਅਦ ਭੱਜਦੇ ਹੋਏ ਵੇਖਿਆ। ਕੁਝ ਸਮੇਂ ਬਾਅਦ ਉਸਨੂੰ ਪਤਾ ਲੱਗਾ ਕਿ ਚੋਰਾਂ ਨੇ ਉਸਦੀ ਦੁਕਾਨ ਦੇ ਨਾਲ-ਨਾਲ ਬਾਜ਼ਾਰ ਦੀਆਂ ਦੋ ਹੋਰ ਦੁਕਾਨਾਂ ਨੂੰ ਵੀ ਨਿਸ਼ਾਨਾ ਬਣਾਇਆ ਹੈ ਅਤੇ ਭੱਜ ਗਏ ਹਨ। ਉਸਨੇ ਰਾਮਾ ਮੰਡੀ ਥਾਣੇ ਦੇ ਦਕੋਹਾ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਅਤੇ ਸੂਚਨਾ ਮਿਲਣ ਤੋਂ ਬਾਅਦ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਦੁਕਾਨ ਮਾਲਕਾਂ ਨੂੰ ਸਵੇਰੇ ਆਪਣੀਆਂ ਦੁਕਾਨਾਂ 'ਤੇ ਵਾਪਸ ਆਉਣ 'ਤੇ ਚੋਰੀ ਦਾ ਪਤਾ ਲੱਗਾ। ਉਨ੍ਹਾਂ ਨੇ ਦਕੋਹਾ ਪੁਲਸ ਸਟੇਸ਼ਨ ਨੂੰ ਚੋਰੀ ਦੀ ਸੂਚਨਾ ਦਿੱਤੀ, ਜਿਸ ਨੇ ਜਾਂਚ ਸ਼ੁਰੂ ਕਰ ਦਿੱਤੀ।

### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

# ਚਾਕਬੋਰਡਾਂ ਤੋਂ ਸਮਾਰਟ ਕਲਾਸਰੂਮਾਂ ਤੱਕ: ਭਗਵੰਤ ਮਾਨ ਸਰਕਾਰ ਨੇ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਲਿਆਂਦੀ ਡਿਜੀਟਲ ਕ੍ਰਾਂਤੀ

## 5,000 ਸਕੂਲਾਂ ਵਿੱਚ ਕੰਪਿਊਟਰ ਲੈਬਾਂ ਸਥਾਪਤ ਕਰਨ ਲਈ 400 ਕਰੋੜ ਰੁਪਏ ਦਾ ਡਿਜੀਟਲਾਈਜ਼ੇਸ਼ਨ ਪ੍ਰੋਜੈਕਟ ਸ਼ੁਰੂ ਕਰਨ ਦਾ ਐਲਾਨ; ਇਤਿਹਾਸਕ ਡਿਜੀਟਲ ਵਿਸਥਾਰ ਅਧੀਨ ਲਗਭਗ 3,700 ਸਕੂਲਾਂ ਵਿੱਚ ਲਗਾਏ ਜਾਣਗੇ ਇੰਟਰਐਕਟਿਵ ਫਲੈਟ ਪੈਨਲ

**ਚੰਡੀਗੜ੍ਹ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿਦਿਅਕ ਇਤਿਹਾਸ ਵਿੱਚ ਸਭ ਤੋਂ ਵੱਡੇ ਤਕਨੀਕੀ ਸੁਧਾਰਾਂ ਵਿੱਚੋਂ ਇੱਕ ਵੱਲ ਕਦਮ ਵਧਾਉਂਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ 400 ਕਰੋੜ ਰੁਪਏ ਦੇ ਵਿਆਪਕ ਡਿਜੀਟਲਾਈਜ਼ੇਸ਼ਨ ਪ੍ਰੋਜੈਕਟ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਇੱਕ ਬੇਮਿਸਾਲ ਤਬਦੀਲੀ ਦੀ ਸ਼ੁਰੂਆਤ ਕੀਤੀ ਗਈ ਹੈ ਜੋ ਸਰਕਾਰੀ ਸਕੂਲਾਂ ਨੂੰ ਅਤਿ-ਆਧੁਨਿਕ ਤਕਨਾਲੋਜੀ ਨਾਲ ਲੈਸ ਕਰਨ ਦੇ ਨਾਲ ਨਾਲ ਸੂਬੇ ਭਰ ਵਿੱਚ ਕਲਾਸਰੂਮ ਸਿੱਖਿਆ ਨੂੰ ਬੁਨਿਆਦੀ ਤੌਰ 'ਤੇ ਨਵਾਂ ਰੂਪ ਪ੍ਰਦਾਨ ਕਰੇਗੀ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਪਹਿਲਕਦਮੀ ਨੂੰ ਪੰਜਾਬ ਦੇ ਸਿੱਖਿਆ ਖੇਤਰ ਵਿੱਚ ਇੱਕ ਪਰਿਵਰਤਨਸ਼ੀਲ ਮੀਲ ਪੱਥਰ ਕਰਾਰ ਦਿੱਤਾ। ਉਨ੍ਹਾਂ ਕਿਹਾ, ਇਹ ਇੱਕ ਇਤਿਹਾਸਕ ਪਹਿਲ ਹੈ। ਪੰਜਾਬ ਦੇ ਸਰਕਾਰੀ ਸਕੂਲਾਂ ਦੇ ਇਤਿਹਾਸ ਵਿੱਚ ਪਹਿਲਾਂ ਕਦੇ ਵੀ ਇੰਨੇ ਵੱਡੇ ਪੱਧਰ 'ਤੇ ਡਿਜੀਟਲ ਬੁਨਿਆਦੀ ਢਾਂਚਾ ਨਹੀਂ ਪੇਸ਼ ਕੀਤਾ ਗਿਆ। ਪੰਜਾਬ ਸਿੱਖਿਆ ਕ੍ਰਾਂਤੀ ਤਹਿਤ, ਅਸੀਂ ਪਹਿਲਾਂ ਕਲਾਸਰੂਮਾਂ ਨੂੰ ਮਜ਼ਬੂਤ ਕੀਤਾ ਅਤੇ ਸਿੱਖਣ ਦੇ ਨਤੀਜਿਆਂ ਨੂੰ ਬਿਹਤਰ ਬਣਾਇਆ। ਹੁਣ ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਹਰ ਬੱਚੇ ਦੀ ਆਧੁਨਿਕ ਡਿਜੀਟਲ ਸਾਧਨਾਂ ਤੱਕ ਆਸਾਨ ਪਹੁੰਚ ਹੋਵੇ। ਸਾਡੇ ਵਿਦਿਆਰਥੀਆਂ ਨੂੰ ਸਿਰਫ਼ ਅੱਜ ਲਈ ਹੀ ਨਹੀਂ, ਸਗੋਂ ਭਵਿੱਖ ਲਈ ਵੀ ਤਿਆਰ ਹੋਣੇ ਚਾਹੀਦੇ ਹਨ।

ਇੱਥੇ ਪੰਜਾਬ ਭਵਨ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਸ ਪਹਿਲਕਦਮੀ ਤਹਿਤ ਪੁਰਾਣੇ ਹਾਰਡਵੇਅਰ ਅਤੇ ਕੰਪਿਊਟਰਾਂ ਨੂੰ ਬਦਲਿਆ ਜਾ ਰਿਹਾ ਹੈ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਸਾਰੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਹਾਈ ਸਕੂਲ ਅਤੇ ਮਿਡਲ ਸਕੂਲ ਨਵੀਨਤਮ ਡਿਜੀਟਲ ਬੁਨਿਆਦੀ ਢਾਂਚੇ ਨਾਲ ਲੈਸ ਹੋਣ।

ਇਸ ਇਤਿਹਾਸਕ ਪਹਿਲਕਦਮੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਕਿਹਾ, 5,012 ਸਰਕਾਰੀ ਸਕੂਲਾਂ ਨੂੰ ਨਵੀਨਤਮ ਸੌਫਟਵੇਅਰ ਨਾਲ ਲੈਸ 38,649 ਨਵੇਂ ਕੰਪਿਊਟਰ ਪ੍ਰਦਾਨ ਕੀਤੇ ਜਾ ਰਹੇ ਹਨ। ਇਹ ਕੰਪਿਊਟਰ ਸਾਰੇ ਸੀਨੀਅਰ ਸੈਕੰਡਰੀ ਅਤੇ ਹਾਈ ਸਕੂਲਾਂ ਦੇ ਨਾਲ-ਨਾਲ 50 ਫ਼ੀਸਦੀ ਮਿਡਲ ਸਕੂਲਾਂ ਨੂੰ ਦਿੱਤੇ ਜਾਣਗੇ ਤਾਂ ਜੋ ਵਿਦਿਆਰਥੀਆਂ ਦੀ ਨਵੀਨਤਮ ਹਾਰਡਵੇਅਰ ਅਤੇ ਤਕਨਾਲੋਜੀ ਤੱਕ ਪਹੁੰਚ ਨੂੰ ਯਕੀਨੀ ਬਣਾਇਆ ਜਾ ਸਕੇ।

ਉਨ੍ਹਾਂ ਦੱਸਿਆ ਕਿ 5,000 ਸਰਕਾਰੀ ਸਕੂਲਾਂ ਵਿੱਚ ਸਮਰਪਿਤ ਕੰਪਿਊਟਰ ਲੈਬਾਂ ਸਥਾਪਤ ਕੀਤੀਆਂ ਜਾਣਗੀਆਂ ਤਾਂ ਜੋ ਸਾਰੇ ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਸਰਕਾਰੀ ਸਕੂਲਾਂ



ਲਈ ਪੂਰੀ ਤਰ੍ਹਾਂ ਕਾਰਜਸ਼ੀਲ ਕੰਪਿਊਟਰ ਲੈਬਾਂ ਯਕੀਨੀ ਬਣਾਈਆਂ ਜਾਣ। ਉਨ੍ਹਾਂ ਕਿਹਾ, ਇੰਟਰਐਕਟਿਵ ਲਰਨਿੰਗ ਨੂੰ ਉਤਸ਼ਾਹਿਤ ਕਰਨ ਲਈ ਅਸੀਂ 3,694 ਸਕੂਲਾਂ ਵਿੱਚ 8,268 ਇੰਟਰਐਕਟਿਵ ਫਲੈਟ ਪੈਨਲ ਸਥਾਪਤ ਕਰ ਰਹੇ ਹਾਂ। ਹਰੇਕ ਸੀਨੀਅਰ ਸੈਕੰਡਰੀ ਅਤੇ ਹਾਈ ਸਕੂਲ ਨੂੰ ਇਹ ਪੈਨਲ ਦਿੱਤੇ ਜਾਣਗੇ, ਵਿਦਿਆਰਥੀਆਂ ਦੀ ਗਿਣਤੀ ਦੇ ਆਧਾਰ 'ਤੇ ਵੱਡੇ ਸਕੂਲਾਂ ਨੂੰ ਚਾਰ, ਪੰਜ ਜਾਂ ਅੱਠ ਯੂਨਿਟ ਦਿੱਤੇ ਜਾਣਗੇ। ਤਕਨਾਲੋਜੀ ਵਿੱਚ ਕੀਤੇ ਇਸ ਵੱਡੇ ਨਿਵੇਸ਼ ਨਾਲ ਇਹ ਯਕੀਨੀ ਬਣਾਇਆ ਜਾਵੇਗਾ ਕਿ ਡਿਜੀਟਲ ਸਾਖਰਤਾ ਅਤੇ ਸਮਾਰਟ ਲਰਨਿੰਗ ਹੁਣ ਸਿਰਫ ਨਿੱਜੀ ਸਕੂਲਾਂ ਤੱਕ ਹੀ ਸੀਮਿਤ ਨਹੀਂ ਹਨ ਬਲਕਿ ਇਹ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਹਰ ਵਿਦਿਆਰਥੀ ਦਾ ਬੁਨਿਆਦੀ ਅਧਿਕਾਰ ਹਨ।

ਇਸ ਕਦਮ ਨੂੰ ਰਵਾਇਤੀ ਚਾਕਬੋਰਡਾਂ ਤੋਂ ਤਕਨਾਲੋਜੀ ਅਧਾਰਤ ਸਮਾਰਟ ਕਲਾਸਰੂਮਾਂ ਵੱਲ ਇੱਕ ਫੈਸਲਾਕੁੰਨ ਤਬਦੀਲੀ ਦੱਸਦਿਆਂ ਸਿੱਖਿਆ ਮੰਤਰੀ ਨੇ ਕਿਹਾ, ਇਸ ਕਦਮ ਤਹਿਤ ਪੁਰਾਣੇ ਕੰਪਿਊਟਰਾਂ ਨੂੰ ਬਦਲਿਆ ਜਾਵੇਗਾ। ਬਹੁਤ ਲੰਬੇ ਸਮੇਂ ਤੋਂ, ਸਾਡੇ ਵਿਦਿਆਰਥੀ ਪੁਰਾਣੇ ਕੰਪਿਊਟਰਾਂ 'ਤੇ ਕੰਮ ਕਰ ਰਹੇ ਸਨ ਜੋ ਬਹੁਤ ਘੱਟ ਕੰਮ ਕਰਦੇ ਸਨ ਅਤੇ ਅਜੇ ਵੀ ਮਾਈਕ੍ਰੋਸਾਫਟ ਪੇਂਟ ਦੇ ਪੁਰਾਣੇ ਸੰਸਕਰਣਾਂ 'ਤੇ ਚੱਲ ਰਹੇ ਸਨ। ਅਸੀਂ ਇਸ ਨੂੰ ਸਥਾਈ ਤੌਰ 'ਤੇ ਬਦਲ ਰਹੇ ਹਾਂ।

ਉਨ੍ਹਾਂ ਕਿਹਾ ਕਿ ਇਸ ਸਬੰਧੀ ਲਾਗੂਕਰਨ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ ਅਤੇ ਇਹ ਕੋਈ ਭਵਿੱਖੀ ਵਾਅਦਾ ਨਹੀਂ ਹੈ। ਉਨ੍ਹਾਂ ਕਿਹਾ, ਇਹ ਸਿਰਫ਼ ਭਵਿਖੀ ਐਲਾਨ ਨਹੀਂ ਹੈ; ਅੱਜ ਸਕੂਲਾਂ ਵਿੱਚ ਕੰਪਿਊਟਰਾਂ ਦੀ ਡਿਲੀਵਰੀ ਸ਼ੁਰੂ ਹੋ ਚੁੱਕੀ ਹੈ। 20 ਮਾਰਚ ਤੱਕ, ਪੰਜਾਬ ਦੇ ਹਰ ਜ਼ਿਲ੍ਹੇ ਦੇ ਹਰ ਸਕੂਲ ਨੂੰ ਆਪਣੇ ਨਵੇਂ ਉਪਕਰਣ ਮਿਲ ਜਾਣਗੇ।

ਸ. ਹਰਜੋਤ ਸਿੰਘ ਬੈਂਸ ਨੇ ਦੁਹਰਾਇਆ ਕਿ ਵੱਡੇ ਪੱਧਰ 'ਤੇ ਕੀਤਾ ਜਾ ਰਿਹਾ ਇਹ ਬਦਲਾਅ ਸਿੱਖਿਆ ਸ਼ਾਸਤਰ ਵਿੱਚ ਇੱਕ ਢਾਂਚਾਗਤ ਤਬਦੀਲੀ ਨੂੰ ਉਜਾਗਰ ਕਰਦਾ ਹੈ। ਉਨ੍ਹਾਂ ਕਿਹਾ, ਇੰਟਰਐਕਟਿਵ ਫਲੈਟ ਪੈਨਲਾਂ ਅਤੇ ਕੰਪਿਊਟਰਾਂ ਦਾ ਇਹ ਵੱਡੇ ਪੱਧਰ 'ਤੇ ਬਦਲਾਅ ਅਹਿਮ ਭੂਮਿਕਾ ਨਿਭਾਏਗਾ। ਇਹ ਬੁਨਿਆਦੀ ਤੌਰ 'ਤੇ ਪੜ੍ਹਾਉਣ , ਸਮਝਣ ਅਤੇ ਅਨੁਭਵ ਨੂੰ ਬਦਲ ਦੇਵੇਗਾ। ਪੰਜਾਬ ਸਿੱਖਿਆ ਕ੍ਰਾਂਤੀ ਪ੍ਰਣਾਲੀਗਤ ਸੁਧਾਰ ਬਾਰੇ ਹੈ ਅਤੇ ਡਿਜੀਟਲ ਕਲਾਸਰੂਮ ਇਸ ਦਾ ਇੱਕ ਅਹਿਮ ਥੰਮ੍ਹ ਹਨ।

ਸਿੱਖਿਆ ਮੰਤਰੀ ਨੇ ਦੱਸਿਆ ਕਿ ਸਕੂਲ ਮੁਖੀਆਂ ਨੂੰ 21 ਫਰਵਰੀ ਤੋਂ 20 ਮਾਰਚ ਤੱਕ ਸਕੂਲ ਪੱਧਰੀ ਅਨਬਾਕਸਿੰਗ ਸੈਲੀਬ੍ਰੇਸ਼ਨ ਪ੍ਰੋਗਰਾਮ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ ਹਨ, ਜਿਸ ਵਿੱਚ ਮਾਪਿਆਂ, ਸਕੂਲ ਪ੍ਰਬੰਧਨ ਕਮੇਟੀਆਂ, ਪੰਚਾਇਤਾਂ, ਸੇਵਾਮੁਕਤ ਅਧਿਆਪਕਾਂ ਅਤੇ ਸਾਬਕਾ ਸੈਨਿਕਾਂ ਨੂੰ ਇਸ ਨਵੇਂ ਡਿਜੀਟਲ ਯੁੱਗ ਦੀ ਸ਼ੁਰੂਆਤ ਦੇ ਗਵਾਹ ਬਣਨ ਲਈ ਸੱਦਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ, ਅਸੀਂ ਚਾਹੁੰਦੇ ਹਾਂ ਕਿ ਸਮੁੱਚਾ ਭਾਈਚਾਰਾ ਸਰਕਾਰੀ ਸਿੱਖਿਆ ਪ੍ਰਣਾਲੀ ਵਿੱਚ ਕੀਤੀ ਜਾ ਰਹੀ ਇਸ ਅਹਿਮ ਤਬਦੀਲੀ ਦਾ ਅਨੁਭਵ ਕਰੇ। ਅਕਸਰ, ਲੋਕ ਸਰਕਾਰੀ ਸਕੂਲਾਂ ਨੂੰ ਬਾਹਰੋਂ ਦੇਖਦੇ ਹਨ ਅਤੇ ਅੰਦਰਲੀਆਂ ਤਬਦੀਲੀਆਂ ਬਾਰੇ ਉਨ੍ਹਾਂ ਨੂੰ ਅਹਿਸਾਸ ਨਹੀਂ ਹੁੰਦਾ।

ਮਾਪਿਆਂ ਨੂੰ ਇਹ ਦੇਖਣ ਦਿਓ ਕਿ ਉਨ੍ਹਾਂ ਦੇ ਬੱਚੇ ਉਨ੍ਹਾਂ ਦੇ ਖੇਤਰ ਦੇ ਪ੍ਰਾਈਵੇਟ ਸਕੂਲਾਂ ਨਾਲੋਂ ਵੀ ਬਿਹਤਰ ਨਵੀਨਤਮ ਤਕਨਾਲੋਜੀ ਨਾਲ ਸਿੱਖਿਆ ਪ੍ਰਾਪਤ ਰਹੇ ਹਨ। ਇਸ ਨਾਲ ਸਾਡੀ ਜਨਤਕ ਸਿੱਖਿਆ ਪ੍ਰਣਾਲੀ ਵਿੱਚ ਉਨ੍ਹਾਂ ਦਾ ਵਿਸ਼ਵਾਸ ਹੋਰ ਵਧੇਗਾ।

ਟੀਈਟੀ ਸਬੰਧੀ ਯੋਗਤਾਵਾਂ ਬਾਰੇ ਮੀਡੀਆ ਦੇ ਸਵਾਲ ਦਾ ਜਵਾਬ ਦਿੰਦਿਆਂ ਹਰਜੋਤ ਸਿੰਘ ਬੈਂਸ ਨੇ ਕਿਹਾ, ਮੈਂ ਹਰੇਕ ਅਧਿਆਪਕ ਨੂੰ ਭਰੋਸਾ ਦਿਵਾਉਣਾ ਚਾਹੁੰਦਾ ਹਾਂ। ਤੁਹਾਡੀਆਂ ਨੌਕਰੀਆਂ ਸੁਰੱਖਿਅਤ ਹਨ। ਕੋਈ ਵੀ ਆਪਣੀ ਨੌਕਰੀ ਨਹੀਂ ਗੁਆਏਗਾ। ਉਨ੍ਹਾਂ ਕਿਹਾ ਕਿ ਉਹ 20 ਤੋਂ 25 ਸਾਲਾਂ ਤੋਂ ਸੇਵਾ ਨਿਭਾ ਰਹੇ ਤਜਰਬੇਕਾਰ ਅਧਿਆਪਕਾਂ ਦਰਮਿਆਨ ਵਧ ਰਹੀ ਚਿੰਤਾ ਨੂੰ ਸਮਝਦੇ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਕਾਨੂੰਨੀ ਹੱਲ ਲੱਭੇ ਜਾ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਉਹ ਅਧਿਆਪਕ ਯੂਨੀਅਨਾਂ ਦੇ ਨਿਰੰਤਰ ਸੰਪਰਕ ਵਿੱਚ ਹਨ ਅਤੇ ਅਸੀਂ ਕਾਨੂੰਨੀ ਰਾਹ ਦੀ ਭਾਲ ਕਰ ਰਹੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਪਣੇ ਅਧਿਆਪਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ।

ਇਸ ਪਹਿਲਕਦਮੀ ਨੂੰ ਸਖ਼ਤ ਨਿਗਰਾਨੀ, ਸੁਰੱਖਿਅਤ ਇੰਸਟਾਲੇਸ਼ਨ ਪ੍ਰੋਟੋਕੋਲ ਅਤੇ ਜਨਤਕ ਸਰੋਤਾਂ ਦੀ ਪਾਰਦਰਸ਼ੀ ਢੰਗ ਨਾਲ ਵਰਤੋਂ ਨਾਲ ਲਾਗੂ ਕੀਤਾ ਜਾ ਰਿਹਾ ਹੈ ਤਾਂ ਜੋ ਜ਼ਮੀਨੀ ਪੱਧਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਡਿਜੀਟਲ ਤਬਦੀਲੀ ਲਿਆਂਦੀ ਜਾ ਸਕੇ।

ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਨੂੰ ਰਵਾਇਤੀ ਕਲਾਸਰੂਮਾਂ ਤੋਂ ਸਮਾਰਟ, ਤਕਨਾਲੋਜੀ ਅਧਾਰਤ ਸਿੱਖਣ ਮਾਹੌਲ ਵਿੱਚ ਤਬਦੀਲ ਕਰਦਿਆਂ ਭਗਵੰਤ ਮਾਨ ਸਰਕਾਰ ਨੇ ਪੰਜਾਬ ਦੇ ਵਿਦਿਆਰਥੀਆਂ ਨੂੰ ਡਿਜੀਟਲ ਤਿਆਰੀ ਵਿੱਚ ਮੋਹਰੀ ਰੱਖਿਆ ਹੈ ਅਤੇ ਇਹ ਯਕੀਨੀ ਬਣਾਇਆ ਹੈ ਕਿ ਉਹ ਤੇਜ਼ੀ ਨਾਲ ਵਿਕਸਤ ਹੋ ਰਹੇ ਸੰਸਾਰ ਵਿੱਚ ਉਚੇਰੀ ਸਿੱਖਿਆ, ਰੁਜ਼ਗਾਰ ਅਤੇ ਲੀਡਰਸ਼ਿਪ ਲਈ ਲੋੜੀਂਦੀਆਂ ਯੋਗਤਾਵਾਂ ਨਾਲ ਲੈਸ ਹਨ।

# ਪੈਨ ਇੰਡੀਆ ਪ੍ਰੋਗਰਾਮ ਤਹਿਤ ਚਾਈਲਡ ਲੇਬਰ ਵਿਰੁੱਧ ਵਿਸ਼ੇਸ਼ ਚੈਕਿੰਗ ਮੁਹਿਮ



**ਮਲੇਰਕੋਟਲਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਦੇ ਦਿਸ਼ਾ ਨਿਰਦੇਸ਼ਾਂ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਹਰਪ੍ਰੀਤ ਕੌਰ ਸੰਧੂ ਦੀਆਂ ਹਦਾਇਆਂ ਅਨੁਸਾਰ ਪੈਨ ਇੰਡੀਆ ਪ੍ਰੋਗਰਾਮ ਅਧੀਨ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਚਾਈਲਡ ਲੇਬਰ ਵਿਰੁੱਧ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਗਈ। ਇਸ ਚੈਕਿੰਗ ਦੌਰਾਨ ਜ਼ਿਲ੍ਹਾ ਟਾਸਕ ਫੋਰਸ ਕਮੇਟੀ ਵੱਲੋਂ ਹੋਟਲਾਂ, ਢਾਬਿਆਂ, ਵਰਕਸ਼ਾਪਾਂ ਅਤੇ ਹੋਰ ਵਪਾਰਕ ਸਥਾਨਾਂ ਦੀ ਜਾਂਚ ਕੀਤੀ ਗਈ, ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਕਿਸੇ ਵੀ ਨਾਬਾਲਿਗ ਬੱਚੇ ਤੋਂ ਕਿਸੇ ਵੀ ਪ੍ਰਕਾਰ ਦੀ ਮਜ਼ਦੂਰੀ ਨਹੀਂ ਕਰਵਾਈ ਜਾ ਰਹੀ ।

ਇਸ ਚੈਕਿੰਗ ਦੌਰਾਨ ਤਿੰਨ ਬੱਚੇ ਬਾਲ ਮਜ਼ਦੂਰੀ ਕਰਦੇ ਮਿਲੇ, ਜਿਨ੍ਹਾਂ ਨੂੰ ਤੁਰੰਤ ਟੀਮ ਵੱਲੋਂ ਰੈਸਕਿਊ ਕੀਤਾ ਗਿਆ। ਲੇਬਰ ਇੰਸਪੈਕਟਰ ਗੁਰਪ੍ਰੀਤ ਸਿੰਘ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਟੀਮ ਦੀ ਮੌਜੂਦਗੀ ਦੇ ਵਿੱਚ ਬਾਲ ਮਜ਼ਦੂਰੀ ਕਰਦੇ ਬੱਚਿਆਂ ਨੂੰ ਮਜ਼ਦੂਰੀ ਤੋਂ ਹਟਾ ਕੇ ਉਨਾਂ ਨੂੰ ਉਨਾਂ ਦਾ ਬੈਕ ਵੇਜਿਜ ਮੁਕੰਮਲ ਕੰਪਨਸੇਸ਼ਨ ਰਕਮ ਦੁਕਾਨ ਦੇ ਮਾਲਕ ਤੋਂ ਬੱਚੇ ਨੂੰ ਦਵਾਈ ਗਈ ਬਾਲ ਸੁਰੱਖਿਆ ਵਿਭਾਗ ਦੀ ਟੀਮ ਵੱਲੋਂ ਬੱਚਿਆਂ ਨਾਲ ਸੰਵੇਦਨਸ਼ੀਲ ਢੰਗ ਨਾਲ ਗੱਲਬਾਤ ਕਰਕੇ ਉਨ੍ਹਾਂ ਦੇ ਪਰਿਵਾਰਾਂ ਸਬੰਧੀ ਜਾਣਕਾਰੀ ਲਈ ਗਈ। ਉਨ੍ਹਾਂ ਨੂੰ ਕਾਨੂੰਨੀ ਪ੍ਰਕਿਰਿਆ ਅਨੁਸਾਰ ਚਾਈਲਡ ਵੈਲਫੇਅਰ ਕਮੇਟੀ ਅੱਗੇ ਪੇਸ਼ ਕੀਤਾ ਗਿਆ, ਜਿੱਥੇ ਕਮੇਟੀ ਵੱਲੋਂ ਉਨ੍ਹਾਂ ਦੀ ਭਲਾਈ ਲਈ ਲਾਜ਼ਮੀ ਹੁਕਮ ਜਾਰੀ ਕੀਤੇ ਗਏ।

ਕਮੇਟੀ ਦੇ ਨਿਰਦੇਸ਼ਾਂ ਅਨੁਸਾਰ ਦੋ ਬੱਚਿਆਂ ਦਾ ਸਰਕਾਰੀ ਸਕੂਲ ਵਿੱਚ ਦਾਖਲਾ ਕਰਵਾਇਆ ਗਿਆ ਤਾਂ ਜੋ ਉਹ ਆਪਣੀ ਪੜ੍ਹਾਈ ਜਾਰੀ ਰੱਖ ਸਕਣ। ਇੱਕ ਬੱਚੇ ਨੂੰ ਮਦਰੱਸੇ ਵਿੱਚ ਦਾਖਲ ਕਰਵਾਇਆ ਗਿਆ, ਤਾਂ ਜੋ ਉਹ ਵੀ ਪੜ੍ਹਾਈ ਤੋਂ ਵਾਂਝਾ ਨਾ ਰਹੇ । ਇਸ ਤੋਂ ਇਲਾਵਾ ਸਬੰਧਿਤ ਦੁਕਾਨਦਾਰਾਂ ਨੂੰ ਭਵਿੱਖ ਵਿੱਚ ਬੱਚਿਆਂ ਤੋਂ ਮਜ਼ਦੂਰੀ ਨਾ ਕਰਵਾਉਣ ਲਈ ਸਖਤ ਚੇਤਾਵਨੀ ਦਿੱਤੀ ਗਈ ਅਤੇ ਉਨ੍ਹਾਂ ਦੀ ਨਿਯਮਾਂ ਦੀ ਉਲੰਘਣਾ ਕਰਨ ਤੇ ਹੋਣ ਵਾਲੀ ਕਾਨੂੰਨੀ ਕਾਰਵਾਈ ਬਾਰੇ ਜਾਣੂ ਕਰਵਾਇਆ ਗਿਆ ।

ਇਸ ਮੁਹਿੰਮ ਦਾ ਮੁੱਖ ਉਦੇਸ਼ ਬੱਚਿਆਂ ਨੂੰ ਸ਼ੋਸ਼ਣ ਤੋਂ ਬਚਾਉਣਾ ਅਤੇ ਉਨ੍ਹਾਂ ਨੂੰ ਸਿੱਖਿਆ ਦੇ ਮੌਕੇ ਪ੍ਰਦਾਨ ਕਰਨਾ ਹੈ, ਤਾਂ ਜੋ ਉਹ ਸੁਨਿਹਰੇ ਭਵਿੱਖ ਵੱਲ ਅੱਗੇ ਵੱਧ ਸਕਣ।

ਇਸ ਮੌਕੇ ਬਾਲ ਸੁਰੱਖਿਆ ਅਫਸਰ ਮੁਬੀਨ ਕੁਰੈਸ਼ੀ, ਸੁਖਵਿੰਦਰ ਸਿੰਘ, ਸਿੱਖਿਆ ਵਿਭਾਗ ਤੋਂ ਕੁਲਵੀਰ ਸਿੰਘ, ਸਿਹਤ ਵਿਭਾਗ ਤੋਂ ਮੁਹੰਮਦ ਰਫੀਕ, ਪੁਲਿਸ ਵਿਭਾਗ ਤੋਂ ਸਾਬਰ ਖਾਨ, ਚਾਈਲਡ ਲਾਈਨ ਤੋਂ ਇਮਤਿਆਜ਼ ਅਹਿਮਦ, ਮੀਡੀਆ ਸਹਾਇਕ ਪਰਗਟ ਸਿੰਘ ਤੋਂ ਇਲਾਵਾ ਬਾਲ ਸੁਰੱਖਿਆ ਵਿਭਾਗ ਦੇ ਹੋਰ ਅਧਿਕਾਰੀ ਹਾਜ਼ਰ ਸਨ।

# ਔਰਤਾਂ ਦੇ ਮਾਣ-ਸਨਮਾਨ ਨਾਲ ਕੋਈ ਸਮਝੌਤਾ ਨਹੀਂ; ਅਸ਼ਲੀਲ ਅਤੇ ਅਪਮਾਨਜਨਕ ਪੇਸ਼ਕਾਰੀ ਵਿਰੁੱਧ ਤੁਰੰਤ ਅਤੇ ਸਖ਼ਤ ਕਾਰਵਾਈ: ਡਾ. ਬਲਜੀਤ ਕੌਰ

**ਚੰਡੀਗੜ੍ਹ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਇਸ਼ਤਿਹਾਰਾਂ ਵਿੱਚ ਔਰਤਾਂ ਨੂੰ ਅਸ਼ਲੀਲ ਅਤੇ ਅਪਮਾਨਜਨਕ ਢੰਗ ਨਾਲ ਪੇਸ਼ ਕਰਨ ਦੇ ਕਈ ਮਾਮਲਿਆਂ 'ਤੇ ਗੰਭੀਰ ਚਿੰਤਾ ਜ਼ਾਹਰ ਕੀਤੀ ਅਤੇ ਕਿਹਾ ਹੈ ਕਿ ਪੰਜਾਬ ਸਰਕਾਰ ਔਰਤਾਂ ਦੇ ਮਾਣ-ਸਨਮਾਨ ਦੀ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਬਰਦਾਸ਼ਤ ਨਹੀਂ ਕਰੇਗੀ।

ਇਸ ਮੁੱਦੇ 'ਤੇ ਬੋਲਦਿਆਂ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ, "ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਵੱਖ-ਵੱਖ ਇਸ਼ਤਿਹਾਰਾਂ ਰਾਹੀਂ ਔਰਤਾਂ ਦੇ ਅਸ਼ਲੀਲ ਅਤੇ ਅਪਮਾਨਜਨਕ ਚਿੱਤਰਣ ਦੇ ਕਈ ਮਾਮਲੇ ਵਿਭਾਗ ਦੇ ਧਿਆਨ ਵਿੱਚ ਆਏ ਹਨ। ਔਰਤਾਂ ਦੀ ਅਸ਼ਲੀਲ ਪ੍ਰਤੀਨਿਧਤਾ (ਮਨਾਹੀ) ਐਕਟ, 1986 ਔਰਤਾਂ ਦੇ ਕਿਸੇ ਵੀ ਅਸ਼ਲੀਲ ਜਾਂ ਅਪਮਾਨਜਨਕ ਚਿੱਤਰਣ 'ਤੇ ਸਖ਼ਤੀ ਨਾਲ ਪਾਬੰਦੀ ਲਗਾਉਂਦਾ ਹੈ।"

ਉਨ੍ਹਾਂ ਅੱਗੇ ਕਿਹਾ ਕਿ ਇਸ਼ਤਿਹਾਰਾਂ, ਪ੍ਰਕਾਸ਼ਨਾਂ, ਪੇਂਟਿੰਗਾਂ ਜਾਂ ਕਿਸੇ ਹੋਰ ਮੀਡੀਆ ਪਲੇਟਫਾਰਮ ਰਾਹੀਂ ਔਰਤਾਂ ਨੂੰ ਅਸ਼ਲੀਲ ਜਾਂ ਅਪਮਾਨਜਨਕ ਢੰਗ ਨਾਲ ਪੇਸ਼ ਕਰਨਾ ਕਾਨੂੰਨ ਅਧੀਨ ਸਜ਼ਾਯੋਗ ਅਪਰਾਧ ਹੈ ਅਤੇ ਐਕਟ ਦੇ ਉਪਬੰਧਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਔਰਤਾਂ ਦੀ ਇੱਜ਼ਤ, ਸਨਮਾਨ ਅਤੇ



ਸੁਰੱਖਿਆ ਦੀ ਰਾਖੀ ਪੰਜਾਬ ਸਰਕਾਰ ਦੀਆਂ ਪ੍ਰਮੁੱਖ ਤਰਜੀਹਾਂ ਵਿੱਚੋਂ ਇੱਕ ਹੈ ਅਤੇ ਇਸ ਸਬੰਧ ਵਿੱਚ ਕਾਨੂੰਨ ਦੀ ਕਿਸੇ ਵੀ ਉਲੰਘਣਾ 'ਤੇ ਨਿਰਧਾਰਤ ਉਪਬੰਧਾਂ ਅਨੁਸਾਰ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਮੀਡੀਆ ਪਲੇਟਫਾਰਮਾਂ ਨੂੰ ਸਪੱਸ਼ਟ ਨਿਰਦੇਸ਼ ਜਾਰੀ ਕਰਦਿਆਂ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ, "ਸਾਰੇ ਟੀਵੀ ਚੈਨਲਾਂ, ਵੈੱਬਸਾਈਟਾਂ, ਵੈੱਬ-ਅਧਾਰਿਤ ਐਪਲੀਕੇਸ਼ਨਾਂ, ਅਖ਼ਬਾਰਾਂ ਅਤੇ ਹੋਰ ਆਡੀਓ-ਵਿਜ਼ੂਅਲ ਮੀਡੀਆ ਪਲੇਟਫਾਰਮਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਔਰਤਾਂ ਨੂੰ ਅਸ਼ਲੀਲ ਜਾਂ ਅਪਮਾਨਜਨਕ ਢੰਗ ਨਾਲ ਦਰਸਾਉਂਦੀ ਕੋਈ ਵੀ ਸਮੱਗਰੀ ਜਾਂ ਇਸ਼ਤਿਹਾਰ ਪ੍ਰਸਾਰਿਤ, ਪ੍ਰਕਾਸ਼ਿਤ ਜਾਂ ਛਾਪਿਆ ਨਾ ਜਾਵੇ। ਅਜਿਹੀ ਸਮੱਗਰੀ ਦਾ ਪ੍ਰਸਾਰਣ ਕਾਨੂੰਨ ਦੀ ਉਲੰਘਣਾ ਹੈ ਅਤੇ ਇਸ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਜਾਂ ਸੰਗਠਨ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।"

ਮੰਤਰੀ ਨੇ ਸੂਬੇ ਭਰ ਵਿੱਚ ਸਖ਼ਤ ਪ੍ਰਸ਼ਾਸਕੀ ਨਿਗਰਾਨੀ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ, "ਪੰਜਾਬ ਦੇ ਸਾਰੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਅਜਿਹੇ ਮਾਮਲਿਆਂ ਦਾ ਖੁਦ ਨੋਟਿਸ ਲੈਣ ਅਤੇ ਪ੍ਰਾਪਤ ਹੋਈਆਂ ਸ਼ਿਕਾਇਤਾਂ 'ਤੇ ਸਬੰਧਿਤ ਕਾਨੂੰਨੀ ਉਪਬੰਧਾਂ ਦੇ ਅਨੁਸਾਰ ਤੁਰੰਤ ਕਾਰਵਾਈ ਯਕੀਨੀ ਬਣਾਉਣ।" ਉਨ੍ਹਾਂ ਅੱਗੇ ਕਿਹਾ, "ਅਜਿਹੇ ਮਾਮਲਿਆਂ ਦੀ ਪੰਜਾਬ ਅਤੇ ਜ਼ਿਲ੍ਹਾ ਪੱਧਰ 'ਤੇ ਡਿਪਟੀ ਕਮਿਸ਼ਨਰਾਂ ਵੱਲੋਂ ਸਮੇਂ-ਸਮੇਂ 'ਤੇ ਸਮੀਖਿਆ ਕੀਤੀ ਜਾਵੇਗੀ।"

ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਪੰਜਾਬ ਦੇ ਸਾਰੇ ਸੀਨੀਅਰ ਸੁਪਰਡੈਂਟ ਆਫ ਪੁਲਿਸ ਨੂੰ ਕਾਨੂੰਨ ਦੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂਕਰਨ ਨੂੰ ਯਕੀਨੀ ਬਣਾਉਣ ਲਈ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਦੇ ਨਿਰਦੇਸ਼ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ, ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ, "ਪੰਜਾਬ ਸਰਕਾਰ ਔਰਤਾਂ ਦੇ ਅਧਿਕਾਰਾਂ, ਮਾਣ-ਸਨਮਾਨ ਅਤੇ ਸੁਰੱਖਿਆ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਸਮਾਜ ਵਿੱਚ ਔਰਤਾਂ ਪ੍ਰਤੀ ਜਾਗਰੂਕਤਾ ਅਤੇ ਸਤਿਕਾਰ ਨੂੰ ਮਜ਼ਬੂਤ ਕਰਨ ਲਈ ਸਰਕਾਰ ਵੱਲੋਂ ਲਗਾਤਾਰ ਪ੍ਰਭਾਵਸ਼ਾਲੀ ਕਦਮ ਚੁੱਕੇ ਜਾ ਰਹੇ ਹਨ।"

ਇਸ ਪਹਿਲਕਦਮੀ ਨੂੰ ਇੱਕ ਫੈਸਲਾਕੁੰਨ ਦੱਸਦਿਆਂ, ਉਨ੍ਹਾਂ ਕਿਹਾ, "ਪੰਜਾਬ ਸਰਕਾਰ ਦਾ ਇਹ ਉਪਰਾਲਾ ਇੱਕ ਸੁਰੱਖਿਅਤ, ਸਤਿਕਾਰਯੋਗ ਅਤੇ ਮਾਣਮੱਤੇ ਸਮਾਜ ਦੀ ਸਿਰਜਣਾ ਵੱਲ ਇੱਕ ਅਹਿਮ ਕਦਮ ਹੈ।"

# ਸ੍ਰੀ ਬਾਲਾ ਜੀ ਮਹਾਰਾਜ ਦੇ ਜਨਮ ਉਤਸਵ ਦਾ ਪੋਸਟਰ ਰਿਲੀਜ਼ ਕੀਤਾ



**ਸੁਨਾਮ ਊਧਮ ਸਿੰਘ ਵਾਲਾ, 1 ਮਾਰਚ**
**-ਸੁਭਾਸ਼ ਭਾਰਤੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਬਾਲਾ ਜੀ ਖਾਟੂ ਸ਼ਿਆਮ ਮੰਦਿਰ ਕਮੇਟੀ ਸੁਨਾਮ ਦੁਆਰਾ ਸ਼੍ਰੀ ਬਾਲਾ ਜੀ ਮਹਾਰਾਜ ਦੇ ਜਨਮ ਉਤਸਵ ਦਾ ਪੋਸਟਰ ਰਿਲੀਜ਼ ਕੀਤਾ ਗਿਆ।

ਸ਼੍ਰੀ ਬਾਲਾਜੀ ਖਾਟੂ ਸ਼ਿਆਮ ਮੰਦਰ ਦੇ ਮੈਂਬਰ ਗੌਰਵ ਜਨਾਲੀਆ ਨੇ ਦੱਸਿਆ ਕਿ ਸ਼੍ਰੀ ਹਨੂੰਮਾਨ ਜੀ ਦੇ ਜਨਮੋਤਸਵ ਦਾ ਪੋਸਟਰ ਸ੍ਰੀ ਬਾਲਾਜੀ ਖਾਟੂ ਸ਼ਿਆਮ ਮੰਦਿਰ ਵਿਖੇ ਅੰਮ੍ਰਿਤਸਰ ਦੇ ਆਰ ਟੀ ਏ ਹਿਤੇਸ਼ ਵੀਰ ਗੁਪਤਾ, ਸਾਬਕਾ ਰੋਟਰੀ ਗਵਰਨਰ ਘਨਸ਼ਿਆਮ ਕਾਂਸਲ, ਕੈਬਨਿਟ ਮੰਤਰੀ ਅਮਨ ਅਰੋੜਾ ਦੇ ਮੀਡੀਆ ਕੋਆਰਡੀਨੇਟਰ ਜਤਿੰਦਰ ਜੈਨ, ਅਗਰੋਹਾ ਵਿਕਾਸ ਟਰੱਸਟ ਦੇ ਬੁਲਾਰੇ ਮਨਪ੍ਰੀਤ ਬਾਂਸਲ ਅਤੇ ਅਗਰਵਾਲ ਸਭਾ ਸੁਨਾਮ ਦੇ ਚੇਅਰਮੈਨ ਪ੍ਰੇਮ ਗੁਪਤਾ ਦੁਆਰਾ ਜਾਰੀ ਕੀਤਾ ਗਿਆ। ਸਾਰਿਆਂ ਨੇ ਪਹਿਲਾਂ ਸ਼੍ਰੀ ਬਾਲਾ ਜੀ ਮਹਾਰਾਜ ਦੇ ਦਰਬਾਰ ਵਿੱਚ ਨਤਮਸਤਕ ਹੋਕੇ ਆਸ਼ੀਰਵਾਦ ਲਿਆ ਤੇ ਲੱਡੂਆ ਦਾ ਭੋਗ ਲਗਵਾਇਆ ਗਿਆ। ਇਸ ਤੋਂ ਬਾਅਦ ਪੂਰੀ ਵਿਧੀ ਦੇ ਨਾਲ ਸ੍ਰੀ ਹਨੂੰਮਾਨ ਜੀ ਮਹਾਰਾਜ ਜੀ ਦੇ ਜੈਕਾਰੇ ਲਗਾਉਂਦੇ ਹੋਏ ਜਨਮੋਤਸਵ ਦਾ ਪੋਸਟਰ ਭਗਤਾਂ ਨਾਲ ਮਿਲ ਕੇ ਰਿਲੀਜ਼ ਕੀਤਾ ਗਿਆ।

ਇਸ ਮੌਕੇ 'ਤੇ ਸਾਰਿਆਂ ਨੇ ਦਿਲ ਦੀਆਂ ਗਹਿਰਾਈਆਂ ਤੋਂ ਸ੍ਰੀ ਬਾਲਾਜੀ ਮੰਦਿਰ ਕਮੇਟੀ ਦਾ ਧੰਨਵਾਦ ਕੀਤਾ ਜਿਹਨਾਂ ਨੇ ਇਸ ਸ਼ੁਭ ਕੰਮ ਲਈ ਉਹਨਾਂ ਨੂੰ ਯੋਗ ਸਮਝਿਆ ਅਤੇ ਸੇਵਾ ਦਾ ਮੌਕਾ ਦਿੱਤਾ ਅਤੇ ਸ਼੍ਰੀ ਬਾਲਾ ਜੀ ਮਹਾਰਾਜ ਦੀ ਕਿਰਪਾ ਦਾ ਪਾਤਰ ਬਣਾਇਆ ਅਤੇ ਕਮੇਟੀ ਦੁਆਰਾ ਕੀਤੇ ਗਏ ਧਾਰਮਿਕ ਅਤੇ ਸਮਾਜਿਕ ਕੰਮਾਂ ਦੀ ਪ੍ਰਸ਼ੰਸ਼ਾ ਕਰਦੇ ਹੋਏ ਮੰਦਿਰ ਕਮੇਟੀ ਨੂੰ ਹਰ ਪ੍ਰਕਾਰ ਦੀ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਜਨਾਲੀਆ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼੍ਰੀ ਹਨੂੰਮਾਨ ਜੀ ਦਾ ਜਨਮੋਤਸਵ ਬਹੁਤ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਵਾਰ ਹਨੂੰਮਾਨ ਜੀ ਦਾ ਜਨਮੋਤਸਵ ਵੀਰਵਾਰ, 2 ਅਪ੍ਰੈਲ, 2026 ਨੂੰ ਹੈ, ਜਿਸ ਦੇ ਸਬੰਧ ਵਿੱਚ ਸੁਨਾਮ ਵਿੱਚ ਪੰਜ ਦਿਨਾਂ ਦਾ ਸੰਕਟਮੋਚਨ ਯੱਗ ਐਤਵਾਰ, 29 ਮਾਰਚ ਨੂੰ ਸਵੇਰੇ 7:00 ਵਜੇ ਸ਼ੁਰੂ ਹੋਵੇਗਾ ਅਤੇ 30 ਮਾਰਚ ਨੂੰ ਸ਼ਾਮ 4:30 ਵਜੇ ਸ਼ਹਿਰ ਵਿੱਚ ਇੱਕ ਵਿਸ਼ਾਲ ਝੰਡਾ ਯਾਤਰਾ ਕੱਢੀ ਜਾਵੇਗੀ ਅਤੇ ਬੁੱਧਵਾਰ 1 ਅਪ੍ਰੈਲ ਨੂੰ ਸਵੇਰੇ ਸ਼੍ਰੀ ਰਾਮਚਰਿਤ ਮਾਨਸ ਜੀ ਦਾ ਪਾਠ ਸ਼ੁਰੂ ਹੋਵੇਗਾ ਅਤੇ ਵੀਰਵਾਰ 2 ਅਪ੍ਰੈਲ, 2026 ਨੂੰ ਪੂਰਨਾਹੁਤੀ ਹੋਵੇਗੀ ਅਤੇ ਰਾਤ ਨੂੰ ਇੱਕ ਵਿਸ਼ਾਲ ਜਾਗਰਣ ਕੀਤਾ ਜਾਵੇਗਾ। ਇਸ ਮੌਕੇ ਸ਼ੀਤਲ ਮਿੱਤਲ, ਨਰਿੰਦਰ ਗਰਗ, ਕੇਸ਼ਵ ਗੁਪਤਾ, ਅਨਿਲ ਗੋਇਲ, ਪ੍ਰਵੇਸ਼ ਅਗਰਵਾਲ, ਵਰੁਣ ਕਾਂਸਲ, ਸੁਨੀਲ ਖੀਪਲਾ, ਰਜਤ ਜੈਨ, ਵਿਕਾਸ ਕਾਂਸਲ, ਸੁਨੀਲ ਗੋਇਲ, ਸੋਨੂੰ ਗੋਇਲ, ਪਰਮਾਨੰਦ ਗਰਗ, ਨਰਾਇਣ ਸ਼ਰਮਾ, ਮਾਧਵ ਜਨਾਲੀਆ, ਸਚਿਨ ਗੱਬਰੂ, ਲੱਕੀ ਬੱਲੀ ਸਮੇਤ ਸੈਂਕੜੇ ਸ਼ਰਧਾਲੂਆਂ ਨੇ ਬਾਲਾ ਜੀ ਮਹਾਰਾਜ ਦਾ ਆਸ਼ੀਰਵਾਦ ਲਿਆ।

## ਪੈਨਸ਼ਨਰਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਵਿੱਤ ਮੰਤਰੀ ਦਾ ਵੱਡਾ ਫੈਸਲਾ: ਬੈਂਕਾਂ ਨੂੰ 31 ਮਾਰਚ ਤੱਕ ਦਾ ਅਲਟੀਮੇਟਮ

# ਪੈਨਸ਼ਨਰ ਸੇਵਾ ਪੋਰਟਲ ਦੇ ਸਾਰੇ ਲੰਬਿਤ ਮੁੱਦਿਆਂ ਦਾ 31 ਮਾਰਚ, 2026 ਤੱਕ ਨਿਪਟਾਰਾ ਕਰਨਾ ਲਾਜ਼ਮੀ, ਅਣਗਹਿਲੀ ਵਰਤਣ ਵਾਲੇ ਬੈਂਕਾਂ ਵਿਰੁੱਧ ਹੋਵੇਗੀ ਸਖ਼ਤ ਕਾਰਵਾਈ: ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇੱਥੇ ਪੰਜਾਬ ਭਵਨ ਵਿਖੇ ਵੱਖ-ਵੱਖ ਬੈਂਕਾਂ ਨਾਲ ਇੱਕ ਵਿਆਪਕ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕੀਤੀ, ਜਿਸ ਦਾ ਉਦੇਸ਼ ਪੈਨਸ਼ਨਰ ਸੇਵਾ ਪੋਰਟਲ (ਪੀ ਐਸ ਪੀ) 'ਤੇ ਲੰਬਿਤ ਪਏ ਮੁੱਦਿਆਂ ਨੂੰ ਹੱਲ ਕਰਨਾ ਸੀ। ਵਾਰ-ਵਾਰ ਹੋ ਰਹੀ ਦੇਰੀ ਅਤੇ ਸਮਾਂ-ਸੀਮਾਵਾਂ ਦੀ ਉਲੰਘਣਾ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ, ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸਾਰੇ ਲੰਬਿਤ ਮਾਮਲਿਆਂ ਨੂੰ ਕਲੀਅਰ ਕਰਨ ਲਈ 31 ਮਾਰਚ, 2026 ਦੀ ਸਖ਼ਤ ਡੈੱਡਲਾਈਨ ਤੈਅ ਕੀਤੀ ਅਤੇ ਸਪੱਸ਼ਟ ਕੀਤਾ ਕਿ ਅੱਗੇ ਤੋਂ ਕੋਈ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਮੀਟਿੰਗ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਬੈਂਕ ਪਹਿਲਾਂ ਵੀ ਤੈਅ ਸਮਾਂ-ਸਾਰਣੀ ਦੀ ਪਾਲਣਾ ਕਰਨ ਵਿੱਚ ਅਸਫਲ ਰਹੇ ਸਨ, ਜਿਸ ਕਾਰਨ ਪੰਜਾਬ ਸਰਕਾਰ ਨੂੰ ਉਨ੍ਹਾਂ ਦੀ ਬੇਨਤੀ 'ਤੇ ਤਰੀਕਾਂ ਵਿੱਚ ਵਾਧਾ ਕਰਨਾ ਪਿਆ। ਉਨ੍ਹਾਂ ਕਿਹਾ, ਇਨ੍ਹਾਂ ਛੋਟਾਂ ਦੇ ਬਾਵਜੂਦ, ਪ੍ਰਮੁੱਖ ਵਿੱਤੀ ਸੰਸਥਾਵਾਂ ਵਿੱਚ ਭਾਰੀ ਬੈਕਲਾਗ ਬਰਕਰਾਰ ਹੈ। ਇਹ ਸਥਿਤੀ ਨਾ-ਮਨਜ਼ੂਰ ਹੈ। ਪੈਨਸ਼ਨਰ ਸੇਵਾ ਪੋਰਟਲ ਨਾਲ ਸਬੰਧਤ ਸਾਰੇ ਲੰਬਿਤ ਮੁੱਦਿਆਂ ਨੂੰ 31 ਮਾਰਚ, 2026 ਤੱਕ ਹੱਲ ਕੀਤਾ ਜਾਣਾ ਲਾਜ਼ਮੀ ਹੈ।

15 ਮਾਰਚ ਨੂੰ ਫਾਲੋ-ਅੱਪ ਸਮੀਖਿਆ ਮੀਟਿੰਗ ਦਾ ਐਲਾਨ ਕਰਦਿਆਂ ਵਿੱਤ ਮੰਤਰੀ ਨੇ ਸਖ਼ਤ ਚੇਤਾਵਨੀ ਦਿੱਤੀ। ਉਨ੍ਹਾਂ ਕਿਹਾ, ਪੰਜਾਬ ਸਰਕਾਰ 31 ਮਾਰਚ ਦੀ ਡੈੱਡਲਾਈਨ ਤੱਕ ਸਾਰੇ ਬਕਾਇਆ ਮੁੱਦਿਆਂ ਦਾ ਨਿਪਟਾਰਾ ਕਰਨ ਵਿੱਚ ਅਸਫਲ ਰਹਿਣ ਵਾਲੇ ਕਿਸੇ ਵੀ ਬੈਂਕ ਵਿਰੁੱਧ ਸਖ਼ਤ ਕਾਰਵਾਈ ਕਰੇਗੀ। ਪ੍ਰਸ਼ਾਸਨਿਕ ਅਕੁਸ਼ਲਤਾ ਕਾਰਨ ਪੈਨਸ਼ਨਰਾਂ ਨੂੰ ਪ੍ਰੇਸ਼ਾਨ ਨਹੀਂ ਹੋਣ ਦਿੱਤਾ ਜਾ ਸਕਦਾ।

ਪੰਜਾਬ ਸਰਕਾਰ ਦੀਆਂ 31 ਅਕਤੂਬਰ, 2025 ਦੀਆਂ ਹਦਾਇਤਾਂ, ਜਿਨ੍ਹਾਂ ਵਿੱਚ ਸਿਰਫ਼ ਜੀਵਨ ਪ੍ਰਮਾਣ



ਪੱਤਰ (ਜੇ ਪੀ ਪੀ) ਰਾਹੀਂ ਡਿਜੀਟਲ ਲਾਈਫ ਸਰਟੀਫਿਕੇਟ ਸਵੀਕਾਰ ਕਰਨ ਨੂੰ ਲਾਜ਼ਮੀ ਕੀਤਾ ਗਿਆ ਸੀ, ਦੀ ਗੈਰ-ਪਾਲਣਾ ਨੂੰ ਉਜਾਗਰ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੁਝ ਬੈਂਕਾਂ ਨੇ ਇਨ੍ਹਾਂ ਹਦਾਇਤਾਂ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਹੈ। ਉਨ੍ਹਾਂ ਕਿਹਾ, ÷ਕਿਸੇ ਵੀ ਤਰ੍ਹਾਂ ਦੇ ਕਮਿਊਨੀਕੇਸ਼ਨ ਗੈਪ ਨੂੰ ਦੂਰ ਕਰਨ ਲਈ, ਸਰਕਾਰ ਨੇ ਬੈਂਕਾਂ ਨੂੰ ਇੱਕ ਵਿਸ਼ੇਸ਼ ਸੰਦੇਸ਼ ਅਤੇ ਪੱਤਰ ਦਾ ਖਰੜਾ ਪ੍ਰਦਾਨ ਕੀਤਾ ਹੈ। ਬੈਂਕਾਂ ਨੂੰ ਇਹ ਸੰਦੇਸ਼ ਆਪਣੇ ਅੱਪਡੇਟ ਕੀਤੇ ਸੰਪਰਕ ਡਾਟਾਬੇਸ ਰਾਹੀਂ ਅੱਗੇ ਭੇਜਣਾ ਚਾਹੀਦਾ ਹੈ ਤਾਂ ਜੋ ਪੈਨਸ਼ਨਰਾਂ ਨੂੰ ਲਾਜ਼ਮੀ ਜੇ ਪੀ ਪੀ ਅਤੇ ਈ-ਕੇਵਾਈਸੀ ਲੋੜ ਬਾਰੇ ਪੂਰੀ ਤਰ੍ਹਾਂ ਜਾਣੂ ਕਰਵਾਇਆ ਜਾ ਸਕੇ। ਇਸ ਪ੍ਰਕਿਰਿਆ ਨੂੰ ਸਫਲਤਾਪੂਰਵਕ ਪੂਰਾ ਕਰਨ ਲਈ ਇਹ ਸਾਂਝਾ ਉਪਰਾਲਾ ਬਹੁਤ ਜ਼ਰੂਰੀ ਹੈ।

ਸੂਬੇ ਦੀ ਡੋਰ ਸਟੈਪ ਡਿਲਿਵਰੀ ਪਹਿਲਕਦਮੀ, ਜਿਸ ਦਾ ਉਦੇਸ਼ ਪੈਨਸ਼ਨਰਾਂ ਨੂੰ ਉਨ੍ਹਾਂ ਦੇ ਘਰ ਬੈਠੇ ਹੀ ਜੇ ਪੀ ਪੀ ਅਤੇ ਈ-ਕੇਵਾਈਸੀ ਪੂਰਾ ਕਰਨ ਵਿੱਚ ਸਹਾਇਤਾ ਕਰਨਾ ਹੈ, 'ਤੇ ਜ਼ੋਰ ਦਿੰਦਿਆਂ ਉਨ੍ਹਾਂ ਨੇ ਬੈਂਕਾਂ ਦੇ ਸਰਗਰਮ ਸਹਿਯੋਗ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ, ਸਾਈਬਰ ਠੱਗੀਆਂ ਅਤੇ ਡਿਜੀਟਲ ਗ੍ਰਿਫਤਾਰੀਆਂ ਦੇ ਵੱਧ ਰਹੇ ਖਤਰੇ ਨੂੰ ਦੇਖਦਿਆਂ, ਬਹੁਤ ਸਾਰੇ ਪੈਨਸ਼ਨਰ ਘਰ ਬੈਠਿਆਂ ਸੇਵਾਵਾਂ ਦੀ ਵਰਤੋਂ ਕਰਨ ਦੀ ਬਜਾਏ, ਸੁਰੱਖਿਆ ਪੱਖੋਂ ਖੁਦ ਬੈਂਕ ਸ਼ਾਖਾਵਾਂ ਵਿੱਚ ਜਾਣਾ ਪਸੰਦ ਕਰ ਸਕਦੇ ਹਨ। ਇਸ ਲਈ, ਬ੍ਰਾਂਚ ਪੱਧਰ 'ਤੇ ਤਿਆਰੀ ਹੋਣੀ ਬਹੁਤ ਜ਼ਰੂਰੀ ਹੈ।

ਇਨ੍ਹਾਂ ਹਦਾਇਤਾਂ ਨੂੰ ਹੋਰ ਮਜ਼ਬੂਤੀ ਦਿੰਦਿਆਂ, ਵਧੀਕ ਮੁੱਖ ਸਕੱਤਰ (ਵਿੱਤ) ਆਲੋਕ ਸ਼ੇਖਰ ਨੇ ਮੀਟਿੰਗ ਦੌਰਾਨ ਸਖ਼ਤ ਸੰਚਾਲਨ ਦਿਸ਼ਾ-ਨਿਰਦੇਸ਼ ਨਿਰਧਾਰਤ ਕੀਤੇ। ਉਨ੍ਹਾਂ ਕਿਹਾ, ਬੈਂਕ ਲਾਜ਼ਮੀ ਤੌਰ 'ਤੇ ਸਹੀ ਈ-ਸਕ੍ਰੋਲ ਅੱਪਲੋਡ ਕਰਨ ਅਤੇ ਜ਼ਿਲ੍ਹਾ ਖਜ਼ਾਨਾ ਅਫ਼ਸਰਾਂ ਵੱਲੋਂ ਦੱਸੀਆਂ ਗਈਆਂ ਕਮੀਆਂ ਨੂੰ ਤੁਰੰਤ ਦੂਰ ਕਰਨ। ਪਾਲਣਾ ਵਿੱਚ ਹੋਣ ਵਾਲੀ ਕਿਸੇ ਵੀ ਦੇਰੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਇਸ ਤੋਂ ਇਲਾਵਾ, ਉਨ੍ਹਾਂ ਬੈਂਕਾਂ ਨੂੰ ਹਦਾਇਤ ਕੀਤੀ ਕਿ ਉਹ ਸਾਰੇ ਬਕਾਇਆ ਪੀ.ਪੀ.ਓ. ਪੀ.ਡੀ.ਐੱਫ. ਜਮ੍ਹਾਂ ਕਰਵਾਉਣ, ਆਰਜ਼ੀ ਪੈਨਸ਼ਨਰਾਂ ਨੂੰ ਮਨਜ਼ੂਰੀ ਦੇਣ, ਅਤੇ 31 ਅਕਤੂਬਰ, 2025 ਦੀ ਕੱਟ-ਆਫ ਮਿਤੀ ਤੋਂ ਪਹਿਲਾਂ ਸਵੀਕਾਰ ਕੀਤੇ ਗਏ ਮੈਨੂਅਲ ਲਾਈਫ ਸਰਟੀਫਿਕੇਟਾਂ ਨੂੰ ਸਖਤੀ ਨਾਲ ਸਮਾਂ-ਬੱਧ ਤਰੀਕੇ ਨਾਲ ਅੱਪਲੋਡ ਕਰਨ। ਉਨ੍ਹਾਂ ਵਿੱਤੀ ਸੰਸਥਾਵਾਂ ਨੂੰ ਆਪਣੇ ਸਾਫਟਵੇਅਰ ਨੂੰ ਪੈਨਸ਼ਨਰ ਸੇਵਾ ਪੋਰਟਲ ਨਾਲ ਜੋੜਨ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਵੀ ਦਿੱਤੇ।

ਮੀਟਿੰਗ ਦੌਰਾਨ ਵਿਚਾਰੇ ਗਏ ਹੋਰ ਮੁੱਖ ਪ੍ਰਸ਼ਾਸਕੀ ਕੰਮਾਂ ਵਿੱਚ ਪ੍ਰਵਾਸੀ ਭਾਰਤੀ ਪੈਨਸ਼ਨਰਾਂ ਨੂੰ ਪੋਰਟਲ 'ਤੇ ਮਾਰਕ ਕਰਨਾ, ਉਨ੍ਹਾਂ ਦੇ ਨੋਟਰਾਈਜ਼ਡ ਲਾਈਫ ਸਰਟੀਫਿਕੇਟ ਅੱਪਲੋਡ ਕਰਨਾ ਅਤੇ ਮੌਜੂਦਾ ਸਮੇਂ ਬੈਂਕ ਪੱਧਰ 'ਤੇ ਪੈਂਡਿੰਗ ਸਾਰੀਆਂ ਜੇ ਪੀ ਪੀ ਬੇਨਤੀਆਂ 'ਤੇ ਕਾਰਵਾਈ ਕਰਨਾ ਸ਼ਾਮਲ ਸੀ।

ਮੀਟਿੰਗ ਦੇ ਅੰਤ ਵਿੱਚ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਪੈਨਸ਼ਨਰਾਂ ਦੀ ਭਲਾਈ ਪ੍ਰਤੀ ਅਟੁੱਟ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਕਿਹਾ, ਭਵਿੱਖ ਵਿੱਚ ਜੇ ਪੀ ਪੀ ਦੇ ਬੇਲੋੜੇ ਰੱਦ ਹੋਣ ਜਾਂ ਅਣਉਚਿਤ ਪ੍ਰਵਾਨਗੀਆਂ ਨੂੰ ਰੋਕਣ ਲਈ ਸਾਰੇ ਬੈਂਕ ਤੁਰੰਤ ਜ਼ਰੂਰੀ ਸਿਸਟਮ ਸੋਧਾਂ ਲਾਗੂ ਕਰਨ। ਸਾਡੇ ਪੈਨਸ਼ਨਰਾਂ ਦਾ ਮਾਣ-ਸਨਮਾਨ ਅਤੇ ਵਿੱਤੀ ਸੁਰੱਖਿਆ ਸਾਡੀ ਪ੍ਰਮੁੱਖ ਤਰਜੀਹ ਹੈ।

# ਪੰਡਿਤ ਦੀਨ ਦਿਆਲ ਉਪਾਧਿਆਇ ਸਿਖਲਾਈ ਮਹਾਂ ਅਭਿਆਨ-2026 ਸੰਬੰਧੀ ਅਹਿਮ ਮੀਟਿੰਗ ਹੋਈ

**ਸੁਨਾਮ ਊਧਮ ਸਿੰਘ ਵਾਲਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਸੰਗਰੂਰ-02 ਵੱਲੋਂ ਜ਼ਿਲ੍ਹਾ ਪ੍ਰਧਾਨ ਦਾਮਨ ਬਾਜਵਾ ਦੀ ਅਗਵਾਈ ਹੇਠ ਪੰਡਿਤ ਦੀਨ ਦਿਆਲ ਉਪਾਧਿਆਇ ਸਿਖਲਾਈ ਮਹਾਂ ਅਭਿਆਨ 2026 ਸੰਬੰਧੀ ਇੱਕ ਮਹੱਤਵਪੂਰਨ ਮੀਟਿੰਗ / ਸਿਖਲਾਈ ਕਾਰਜਕ੍ਰਮ ਆਯੋਜਿਤ ਕੀਤਾ ਗਿਆ।

ਇਸ ਸਿਖਲਾਈ ਮਹਾਅਭਿਆਨ ਮੀਟਿੰਗ ਪ੍ਰੋਗਰਾਮ ਵਿੱਚ ਪਾਰਟੀ ਦੇ ਸੀਨੀਅਰ ਆਗੂ, ਭਾਜਪਾ ਜ਼ਿਲ੍ਹਾ ਅਤੇ ਭਾਜਪਾ ਸਰਕਲਾਂ ਦੇ ਅਹੁਦੇਦਾਰਾਂ ਨੇ ਹਿੱਸਾ ਲਿਆ।

ਇਸ ਸਿਖਲਾਈ ਮਹਾਅਭਿਆਨ ਮੀਟਿੰਗ ਵਿੱਚ ਪੰਜਾਬ ਭਾਜਪਾ ਦੇ ਜਨਰਲ ਸਕੱਤਰ ਦਿਆਲ ਸੋਢੀ ਜੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਕੇ ਕਾਰਜਕ੍ਰਮ ਦੇ ਉਦੇਸ਼, ਸੰਰਚਨਾ ਅਤੇ ਸੰਗਠਨ ਮਜ਼ਬੂਤੀ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਵਰਕਰਾਂ ਨੂੰ ਪਾਰਟੀ ਦੀ ਵਿਚਾਰਧਾਰਾ ਅਤੇ ਸੇਵਾ ਭਾਵਨਾ ਨਾਲ ਜੁੜ ਕੇ ਜਨਤਾ ਵਿੱਚ ਸਰਗਰਮ ਭੂਮਿਕਾ ਨਿਭਾਉਣ ਦਾ ਸੰਦੇਸ਼ ਦਿੱਤਾ।

ਇਸ ਮੌਕੇ ਜ਼ਿਲ੍ਹਾ ਪ੍ਰਧਾਨ ਦਾਮਨ ਬਾਜਵਾ ਨੇ ਕਿਹਾ ਕਿ ਇਹ ਸਿਖਲਾਈ ਮਹਾਂ ਅਭਿਆਨ ਵਰਕਰਾਂ ਵਿੱਚ ਪਾਰਟੀ ਪ੍ਰਤੀ ਜੋਸ਼, ਅਨੁਸ਼ਾਸਨ ਅਤੇ ਸੰਗਠਨਕ ਸਮਰਥਾ ਨੂੰ ਹੋਰ ਮਜ਼ਬੂਤ ਕਰੇਗਾ ਅਤੇ ਪਾਰਟੀ ਦੇ ਵਿਕਾਸੀ ਟੀਚਿਆਂ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਸਾਬਤ ਹੋਵੇਗਾ। ਪ੍ਰੋਗਰਾਮ ਦੇ ਅੰਤ ਵਿੱਚ ਸਭ ਅਹੁਦੇਦਾਰਾਂ ਅਤੇ ਵਰਕਰਾਂ ਨੇ ਪਾਰਟੀ ਦੇ ਸਿਧਾਂਤਾਂ ਨੂੰ ਘਰ-ਘਰ ਤੱਕ ਪਹੁੰਚਾਉਣ ਅਤੇ ਸਮਾਜ ਸੇਵਾ ਲਈ ਸਮਰਪਿਤ ਰਹਿਣ ਦਾ ਸੰਕਲਪ ਲਿਆ। ਇਸ ਮੌਕੇ ਭਾਜਪਾ ਦੇ ਸੀਨੀਅਰ ਆਗੂ ਪ੍ਰੇਮ ਗੁਗਨਾਨੀ, ਕਲਭੂਸ਼ਨ ਦਿੜ੍ਹਬਾ, ਸਾਬਕਾ ਜ਼ਿਲ੍ਹਾ ਪ੍ਰਧਾਨ ਰਿਸ਼ੀਪਾਲ ਖੇਰਾ, ਸੰਜੇ ਗੋਇਲ ਖਡਿਆਲੀਆ, ਸ਼ੇਰਵਿੰਦਰ ਰਵੀ ਡਸਕਾ, ਮੋਨਿਕ ਗੋਇਲ ਸਾਬਕਾ ਭਾਜਪਾ ਕੌਂਸਲਰ, ਸੱਤਪਾਲ ਸਿੰਗਲਾ ਲਹਿਰਾ, ਰਾਜੀਵ ਮੱਖਣ, ਅਸ਼ੋਕ ਗੋਇਲ, ਰਣਧੀਰ ਕਲੇਰ, ਰਾਂਝਾ ਬਖਸ਼ੀ ਲਹਿਰਾ, ਗਿਆਨ ਸੈਣੀ, ਰਜਿੰਦਰ ਬਿੱਟੂ, ਦਰਸਨ ਨਮੋਲ, ਨਰਿੰਦਰ ਸ਼ੇਰੋਂ, ਅਵਤਾਰ ਬਹਾਦਰਪੁਰ, ਜੱਸੀ ਧਰਮਗੜ੍ਹ ਆਦਿ ਹਾਜ਼ਰ ਸਨ।

# ਮੈਨੂੰ ਨਹੀਂ ਪਤਾ ਕਿ ਮੈਂ ਕਦੋਂ ਤਕ ਜ਼ਿੰਦਾ ਹਾਂ : ਟਰੰਪ

**ਫ਼ਲੌਰੀਡਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਫ਼ਲੌਰੀਡਾ 'ਚ ਆਪਣੇ ਮਾਰ-ਏ-ਲਾਗੋ ਰੀਜ਼ੋਰਟ ਦੇ ਸੁਰੱਖਿਆ ਖੇਤਰ 'ਚ ਇੱਕ ਹਥਿਆਰਬੰਦ ਘੁਸਪੈਠੀਏ ਨੂੰ ਗੋਲੀ ਮਾਰ ਕੇ ਮਾਰ ਦਿੱਤੇ ਜਾਣ ਤੋਂ ਇੱਕ ਦਿਨ ਬਾਅਦ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਕਿਹਾ ਕਿ ਉਸ ਨੂੰ ਇਹ ਪੱਕਾ ਨਹੀਂ ਪਤਾ ਕਿ ਉਹ ਕਦੋਂ ਤਕ ਜ਼ਿੰਦਾ ਰਹੇਟਾ। ਲੁ ਬਹੁਤ ਸਾਰੇ ਲੋਕ ਮੇਰੇ 'ਤੇ ਗੋਲੀਆਂ ਚਲਾ ਰਹੇ ਹਨ।" ਅਮਰੀਕੀ ਸੀਕ੍ਰੇਟ ਸਰਵਿਸ ਦੇ ਏਜੰਟਾਂ ਦੁਆਰਾ ਫ਼ਲੌਰੀਡਾ 'ਚ ਉਸ ਦੀ ਜਾਇਦਾਦ ਦੇ ਖੇਤਰ 'ਚ ਦਾਖਲ ਹੋਏ ਇੱਕ ਬੰਦੂਕਧਾਰੀ ਨੂੰ ਗੋਲੀ ਮਾਰ ਕੇ ਮਾਰਨ ਤੋਂ ਬਾਅਦ ਇਹ ਉਸ ਦੀ ਇਹ ਪਹਿਲੀ ਪ੍ਰਤੀਕਿਰਿਆ ਹੈ।

ਡੌਨਲਡ ਟਰੰਪ 2024 ਦੀ ਆਪਣੀ ਚੋਣ ਮੁਹਿੰਮ ਦੌਰਾਨ ਦੋ ਵੱਖ-ਵੱਖ ਕਤਲ ਦੇ ਯਤਨਾਂ ਤੋਂ ਬਚ ਗਿਆ ਸੀ। ਉਸ ਨੇ ਮਜ਼ਾਕ 'ਚ ਆਪਣੀ ਤੁਲਨਾ ਉਨ੍ਹਾਂ ਨਾਲ ਵੀ ਕੀਤੀ। ਉਸ ਨੇ ਕਿਹਾ ਕਿ ਅਜਿਹੀਆਂ ਧਮਕੀਆਂ ਇੱਕ ਵਧੀਆ ਨੇਤਾ ਹੋਣ ਦੇ ਨਾਲ ਆਉਂਦੀਆਂ ਹਨ ਜਿਸ ਦੌਰਾਨ ਉਸ ਨੇ ਖ਼ੁਦ ਨੂੰ ਇੱਕ ਮਹੱਤਵਪੂਰਣ ਨੇਤਾ ਵੀ ਦੱਸਿਆ।

ਟਰੰਪ ਨੇ ਕਿਹਾ, "ਤੁਸੀਂ ਇਨ੍ਹਾਂ ਸਾਰੇ ਪਾਗਲ ਸ਼ੂਟਰਾਂ ਦੇ ਬਾਰੇ 'ਚ ਪੜ੍ਹਦੇ ਹੋ, ਪਰ ਉਹ ਸਿਰਫ਼ ਮਹੱਤਵਪੂਰਣ ਰਾਸ਼ਟਰਪਤੀਆਂ ਦੇ ਪਿੱਛੇ ਪੈਂਦੇ ਹਨ। ਉਹ ਉਨ੍ਹਾਂ ਰਾਸ਼ਟਰਪਤੀਆਂ ਦੇ ਪਿੱਛੇ ਨਹੀਂ ਪੈਂਦੇ ਜੋ ਮਹੱਤਵਪੂਰਣ ਨਹੀਂ।" ਉਸ ਨੇ ਦੋ ਮਾਰੇ ਗਏ ਰਾਸ਼ਟਰਪਤੀਆਂ ਐਬ੍ਰਾਹਮ ਲਿੰਕਨ ਅਤੇ ਜੌਨ ਐੱਫ਼. ਕੈਨੇਡੀ ਦੀ ਉਦਾਹਰਣ ਦਿੱਤੀ। ਟਰੰਪ ਨੇ ਕਿਹਾ, "ਉਹ ਮਹੱਤਵਪੂਰਣ ਸਨ। ਅਜਿਹੇ ਇੰਤਹਾਪਸੰਦ ਲੋਕ ਸਿਰਫ਼ ਮਹੱਤਵਪੂਰਣ ਲੋਕਾਂ ਦੇ ਪਿੱਛੇ ਜਾਂਦੇ ਹਨ। ਇਸ ਲਈ ਸ਼ਾਇਦ ਮੈਂ ਥੋੜ੍ਹਾ ਘੱਟ ਮਹੱਤਵਪੂਰਣ ਹਾਂ ਕਿ ਮੈਂ ਮਾਰਿਆ ਨਹੀਂ ਗਿਆ। ਕੀ ਅਸੀਂ ਇਸ ਨੂੰ ਰੋਕ ਸਕਦੇ ਹਾਂ?"

ਅਧਿਕਾਰੀਆਂ ਨੇ ਘੁਸਪੈਠੀਏ ਦੀ ਪਛਾਣ ਉੱਤਰੀ ਕੈਰੋਲਾਈਨਾ ਦੇ 21 ਸਾਲਾ ਔਸਟਿਨ ਟਕਰ ਮਾਰਟਿਨ ਵਜੋਂ ਕੀਤੀ ਹੈ। ਅਮਰੀਕੀ ਸੀਕ੍ਰੇਟ ਸਰਵਿਸ ਦੇ



ਏਜੰਟਾਂ ਨੇ ਕਿਹਾ ਕਿ ਮਾਰਟਿਨ ਪਾਮ ਬੀਚ ਅਸਟੇਟ ਦੇ ਉਤਰੀ ਗੇਟ ਤੋਂ ਸਵੇਰੇ 1: 30 ਵਜੇ (ਸਥਾਨਕ ਸਮੇਂ) ਦੇ ਨੇੜੇ ਦਾਖਲ ਹੋਇਆ। ਦੋ ਸੀਕ੍ਰੇਟ ਸਰਵਿਸ ਏਜੰਟਾਂ ਅਤੇ ਪਾਮ ਬੀਚ ਕਾਊਂਟੀ ਸ਼ੈਰਿਫ਼ ਦੇ ਡਿਪਟੀ ਨੇ ਉਸ ਦਾ ਸਾਹਮਣਾ ਕੀਤਾ।

ਅਧਿਕਾਰੀਆਂ ਨੇ ਕਿਹਾ ਕਿ ਉਹ ਇੱਕ ਬੰਦੂਕ ਅਤੇ ਇੱਕ ਪੈਟਰੋਲ ਦਾ ਕੰਨਟੇਨਰ ਲੈ ਕੇ ਜਾ ਰਿਹਾ ਸੀ। ਪਾਮ ਬੀਚ ਕਾਊਂਟੀ ਸ਼ੈਰਿਫ਼ ਰਿਕ ਬ੍ਰੈਡਸ਼ਾ ਨੇ ਕਿਹਾ ਕਿ ਅਧਿਕਾਰੀਆਂ ਨੇ ਉਸ ਨੂੰ ਆਪਣਾ ਸਾਮਾਨ ਹੇਠਾਂ ਰੱਖਣ ਦਾ ਹੁਕਮ ਦਿੱਤਾ। ਬ੍ਰੈਡਸ਼ਾ ਨੇ ਕਿਹਾ, "ਉਸ ਨੇ ਗੈਸ ਕੈਨ ਹੇਠਾਂ ਰੱਖਿਆ ਅਤੇ ਬੰਦੂਕ ਨੂੰ ਗੋਲੀਬਾਰੀ ਵਾਲੀ ਸਥਿਤੀ 'ਤੇ ਉੱਚਾ ਕੀਤਾ ਅਤੇ ਫ਼ਿਰ ਏਜੰਟਾਂ ਅਤੇ ਡਿਪਟੀਆਂ ਨੇ ਖ਼ਤਰੇ ਨੂੰ ਖ਼ਤਮ ਕਰਨ ਲਈ ਆਪਣੇ ਹਥਿਆਰਾਂ ਨਾਲ ਗੋਲੀਬਾਰੀ ਕੀਤੀ।" ਸੀਕ੍ਰੇਟ ਸਰਵਿਸ ਦੇ ਬੁਲਾਰੇ ਐਂਥਨੀ ਗੁਗਲੀਏਲਮੀ ਨੇ ਕਿਹਾ ਕਿ ਮਾਰਟਿਨ ਦੇ ਪਰਿਵਾਰ ਨੇ ਕੁੱਝ ਦਿਨ ਪਹਿਲਾਂ ਉਸ ਦੇ ਲਾਪਤਾ ਹੋਣ ਦੀ ਰਿਪੋਰਟ ਦਿੱਤੀ ਸੀ। ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਉਹ ਉੱਤਰੀ ਕੈਰੋਲਾਈਨਾ ਤੋਂ ਫ਼ਲੌਰੀਡਾ ਗਿਆ ਸੀ ਅਤੇ ਰਸਤੇ 'ਚ ਬੰਦੂਕ ਮਿਲੀ ਸੀ। ਅਧਿਕਾਰੀਆਂ ਨੇ ਕਿਹਾ ਕਿ ਬਾਅਦ 'ਚ ਉਸ ਦੀ ਕਾਰ 'ਚੋਂ ਇੱਕ ਬੰਦੂਕ ਦਾ ਕੇਸ ਮਿਲਿਆ। ਟਰੰਪ ਉਸ ਸਮੇਂ ਘਟਨਾ ਸਥਾਨ 'ਤੇ ਮੌਜੂਦ ਨਹੀਂ ਸੀ।

# ਨਸ਼ੇ ਨੇ ਲਈ 30 ਸਾਲਾ ਨੌਜਵਾਨ ਦੀ ਜਾਨ

**ਅਬੋਹਰ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ੇ ਦੀ ਲਤ ਨੇ ਇੱਕ ਵਾਰ ਫਿਰ ਇੱਕ ਨੌਜਵਾਨ ਦੀ ਜਾਨ ਲੈ ਲਈ ਹੈ। ਅਬੋਹਰ ਦੇ ਰਹਿਣ ਵਾਲੇ 30 ਸਾਲਾ ਸੋਨੂੰ ਅਰੋੜਾ ਦੀ ਹਾਲਤ ਅਚਾਨਕ ਵਿਗੜਨ ਤੋਂ ਬਾਅਦ ਉਸ ਨੂੰ ਜ਼ਿਲ੍ਹਾ ਹਸਪਤਾਲ ਲਿਜਾਇਆ ਗਿਆ, ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਸੋਨੂੰ ਪਿਛਲੇ ਕੁਝ ਦਿਨਾਂ ਤੋਂ ਬਹੁਤ ਜ਼ਿਆਦਾ ਬਿਮਾਰ ਸੀ।

ਪੁਲਿਸ ਅਨੁਸਾਰ ਸੋਨੂੰ ਅਬੋਹਰ ਦੀ ਨਵੀਂ ਆਬਾਦੀ (ਗਲੀ ਨੰਬਰ 10) ਦਾ ਰਹਿਣ ਵਾਲਾ ਸੀ ਅਤੇ ਪਿਛਲੇ ਤਿੰਨ ਮਹੀਨਿਆਂ ਤੋਂ ਆਪਣੇ ਮਾਤਾ-ਪਿਤਾ ਨਾਲ ਰਹਿ ਰਿਹਾ ਸੀ। ਸ੍ਰੀਗੰਗਾਨਗਰ ਆਉਣ ਤੋਂ ਬਾਅਦ ਸੋਨੂੰ ਨੇ ਆਟੋ-ਰਿਕਸ਼ਾ ਚਲਾਉਣਾ ਸ਼ੁਰੂ ਕਰ ਦਿੱਤਾ ਸੀ ਅਤੇ ਉਸ ਦੇ ਪਿਤਾ ਵੀ ਆਟੋ ਚਲਾਉਂਦੇ ਹਨ। ਸੋਨੂੰ, ਜੋ ਕਿ ਅਣਵਿਆਹਿਆ ਸੀ ਅਤੇ ਉਸ ਦਾ ਇੱਕ ਵੱਡਾ ਭਰਾ ਤੇ ਦੋ ਭੈਣਾਂ ਹਨ, ਕਈ ਸਾਲਾਂ ਤੋਂ ਨਸ਼ੇ ਦਾ ਆਦੀ ਸੀ ਅਤੇ ਪਿਛਲੇ 4-5 ਦਿਨਾਂ ਤੋਂ ਘਰ ਵਿੱਚ ਹੀ ਰਹਿ ਰਿਹਾ ਸੀ। ਪੁਲੀਸ ਨੇ ਮ੍ਰਿਤਕ ਦੇ ਪਿਤਾ ਦੇ ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ ਕਰ ਲਿਆ ਹੈ ਅਤੇ ਪੋਸਟਮਾਰਟਮ ਤੋਂ ਬਾਅਦ ਮ੍ਰਿਤਕ ਦੇਹ ਪਰਿਵਾਰ ਨੂੰ ਸੌਂਪ ਦਿੱਤੀ ਗਈ ਹੈ।

ਇਸ ਤੋਂ ਬਾਅਦ ਉਹ ਦੂਜੇ ਡੱਬੇ ਵਿੱਚ ਚਲੇ ਗਏ ਅਤੇ ਜਦੋਂ ਰੇਲਗੱਡੀ ਅਬੋਹਰ ਰੁਕੀ ਤਾਂ ਲੁਟੇਰੇ ਫ਼ਰਾਰ ਹੋ ਗਏ। ਵਿਸ਼ਨੂੰ ਨੇ ਅਬੋਹਰ ਪਲੇਟਫਾਰਮ 'ਤੇ ਪੁਲੀਸ ਕਰਮਚਾਰੀਆਂ ਨੂੰ ਸੂਚਿਤ ਕੀਤਾ, ਜਿਨ੍ਹਾਂ ਨੇ ਉਸ ਨੂੰ ਸਿਵਲ ਹਸਪਤਾਲ ਜਾਣ ਦੀ ਸਲਾਹ ਦਿੱਤੀ, ਜਿੱਥੇ ਉਸ ਨੂੰ ਇਲਾਜ ਲਈ ਭਰਤੀ ਕੀਤਾ ਗਿਆ। ਜੀ.ਆਰ.ਪੀ. ਦੇ ਏ.ਐੱਸ.ਆਈ. ਅਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਲੁੱਟ ਦੀ ਵਾਰਦਾਤ ਸਬੰਧੀ ਸਿਵਲ ਹਸਪਤਾਲ ਤੋਂ ਰਿਪੋਰਟ ਮਿਲੀ ਸੀ।

# ਕੁਝ ਕਹਿੰਦੀ ਐ ਤਸਵੀਰ...

• ਯਸ਼ਵੀਰ ਗੋਇਲ, ਬਠਿੰਡਾ




ਤੁਹਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੁਹਜ-ਸਵਾਦ ਦਾ ਨਮੂਨਾ ਪੰਜਾਬੀ ਜਾਗਰਣ ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।

ਸਾਡਾ ਪਤਾ ਹੈ :

## ਤਸਵੀਰਾਂ ਦੀ ਜ਼ੁਬਾਨੀ

ਹਾਸ ਵਿਅੰਗ

# ਲਾਡ ਨੇ ਵਿਗਾੜੇ ਜੁਆਕ



• ਸੋਢੀ ਸੱਤੋਵਾਲੀ
8146618130

ਇਹ ਗੱਲ ਕਤਫ਼ੀ ਪੁਰਾਣੀ ਹੈ, ਜਦੋਂ ਮੈਂ ਜਲੰਧਰ ਇਕ ਕਾਲਜ 'ਚ ਨੌਕਰੀ ਕਰਦਾ ਸਾਂ। ਮੈਂ ਜਦੋਂ ਵੀ ਹਫ਼ਤੇ ਬਾਅਦ ਐਤਵਾਰ ਛੁੱਟੀ ਵਾਲੇ ਦਿਨ ਘਰ ਜਾਂਦਾ ਤਾਂ ਬੱਸੋਂ ਉਤਰਦਿਆਂ ਹੀ ਬੱਚਿਆਂ ਤੋਂ ਡਰਦਾ ਉਨ੍ਹਾਂ ਲਈ ਮੌਸਮ ਮੁਤਾਬਕ ਕੋਈ ਨਾ ਕੋਈ ਫਰੂਟ ਜ਼ਰੂਰ ਲੈ ਕੇ ਜਾਂਦਾ। ਉਨ੍ਹਾਂ ਨੂੰ ਮੇਰੇ ਨਾਲ ਨਹੀਂ, ਫਰੂਟ ਨਾਲ ਪਿਆਰ ਹੁੰਦਾ। ਉਹ ਬੱਸ 'ਚੋਂ ਉਤਰਦਿਆਂ ਹੀ ਮੈਨੂੰ ਡੂੰਮਣੇ ਦੀਆਂ ਮੱਖੀਆਂ ਵਾਂਗ ਆ ਚਿੰਬੜਦੇ ਜਿਵੇਂ ਮੈਂ ਸਦੀਆਂ ਬਾਅਦ ਵਲੈਤੋਂ ਆਇਆ ਹੋਵਾਂ। ਮੇਰੇ ਨਾਂਹ ਨੁਕਰ ਕਰਨ ਦੇ ਬਾਵਜੂਦ ਜ਼ਬਰਦਸਤੀ ਮੇਰਾ ਬੈਗ ਖੋਹ ਕੇ ਘਰ ਆਪਣੀ ਦਾਦੀ ਕੋਲ ਦੌੜ ਜਾਂਦੇ। ਉਨ੍ਹਾਂ ਮੈਨੂੰ ਕਦੇ ਵੀ ਮੇਰਾ ਹਾਲ-ਚਾਲ ਨਹੀਂ ਪੁੱਛਿਆ ਕਿ ਚਾਚਾ ਜੀ ਤੁਹਾਡਾ ਕੀ ਹਾਲ ਏ? ਪਰ ਉਨ੍ਹਾਂ ਨੂੰ ਕੀ ਮੇਰੇ ਹਾਲ-ਚਾਲ ਨਾਲ, ਚਾਚਾ ਜੀ ਜਿਊਣ ਜਾਂ ਮਰਨ ਉਨ੍ਹਾਂ ਨੂੰ ਤਾਂ ਫਰੂਟ ਚਾਹੀਦਾ ਏ, ਭਾਵੇਂ ਚਾਚੇ ਜੀ ਆਪ ਲੈ ਆਉਣ ਜਾਂ ਕਿਸੇ ਦੇ ਹੱਥ ਭੇਜ ਦੇਣ।

ਜਿਸ ਦਿਨ ਕਿਸੇ ਮਜਬੂਰੀ ਕਾਰਨ ਮੈਂ ਫਰੂਟ ਨਾ ਲਿਆ ਸਕਾਂ, ਸਮਝੋ ਚਾਚਾ ਜੀ ਦੀ ਸ਼ਾਮਤ ਆਈ ਕਿ ਆਈ। ਫਿਰ ਤਾਂ ਮੇਰਾ ਘਰ ਵਿਚ ਰਾਤ ਕੱਟਣਾ ਵੀ ਤਿਹਾੜ ਜੇਲ੍ਹ 'ਚ ਰਾਤ ਕੱਟਣ ਦੇ ਬਰਾਬਰ ਹੁੰਦਾ। ਕਿਸੇ ਵੀ ਬੱਚੇ ਨੂੰ ਆਵਾਜ਼ ਮਾਰਾਂਗਾ ਕਿ ਬਿੱਟੂ ਜ਼ਰਾ ਨਲਕਾ ਤਾਂ ਗੇੜੀਂ ਮੈਂ ਸਿਰ ਨਹਾ ਲਵਾਂ। ਬਿੱਟੂ ਹੋਰੀਂ ਅੱਗੋਂ ਘੜਿਆ ਘੜਾਇਆ ਜਵਾਬ ਕੁਪੱਤੀ ਰੰਨ ਵਾਂਗ ਠਾਹ ਕਰਦਾ ਵਗਾਹ ਮਾਰਨਗੇ, 'ਕਿਉਂ ਕੀ ਗੱਲ ਤੁਸੀਂ ਕਿਹੜਾ ਕੁੱਝ ਲਿਆਂਦਾ ਏ? ਮੈਂ ਕਿਉਂ ਮੁਫ਼ਤ ਨਲਕਾ ਗੇੜਾਂ?' ਬੜੀ ਮੁਸ਼ੱਕਤ ਨਾਲ ਤਰਲੇ ਮਿੰਨਤਾਂ ਕਰਕੇ ਪੰਜੀ ਦਸੀ ਦਾ ਲਾਲਚ ਦੇ ਕੇ ਅਤੇ ਅਗਲੀ ਵਾਰ ਇਕੱਠੇ ਦੋ ਕੇਲੇ ਦੇਣ ਦੇ ਲਾਲਚ ਦੇ ਕੇ ਮਸਾਂ-ਮਸਾਂ ਨਹਾਉਂਦਾ। ਬੱਚੇ ਵਿੱਚੋਂ ਹੀ ਛੱਡ ਕੇ ਦੌੜ ਜਾਂਦੇ ਨੇ ਜਿਵੇਂ ਉਨ੍ਹਾਂ ਨੂੰ ਯਕੀਨ ਹੀ ਨਹੀਂ ਹੁੰਦਾ ਕਿ ਮੈਂ ਉਨ੍ਹਾਂ ਦੀ ਮੰਗ ਅਗਲੀ ਵਾਰ ਪੂਰੀ ਕਰਾਂ ਜਾਂ ਨਾ। ਇਕ ਦਿਨ ਮੇਰਾ ਦੋਸਤ ਅਤੇ ਉਸਦੀ ਪਤਨੀ ਕਾਫ਼ੀ ਚਿਰਾਂ ਬਾਅਦ ਮੈਨੂੰ ਮਿਲਣ ਮੇਰੇ ਘਰ ਆਏ। ਮੇਰੇ ਮੰਦੇ ਭਾਗਾਂ ਨੂੰ ਐਤਵਾਰ ਦਾ ਦਿਨ ਹੋਣ ਕਰਕੇ ਸਭ ਬੱਚੇ ਘਰ ਹੀ ਸਨ। ਪ੍ਰਾਹੁਣਿਆਂ ਦੇ ਅੰਦਰ ਵੜਦਿਆਂ ਹੀ ਉਨ੍ਹਾਂ ਦਾ ਬੈਗ ਖੋਹ ਕੇ ਅੰਦਰ ਲਿਜਾ ਕੇ ਫੋਲਣ ਲੱਗੇ ਅਤੇ ਜੋ ਫਲ ਉਹ ਲਿਆਏ ਸਨ ਉਨ੍ਹਾਂ 'ਤੇ ਐਸਾ ਤੂਫ਼ਾਨੀ ਹਮਲਾ ਬੋਲਿਆ ਜਿਵੇਂ ਅੰਨਾ ਹਜ਼ਾਰੇ ਨੇ ਕਾਫ਼ੀ ਦੇਰ ਬਾਅਦ ਆਪਣਾ ਭੁੱਖ ਹੜਤਾਲ ਤੋਂ ਬਾਅਦ ਵਰਤ ਖੋਲ੍ਹਿਆ ਹੋਵੇ।

ਮਾਤਾ ਜੀ ਤੇ ਭਰਜਾਈ ਗੁਆਂਢ ਕਿਸੇ ਦੇ ਘਰ ਅਫ਼ਸੋਸ 'ਤੇ ਗਏ ਹੋਏ ਸਨ। ਹੋਰ ਘਰ 'ਚ ਕੋਈ ਨਹੀਂ ਸੀ ਜੋ ਮਹਿਮਾਨਾਂ ਲਈ ਚਾਹ ਤਿਆਰ ਕਰ ਸਕੇ। ਮੈਂ ਆਪਣੇ ਦੋਸਤ ਅਤੇ ਉਸਦੀ ਪਤਨੀ ਨੂੰ ਬੈਠਕ ਵਿਚ ਬਿਠਾਇਆ ਅਤੇ ਚਾਹ ਬਾਰੇ ਸੋਚਣ ਲੱਗਾ। ਮੈਂ ਸੋਚਿਆ ਮਾਤਾ ਤੇ ਭਰਜਾਈ ਪਤਾ ਨਹੀਂ ਕਦੋਂ ਆਉਣ ਕਿਉਂ ਨਾ ਬੱਚੇ ਨੂੰ ਭੇਜ ਕੇ ਬੁਲਾ ਲਵਾਂ। ਮੈਂ ਆਪਣੀ ਪੰਜ ਕੁ ਸਾਲ ਦੀ ਭਤੀਜੀ ਨੂੰ ਆਵਾਜ਼ ਮਾਰੀ ਤਾਂ ਉਹ ਨੱਠੀ-ਨੱਠੀ ਮੇਰੇ ਪਾਸ ਆਈ ਜਿਵੇਂ ਕੁਝ ਮਿਲਣਾ ਹੋਵੇ। ਮੈਂ ਕਿਹਾ, " ਜਾਹ ਬੇਟੇ ਗੁਆਂਢੀਆਂ ਘਰੋਂ ਮਾਤਾ ਜੀ ਨੂੰ ਬੁਲਾ ਲਿਆ।" ਮੈਂ ਹਾਲੇ ਵਾਕ ਵੀ ਪੂਰਾ ਨਹੀਂ ਸੀ ਕੀਤਾ ਭਤੀਜੀ ਨੇ ਝੱਟ ਆਲੇ ਜਿੱਡਾ ਮੂੰਹ ਅੱਡ ਕੇ ਕਿਹਾ, "ਕਿਉਂ, ਕੀ ਗੱਲ, ਮੈਨੂੰ ਕਿਹੜਾ ਤੁਸੀਂ ਦੋ ਕੇਲੇ ਦਿੱਤੇ ਸਨ? ਬਿੱਟੂ ਨੂੰ ਭੇਜੋ ਜਿਸਨੇ ਦੋ ਕੇਲੇ ਖਾਧੇ ਸਨ, ਮੈਨੂੰ ਤਾਂ ਇਕ ਹੀ ਦਿੱਤਾ ਸੀ, ਉਹ ਵੀ ਛੋਟਾ ਜਿਹਾ।" ਮੈਂ ਭਤੀਜੀ ਦਾ ਜਵਾਬ ਸੁਣ ਕੇ ਆਲਾ ਦੁਆਲਾ ਵੇਖਣ ਲੱਗ ਗਿਆ ਕਿ ਕਿਤੇ ਮਹਿਮਾਨਾਂ ਨੇ ਤਾਂ ਨਹੀਂ ਸੁਣ ਲਿਆ। ਮੈਂ ਆਪਣੇ ਆਪ 'ਚ ਬਹੁਤ ਛਿੱਥਾ ਜਿਹਾ ਪੈ ਗਿਆ। ਮੇਰਾ ਦਿਲ ਕੀਤਾ ਕਿ ਭਤੀਜੀ ਦੇ ਦੋ ਜੜ ਦਿਆਂ ਪਰ ਮਹਿਮਾਨਾਂ ਦੇ ਡਰੋਂ ਮੈਂ ਵਿੱਚੋ ਵਿਚ ਵਿਸ਼ ਘੋਲ ਕੇ ਪੀ ਗਿਆ। ਮੈਂ ਫਿਰ ਬਿੱਟੂ ਨੂੰ ਆਵਾਜ਼ ਮਾਰੀ ਜੋ ਭਤੀਜੀ ਤੋਂ ਦੋ ਸਾਲ ਵੱਡਾ ਸੀ। ਉਸ ਨੇ ਭਤੀਜੀ ਨਾਲੋਂ ਵੀ ਵੱਧ ਮੇਰਾ ਪਾਰਾ ਹਾਈ ਕਰ ਦਿੱਤਾ। ਉਸ ਨੇ ਕਿਹਾ, "ਕਿਉਂ ਤੁਸੀਂ ਓਹੋ ਹੀ ਹੋ ਜਿਨ੍ਹਾਂ ਮੈਨੂੰ ਕੁਲਫ਼ੀ ਨਹੀਂ ਸੀ ਲੈ ਕੇ ਦਿੱਤੀ?" ਉਹ ਸਗੋਂ ਮੈਨੂੰ ਦੰਦੀਆਂ ਚਿੜਾਉਂਦਾ ਬਾਹਰ ਨੱਸ ਗਿਆ। ਇਸ ਸਮੇਂ ਮੇਰੇ ਦੋਸਤ ਨੇ ਸੁਣ ਲਿਆ ਸੀ ਅਤੇ ਨਾਲ ਹੀ ਮੈਨੂੰ ਦੋਸਤ ਨੇ ਆਵਾਜ਼ ਦਿੱਤੀ, "ਸੋਢੀ ਸਾਹਿਬ! ਕੋਈ ਗੱਲ ਨਹੀਂ ਰਹਿਣ ਦਿਓ ਬੱਚੇ ਜੁ ਹੋਏ, ਮਾਤਾ ਜੀ ਆਪੇ ਹੀ ਆ ਜਾਣਗੇ, ਕਿਹੜਾ ਕਾਹਲੀ ਏ।" ਮੈਂ ਪਾਣੀਓਂ ਪਤਲਾ ਜਿਹਾ ਹੋ ਗਿਆ ਕਿ ਮੇਰਾ ਦੋਸਤ ਕੀ ਸੋਚਦਾ ਹੋਏਗਾ ਕਿ ਇਨ੍ਹਾਂ ਦੇ ਬੱਚੇ ਕਿਸ ਤਰ੍ਹਾਂ ਦੇ ਹਨ ਜੋ 'ਭਾੜੇ ਦੇ ਟਟੂ' ਵਾਂਗ ਖਾਣੇ ਤੋਂ ਬਿਨਾਂ ਕੰਮ ਹੀ ਨਹੀਂ ਕਰਦੇ। ਮੈਂ ਔਖੇ-ਸੌਖੇ ਹੋ ਕੇ ਆਪੇ ਹੀ ਸਟੋਵ ਚਲਾਇਆ ਤੇ ਚਾਹ ਲਈ ਪਾਣੀ ਧਰ ਦਿੱਤਾ। ਪਰ ਸ਼ੁਕਰ ਏ ਰੱਬ ਦਾ ਜਲਦੀ ਹੀ ਪਰਮਾਤਮਾ ਨੇ ਮੇਰੀ ਸੁਣ ਲਈ ਕਿ ਮਾਤਾ ਜੀ ਅਤੇ ਭਰਜਾਈ ਕੁਦਰਤੀ ਹੀ ਆ ਗਏ।

ਜਦੋਂ ਮੇਰੇ ਦੋਸਤ ਸਾਹਿਬ ਜਾਣ ਲੱਗੇ ਤਾਂ ਬੱਚੇ ਉਨ੍ਹਾਂ ਦੇ ਮਗਰ ਭਿਖਾਰੀਆਂ ਵਾਂਗ ਕੱਪੜੇ ਲਾਹੁਣ ਤਕ ਪਹੁੰਚ ਗਏ ਅਤੇ ਰੌਲਾ ਪਾਉਣ ਲੱਗ ਪਏ, "ਅੰਕਲ ਜੀ! ਪੈਸਾ, ਅੰਕਲ ਜੀ ਪੈਸਾ।" ਇਸ ਟਾਇਮ ਪਹਿਲਾਂ ਜੇ ਕੋਈ ਕਸਰ ਬਾਕੀ ਰਹਿ ਗਈ ਸੀ ਉਹ ਵੀ ਬੱਚਿਆਂ ਨੇ ਪੂਰੀ ਕਰ ਦਿੱਤੀ। ਮੇਰਾ ਦਿਲ ਕੀਤਾ ਕਿ ਇਨ੍ਹਾਂ ਬੱਚਿਆਂ ਨੂੰ ਚੁੱਕ-ਚੁੱਕ ਕੱਪੜੇ ਵਾਂਗ ਧੋਬੀ ਦੇ ਪੱਟੜੇ 'ਤੇ ਮਾਰਾਂ ਪਰ ਮੈਨੂੰ ਫਿਰ ਵੀ ਇਹ ਡਰ ਸੀ ਕਿ ਕਿਤੇ ਇਹ ਵੀ ਰਾਜਾ ਕੰਸ਼ ਦੀ ਭਾਣਜੀ ਵਾਂਗ ਬਿਜਲੀ ਬਣ ਕੇ ਮੇਰੇ 'ਤੇ ਹੀ ਨਾ ਆ ਪੈਣ ਤੇ ਦੂਸਰਾ ਮੈਨੂੰ ਮਹਿਮਾਨਾਂ ਦਾ ਡਰ ਖਾ ਰਿਹਾ ਸੀ। ਮੇਰੇ ਦੋਸਤ ਨੇ ਬੱਚਿਆਂ ਨੂੰ ਪੈਸੇ ਦਿੱਤੇ ਤੇ ਆਪਣੀ ਨਹੀਂ ਸਗੋਂ ਮੇਰੀ ਜਾਨ ਛੁਡਾਈ।

ਕੁਝ ਮਹੀਨਿਆਂ ਦੀ ਗੱਲ ਹੈ ਕਿ ਇਕ ਵਾਰ ਮੈਨੂੰ ਆਪਣੇ ਕਿਸੇ ਰਿਸ਼ਤੇਦਾਰ ਪਾਸ ਚੰਡੀਗੜ੍ਹ ਜਾਣ ਦਾ ਮੌਕਾ ਮਿਲਿਆ। ਮੈਂ ਆਪਣੀ ਆਦਤ ਮੁਤਾਬਕ ਆਉਂਦੇ ਸਮੇਂ ਉਨ੍ਹਾਂ ਦੇ ਬੱਚੇ ਨੂੰ ਦਸ ਦਾ ਨੋਟ ਦੇਣਾ ਚਾਹਿਆ ਪਰ ਬੱਚੇ ਨੇ ਨੋਟ ਨਾ ਫੜਿਆ। ਮੈਂ ਬੜਾ ਹੈਰਾਨ ਹੋਇਆ ਕਿ ਇਸ ਬੱਚੇ ਨੇ ਦਸ ਦਾ ਨੋਟ ਕਿਉਂ ਨਹੀਂ ਫੜਿਆ ਪਰ ਸਾਡੇ ਬੱਚੇ ਤਾਂ ਦਸ ਪੈਸਿਆਂ 'ਤੇ ਹੀ ਕਾਂਵਾਂ ਵਾਂਗ ਟੁੱਟ ਕੇ ਪੈ ਜਾਂਦੇ ਹਨ ਤੇ ਆਪਸ ਵਿਚ ਮਰਨ ਮਾਰਨ 'ਤੇ ਹੋ ਜਾਂਦੇ ਹਨ। ਮੈਂ ਇਸ ਬੱਚੇ ਨੂੰ ਪੈਸੇ ਦੇਣ ਲਈ ਕਾਫ਼ੀ ਜ਼ੋਰ ਲਾਇਆ ਪਰ ਉਸ ਨੇ ਪੈਸੇ ਨਾ ਫੜੇ ਸਗੋਂ ਅੱਗੋਂ ਮੈਨੂੰ ਆਪਣੀ ਤੋਤਲੀ ਅਵਾਜ਼ 'ਚ ਕਿਹਾ, "ਅੰਕਲ, ਡੈਦੀ ਜੀ ਕਹਿਤੇ ਹੈ ਕਿ ਮਹਿਮਾਨੋ ਥੇ ਪੈਥੇ ਨਹੀਂ ਲੇਨਾ। ਤਾਹੀਏ ਦੇਹ ਬਹੁਤ ਬੁਲੀ ਬਾਤ ਹੈ।" ਮੈਂ ਉਸ ਬੱਚੇ ਦੇ ਇਹ ਜਵਾਬ ਸੁਣ ਕੇ ਬਹੁਤ ਖੁਸ਼ ਹੋਇਆ। ਇਸ ਲਈ ਨਹੀਂ ਕਿ ਮੇਰਾ ਦਸ ਦਾ ਨੋਟ ਬਚ ਗਿਆ, ਸਗੋਂ ਉਸ ਬੱਚੇ ਦੀ ਸੋਹਣੀ ਆਦਤ ਤੇ ਅਤੇ ਮਾਂ-ਪਿਉ ਦੀ ਵਧੀਆ ਸਿੱਖਿਆ 'ਤੇ। •




ਕਹਾਣੀ

# ਬਲੌਕ

• ਭੁਪਿੰਦਰ ਸਿੰਘ ਮਾਨ
94170-81419



ਹਰਿੰਦਰ ਨੇ ਪਹਿਲਾਂ ਫੋਨ ਨੂੰ ਦੇਖਿਆ ਤੇ ਫੇਰ ਅੱਖ ਭਰ ਕੇ ਦੂਰ ਬੈਠੀ ਸਤਵੰਤ ਨੂੰ। ਉਸ ਦੀਆਂ ਪਿਆਰ ਨਾਲ ਅੱਖਾਂ ਭਰ ਆਈਆਂ ਤੇ ਉਸ ਨੇ ਅਜੀਬ ਝੁੰਜਲਾਹਟ ਨਾਲ ਨਿੱਕੀ ਦੇ ਨੰਬਰ ਨੂੰ ਬਿਜ਼ੀ ਕਰ ਦਿੱਤਾ ਤੇ ਬਲੌਕ ਦੀ ਆਪਸ਼ਨ ਕੱਢ ਕੇ ਉਸ ਨੂੰ ਕਈ ਵਾਰ ਦੱਬ ਦਿੱਤਾ। ਹੁਣ ਉਹ ਮਹਿਸੂਸ ਕਰ ਰਿਹਾ ਸੀ ਜਿਵੇਂ ਨਿੱਕੀ ਦੇ ਖ਼ਿਆਲਾਂ ਨੂੰ ਵੀ ਉਸ ਦੇ ਨੰਬਰ ਵਾਂਗ ਪੱਕੇ ਤੌਰ 'ਤੇ ਬਲੌਕ ਕਰ ਦਿੱਤਾ ਹੋਵੇ।

ਦੁਪਹਿਰ ਤੋਂ ਲਗਾਤਾਰ ਬਰਫ ਰੂੰ ਦੇ ਗੋਹੜਿਆਂ ਵਾਂਗੂ ਡਿੱਗੀ ਜਾਂਦੀ ਸੀ। ਕਦੇ-ਕਦੇ ਉਹ ਹਲਕੀ ਭੂਰ ਵਿਚ ਬਦਲ ਜਾਂਦੀ। ਲੋਹੜੇ ਦੀ ਠੰਢ ਪੈ ਰਹੀ ਸੀ। ਹਰਿੰਦਰ ਦਾ ਦਿਲ ਨੱਚ ਰਿਹਾ ਸੀ ਤੇ ਪੈਰ ਭੁੰਜੇ ਨਹੀਂ ਸੀ ਲਗ ਰਿਹਾ। ਅੱਜ ਉਹ ਬਹੁਤ ਖ਼ੁਸ਼ ਸੀ। ਕੈਨੇਡਾ ਵਿਚ ਇਹੋ ਜਿਹੇ ਮੌਸਮ ਵਿਚ ਲੋਕ ਘੱਟ ਵੱਧ ਹੀ ਬਾਹਰ ਨਿਕਲਦੇ ਨੇ। ਰੇਡੀਓ 'ਤੇ ਵਾਰ-ਵਾਰ ਚੇਤਾਵਨੀਆਂ ਜਾਰੀ ਹੋ ਰਹੀਆਂ ਸਨ। ਸਟੋਰ ਵਿਚ ਵਿਰਲਾ ਟਾਵਾਂ ਗਾਹਕ ਹੀ ਸੀ। ਕੈਸ਼ ਕਾਊਂਟਰ 'ਤੇ ਬੈਠੀ ਗੋਰੀ ਕੰਪਿਊਟਰ 'ਤੇ ਹਿਸਾਬ ਕਿਤਾਬ ਬਣਾ ਰਹੀ ਸੀ। ਦੂਜੇ ਵਰਕਰ ਸਮਾਨ ਤਰਤੀਬ ਨਾਲ ਲਾਈ ਜਾਂਦੇ ਸੀ। ਇਹ ਸਾਰਾ ਕੁਝ ਦੇਖ ਹਰਿੰਦਰ ਦਾ ਦਿਲ ਮਾਣ ਨਾਲ ਭਰ ਉੱਠਿਆ। ਉਹਨੂੰ ਪਿਛਲੇ ਵੀਹ ਸਾਲਾਂ ਦਾ ਪਹਿਲਾ ਸਮਾਂ ਯਾਦ ਆਇਆ ਜਦੋਂ ਉਹ ਜ਼ਮੀਨ ਵੇਚ ਕੇ ਏਜੰਟ ਰਾਹੀਂ ਇੱਥੇ ਆਇਆ ਸੀ। ਪੈਸੇ ਦੇ ਕੇ ਗੋਰੀ ਨਾਲ ਨਕਲੀ ਵਿਆਹ, ਫਾਰਮਾਂ ਵਿਚ ਮਜ਼ਦੂਰੀ, ਆਰੇ 'ਤੇ ਦਿਨ ਰਾਤ ਮਿਹਨਤ, ਟੈਕਸੀ ਦੀ ਡਰਾਇਵਰੀ ਫੇਰ ਨਿੱਕਾ ਸਟੋਰ ਤੇ ਉੱਥੋਂ ਵੱਡੇ ਸਟੋਰ ਤਕ ਦਾ ਸਫ਼ਰ ਉਹਦੀਆਂ ਅੱਖਾਂ ਦੇ ਸਾਹਮਣੇ ਦੀ ਲੰਘ ਗਿਆ। ਆਪਣੇ ਕੈਬਿਨ ਵਿਚ ਜਾ ਕੇ ਜਾਨੀਵਾਕਰ ਦਾ ਭਰਵਾਂ ਪੈੱਗ ਅੰਦਰ ਸੁੱਟ ਲਿਆ। ਭਾਵੇਂ ਉਹ ਕੰਮ ਸਮੇਂ ਕਦੇ ਹੀ ਏਦਾਂ ਕਰਦਾ ਸੀ ਪਰ ਅੱਜ ਤਾਂ ਗੱਲ ਹੀ ਹੋਰ ਸੀ। ਉਹਨੇ ਘੜੀ ਵੱਲ ਨਜ਼ਰ ਮਾਰੀ ਤਾਂ ਸਮਾਂ ਉਹਨੂੰ ਰੁਕਦਾ ਜਾਪਿਆ। ਅੱਜ ਉਹਦਾ ਦਿਲ ਉਡਜੂੰ-ਉਡਜੂੰ ਕਰਦਾ ਸੀ। ਘਰੇ ਉਹਨੇ ਸਤਵੰਤ ਨੂੰ ਸਮਝਾ ਦਿੱਤਾ ਸੀ ਕਿ ਕੰਮ ਦੇ ਸਿਲਸਿਲੇ ਵਿਚ ਉਹ ਜੇਸਪਰ ਸ਼ਹਿਰ ਜਾ ਰਿਹਾ ਫ਼ੂਡ ਕੰਪਨੀ ਦੇ ਡਾਇਰੈਕਟਰ ਨਾਲ ਮੀਟਿੰਗ ਕਰਨ ਲਈ।

ਸਤਵੰਤ ਨੂੰ ਉਹ ਇੰਡੀਆਂ ਤੋਂ ਬਾਰ੍ਹਾਂ ਸਾਲਾ ਪਹਿਲਾਂ ਵਿਆਹ ਕੇ ਲਿਆਇਆ ਸੀ। ਇਕ ਧੀ ਤੇ ਪੁੱਤ ਨਾਲ ਘਰੇ ਰੰਗ ਲੱਗੇ ਹੋਏ ਸੀ। ਸਤਵੰਤ ਆਪਣੇ ਨਾਂ ਅਨੁਸਾਰ ਉਸ ਨੂੰ ਰੱਬ ਤੋਂ ਉਪਰ ਰੱਖਦੀ ਸੀ। ਪਰ ਉਹਦਾ ਵਿਗੜਿਆ ਮਨ ਕਈ ਵਾਰ ਸਮਾਜੀ ਵਲਗਣਾਂ ਨੂੰ ਟੱਪ ਕੇ ਖਰੂਦ ਪਾਉਂਦਾ ਸੀ। ਨਾਈਟ ਕਲੱਬ ਵਿਚ ਚਲੇ ਜਾਣਾ ਜਾਂ ਹੋਰ ਸ਼ੁਗਲ ਮੇਲੇ ਉਹ ਆਪਣੀ ਮਿੱਤਰ ਮੰਡਲੀ ਨਾਲ ਕਰਦਾ ਰਹਿੰਦਾ ਸੀ। ਪਰ ਅੱਜ ਵਾਲਾ ਕੰਮ ਤਾਂ ਉਹਨਾਂ ਤੋਂ ਵੀ ਗੁਪਤ ਸੀ। ਪਿਛਲੇ ਮਹੀਨੇ ਜਦੋਂ ਉਹਦੇ ਫੋਨ ਦੀ ਘੰਟੀ ਵੱਜੀ ਤੇ ਉਹਨੇ ਅਣਜਾਣੇ ਨੰਬਰ ਤੋਂ ਆਏ ਫੋਨ ਨੂੰ ਹੈਲੋ ਹੀ ਕਿਹਾ ਸੀ ਕਿ ਉਹਦੇ ਲੂੰ ਕੰਡੇ ਖੜ੍ਹੇ ਹੋ ਗਏ। ਇਹ ਤਾਂ ਨਿੱਕੀ ਸੀ।

ਨਵਨੀਤ ਕੌਰ ਚਹਿਲ ਉਰਫ ਨਿੱਕੀ ਉਹਦੇ ਨਾਲ ਕਾਲਜ ਵਿਚ ਪੜ੍ਹਦੀ ਉਹਦੀ ਜਮਾਤਣ। ਜਿਹਦੇ ਸੁਪਨੇ ਉਨ੍ਹਾਂ ਦਿਨਾਂ ਵਿਚ ਅਕਸਰ ਉਹ ਨੂੰ ਆਉਂਦੇ ਸੀ। ਭਾਵੇਂ ਉਨ੍ਹਾਂ ਦੀ ਹਾਏ ਹੈਲੋ ਸੀ ਪਰ ਉਹ ਕਦੇ ਆਪਣੇ ਮਨ ਦੀ ਗੱਲ ਨਹੀਂ ਕਹਿ ਸਕਿਆ ਸੀ। ਨਿੱਕੀ ਨੇ ਉਹਦਾ ਨੰਬਰ ਇੰਡੀਆ ਫੇਰੀ ਸਮੇਂ ਉਨ੍ਹਾਂ ਦੇ ਜਮਾਤੀ ਅਤੇ ਉਹਦੇ ਮਿੱਤਰ ਰਮੇਸ਼ ਤੋਂ ਲਿਆ ਸੀ। ਨਿੱਕੀ ਵੈਨਕੂਵਰ ਵਿਚ ਵਸਦੀ ਸੀ। ਉਹਨੇ ਬੜਾ ਖ਼ੁਸ਼ ਹੋ ਕੇ ਨਿੱਕੀ ਨਾਲ ਗੱਲ ਕੀਤੀ। ਉਹਨੇ ਅਤੇ ਨਿੱਕੀ ਨੇ ਆਪਣੇ ਬਾਰੇ ਰਸਮੀ ਗੱਲਾਂ ਕੀਤੀਆਂ ਤੇ ਫੇਰ ਫੋਨ ਰੱਖ ਦਿੱਤਾ। ਉਸ ਦਿਨ ਉਹਦਾ ਜੀਅ ਫੇਰ ਕਿਸੇ ਕੰਮ ਵਿਚ ਨਾ ਲੱਗਿਆ। ਅਗਲੇ ਦਿਨ ਉਸ ਤੋਂ ਰਿਹਾ ਨਾ ਗਿਆ ਅਤੇ ਉਸ ਨੇ ਆਪ ਫੋਨ ਕਰ ਲਿਆ। ਦੋਵੇਂ ਫੇਸਬੁੱਕ 'ਤੇ ਵੀ ਦੋਸਤ ਬਣ ਗਏ। ਫੇਰ ਫੋਨ ਕਾਲ ਅਤੇ ਫੇਸਬੁੱਕ 'ਤੇ ਚੈਟਿੰਗ ਦਾ ਸਿਲਸਿਲਾ ਆਮ ਹੋ ਗਿਆ। ਨਿੱਕੀ ਦੇ ਮਾਪਿਆਂ ਨੇ ਉਹਦਾ ਵਿਆਹ ਉਸ ਤੋਂ ਦੁੱਗਣੀ ਉਮਰ ਦੇ ਧਨਾਢ ਨਾਲ ਕੀਤਾ ਸੀ ਕਿਉਂਕਿ ਉਹ ਨਿੱਕੀ ਨੂੰ ਪੌੜੀ ਬਣਾ ਕੇ ਕੈਨੇਡਾ ਪਹੁੰਚਣਾ ਚਾਹੁੰਦੇ ਸਨ। ਮਾਪਿਆਂ ਦੇ ਸੁਪਨੇ ਪੂਰੇ ਕਰਦੇ ਉਹ ਅਧੇੜ ਉਮਰ ਦੇ ਪਤੀ ਨਾਲ ਦਿਨ ਕਟੀ ਕਰਦੀ ਰਹੀ। ਇਸ ਰਿਸ਼ਤੇ ਵਿਚ ਬੱਚਾ ਕਿੱਥੋਂ ਪੈਦਾ ਹੁੰਦਾ ਤੇ ਆਖ਼ਰ ਸਾਰੇ ਬੰਧਨ ਤੋੜ ਕੇ ਆਜ਼ਾਦ ਹੋ ਗਈ ਸੀ। ਹੁਣ ਉਹ ਮਨਮਰਜ਼ੀ ਕਰਨ ਲੱਗੀ ਸੀ। ਇਸੇ ਲਈ ਉਸ ਨੇ ਹਰਿੰਦਰ ਨੂੰ ਲੱਭਣ ਵਿਚ ਪਹਿਲ ਕੀਤੀ ਸੀ। ਹਰਿੰਦਰ ਉਸ ਲਈ ਪਤੀ ਪਿੱਛੋਂ ਪਹਿਲਾਂ ਮਰਦ ਨਹੀਂ ਸੀ। ਉਸ ਨੇ ਆਪਣੀ ਆਜ਼ਾਦ ਤਬੀਅਤ ਵਾਰੇ ਖੁੱਲ੍ਹ ਕੇ ਦੱਸ ਦਿੱਤਾ ਸੀ। ਇਸੇ ਕਰਕੇ ਜਿਹੜੀ ਗੱਲ ਉਹ ਵੀਹ ਸਾਲ ਪਹਿਲਾਂ ਨਹੀਂ ਕਹਿ ਸਕਿਆ ਸੀ ਉਹ ਉਹਨੇ ਹੁਣ ਕਹਿ ਦਿੱਤੀ ਤੇ ਨਿੱਕੀ ਤਾਂ ਜਿਵੇਂ ਉਡੀਕ ਰਹੀ ਸੀ ਉਸ ਨੇ ਤੁਰੰਤ ਹੁੰਗਾਰਾ ਭਰ ਦਿੱਤਾ ਸੀ। ਅੱਜ ਉਹਨੇ ਨਿੱਕੀ ਨੂੰ ਮਿਲਣ ਜਾਣਾ ਸੀ। ਅੱਠ ਵਜੇ ਸਟੋਰ ਨੂੰ ਬੰਦ ਕਰਕੇ ਚਾਬੀਆਂ ਗੋਰੀ ਨੂੰ ਫੜਾ ਦਿੱਤੀਆਂ ਤੇ ਕੱਲ੍ਹ ਨੂੰ ਸਮੇਂ ਸਿਰ ਸਟੋਰ ਖੋਲ੍ਹਣ ਦੀ ਤਾਕੀਦ ਕਰਦਾ ਉਹ ਭੱਜ ਕੇ ਕਾਰ ਵਿਚ ਜਾ ਬੈਠਾ।

ਕਾਲੀ ਮਰਸਡੀਜ਼ ਬਰਫ਼ ਵਾਲੀ ਸੜਕ 'ਤੇ ਸੂਟਾਂ ਵੱਟਦੀ ਤੁਰੀ ਜਾਂਦੀ ਸੀ। ਸ਼ਹਿਰ ਵਿੱਚੋਂ ਨਿਕਲ ਹਾਈਵੇ 'ਤੇ ਚੜ੍ਹਦੇ ਹੀ ਉਹਨੇ ਟੇਪ ਲਾ ਕੇ ਨਾਲ ਹੀ ਹੇਕ ਚੁੱਕ ਦਿੱਤੀ, 'ਤੇਰੇ ਟਿੱਲੇ ਤੋਂ ਓ ਸੂਰਤ ਦਿਹਦੀ ਹੈ ਹੀਰ ਦੀ' ਤੇ ਨਾਲ ਹੀ ਫੇਸਬੁੱਕ 'ਤੇ ਨਿੱਕੀ ਦੀ ਦੇਖੀ ਫੋਟੋ ਨੂੰ ਹੀਰ ਤਸੱਵਰ ਕਰਦੇ ਕਾਰ ਦਾ ਐਕਸੀਲੇਟਰ ਦੱਬ ਦਿੱਤਾ। ਸਾਢੇ ਤਿੰਨ ਸੌ ਮੀਲ ਦਾ ਸਫ਼ਰ ਉਹ ਜਲਦੀ-ਜਲਦੀ ਪੂਰਾ ਕਰਕੇ ਨਿੱਕੀ ਦੀਆਂ ਬਾਹਵਾਂ ਦਾ ਨਿੱਘ ਮਾਣਨਾ ਚਾਹੁੰਦਾ ਸੀ। ਉਹਨੇ ਸੋਚਿਆ ਸਤਵੰਤ ਤਾਂ ਬੱਚਿਆਂ ਨਾਲ ਕੈਮਲੂਪਸ ਸ਼ਹਿਰ ਸੁੱਤੀ ਪਈ ਹੋਵੇਗੀ। ਸਤਵੰਤ ਤੇ ਬੱਚਿਆਂ ਨੂੰ ਯਾਦ ਕਰਕੇ ਉਹਦਾ ਮੂੰਹ ਕੁਸੈਲਾ ਜਿਹਾ ਹੋ ਗਿਆ। ਪਰ ਨਿੱਕੀ ਦੇ ਖ਼ਿਆਲ ਨੇ ਉਸ ਨੂੰ ਫੇਰ ਖੇੜੇ ਵਿਚ ਲੈ ਆਂਦਾ।

ਰਸਤੇ ਵਿਚ ਇਕ ਹੋਟਲ ਤੋਂ ਭਰਵੇਂ ਤਿੰਨ ਪੈੱਗ ਲਾ ਕੇ ਉਹਨੇ ਕਾਹਲੀ ਨਾਲ ਰੋਟੀ ਅੰਦਰ ਸੁੱਟੀ ਤੇ ਕਾਰ ਫੇਰ ਖਿੱਚ ਦਿੱਤੀ। ਦਸ ਵਜੇ ਤਕ ਉਹਨੇ ਡੇਢ ਸੌ ਮੀਲ ਦਾ ਸਫ਼ਰ ਨਿਬੇੜ ਲਿਆ ਸੀ। ਅਚਾਨਕ ਉਸ ਦੀ ਨਜ਼ਰ ਤੇਲ ਵਾਲੀ ਸੂਈ 'ਤੇ ਗਈ ਤੇ ਉਸ ਨੂੰ ਲਾਲ ਨਿਸ਼ਾਨ ਦੇ ਨੇੜੇ ਦੇਖ ਕੇ ਉਹਨੇ ਗੈਸ ਸਟੇਸ਼ਨ ਦੀ ਭਾਲ ਲਈ ਕਾਰ ਹੌਲੀ ਕਰ ਲਈ। ਤੀਹ ਮੀਲ 'ਤੇ ਜਾ ਕੇ ਗੈਸ ਸਟੇਸ਼ਨ ਦਾ ਨਿਸ਼ਾਨ ਦੇਖ ਕੇ ਸੁੱਖ ਦਾ ਸਾਹ ਲਿਆ। ਪਰ ਜਾ ਕੇ ਦੇਖਿਆ ਤਾਂ ਗੈਸ ਸਟੇਸ਼ਨ ਆਊਟ ਆਫ ਆਰਡਰ ਦੀ ਫੱਟੀ ਨਾਲ ਉਹਨੂੰ ਮੂੰਹ ਚਿੜਾ ਰਿਹਾ ਸੀ। ਉਹਨੇ ਫੋਨ ਤੋਂ ਸਰਚ ਮਾਰ ਕੇ ਅਗਲੇ ਗੈਸ ਸਟੇਸ਼ਨ ਦੀ ਸਥਿਤੀ ਜਾਣਨੀ ਚਾਹੀ ਤਾਂ ਦੇਖਿਆ ਸਿਗਨਲ ਨਦਾਰਦ ਸੀ। ਬਾਹਰ ਬਰਫ਼ ਡਿੱਗ ਰਹੀ ਸੀ। ਉਹ ਇਸ ਰਾਹ 'ਤੇ ਬਹੁਤ ਘੱਟ ਵਾਰ ਆਉਣ ਕਰਕੇ ਉਹ ਗੈਸ ਸਟੇਸ਼ਨ ਬਾਰੇ ਬਹੁਤਾ ਜਾਣੂ ਨਹੀਂ ਸੀ। ਉਹਨੇ ਹੌਲੀ -ਹੌਲੀ ਕਾਰ ਅੱਗੇ ਤੋਰੀ। ਤੇਲ ਵਾਲੀ ਸੂਈ ਲਾਲ ਨਿਸ਼ਾਨ ਦੇ ਅੰਤ ਤਕ ਪਹੁੰਚ ਚੁੱਕੀ ਸੀ। ਵੀਹ ਮੀਲ ਤਕ ਕੋਈ ਗੈਸ ਸਟੇਸ਼ਨ ਨਾ ਦੇਖ ਕੇ ਉਹਨੇ ਇਕ ਪਿੰਡ ਵੱਲ ਗੱਡੀ ਮੋੜ ਲਈ। ਕਾਰਾਂ 'ਤੇ ਫੁੱਟ-ਫੁੱਟ ਬਰਫ਼ ਜੰਮੀ ਪਈ ਸੀ। ਬੱਤੀਆਂ ਬੰਦ ਸਨ। ਰਾਤ ਦੇ ਗਿਆਰਾਂ ਵਜੇ ਤਕ ਹੀ ਲੋਕਾਂ ਦੇ ਦਰਵਾਜ਼ੇ ਬੰਦ ਹੋਏ ਪਏ ਸਨ।

ਉਹਨੇ ਗਲੀਆਂ ਵਿਚ ਗੇੜਾ ਦਿੱਤਾ। ਕੋਈ ਜੀਅ ਪਰਿੰਦਾ ਵੀ ਨਹੀਂ ਸੀ। ਇਕ ਦੋ ਘਰਾਂ ਦੇ ਅੱਗੇ ਹਾਰਨ ਵਜਾਇਆ ਪਰ ਕੋਈ ਪ੍ਰਭਾਵ ਦਿਖਾਈ ਨਾ ਦਿੱਤਾ। ਉਹ ਦੇ ਹੱਥ ਪੈਰ ਕੰਕਰ ਹੁੰਦੇ ਜਾਪੇ। ਕਾਰ ਉਹਨੇ ਇਕ ਦਰੱਖ਼ਤ ਹੇਠ ਖੜ੍ਹਾ ਕੇ ਤੇਲ ਬਚਾਉਣ ਲਈ ਬੰਦ ਕਰ ਦਿੱਤੀ ਤੇ ਫੋਨ ਕੱਢ ਕੇ ਐਮਰਜੈਂਸੀ ਕਾਲ ਕਰਨ ਦੀ ਕੋਸ਼ਿਸ਼ ਕੀਤੀ। ਪਰ ਕੋਈ ਸਿੱਟਾ ਨਾ ਨਿਕਲਦਾ ਦੇਖ ਕੇ ਉਹਦਾ ਦਿਲ ਬੈਠ ਗਿਆ। ਉਹਨੇ ਕਾਰ ਸਟਾਰਟ ਕਰ ਕੇ ਹੀਟਰ ਪੂਰੇ ਜ਼ੋਰ 'ਤੇ ਛੱਡ ਦਿੱਤਾ।

ਉਹਦੀ ਠੰਢ ਘਟਣ ਲੱਗੀ। ਫੇਰ ਤੇਲ ਵਾਲੀ ਸੂਈ ਹੇਠਾਂ ਜਾਂਦੀ ਦੇਖ ਕੇ ਉਹਨੇ ਕਾਰ ਬੰਦ ਕਰ ਦਿੱਤੀ। ਪੰਜ ਮਿੰਟ ਕਾਰ ਸਟਾਰਟ ਕਰਦਾ ਤੇ ਉਹ ਕਾਰ ਗਰਮ ਕਰ ਲੈਂਦਾ ਤੇ ਫੇਰ ਅੱਧਾ ਘੰਟਾ ਬੰਦ ਕਰਕੇ ਉਹ ਸਮਾਂ ਲੰਘਾਉਣ ਲੱਗਾ। ਇਸ ਤਰ੍ਹਾਂ ਉਸ ਨੇ ਕਾਫ਼ੀ ਸਮਾਂ ਲੰਘਾ ਲਿਆ ਸੀ। ਪਰ ਖ਼ਤਮ ਹੁੰਦੇ ਤੇਲ ਨੂੰ ਦੇਖ ਕੇ ਮਨ ਵਿਚ ਭੈੜੇ-ਭੈੜੇ ਵਿਚਾਰ ਆ ਰਹੇ ਸਨ। ਹਰਿੰਦਰ ਨੂੰ ਸਤਵੰਤ ਤੇ ਬੱਚੇ ਯਾਦ ਆਏ ਛੋਟੇ ਪੈਰੀ ਦੀਆਂ ਤੋਤਲੀਆਂ ਤੇ ਧੀ ਨੀਰੂ ਦੀਆਂ ਭੋਲੀਆਂ ਗੱਲਾਂ ਕਰਦੇ ਚਿਹਰੇ 'ਤੇ ਸਤਵੰਤ ਦੇ ਮੋਹ ਨੂੰ ਚੇਤੇ ਕਰਦੀਆਂ ਉਹਦੀਆਂ ਅੱਖਾਂ ਭਰ ਆਈਆਂ। ਬਰਫ਼ ਵਿਚ ਠੰਢ ਨਾਲ ਮਰ ਜਾਣ ਵਾਲਿਆਂ ਦੀਆਂ ਖ਼ਬਰਾਂ ਦੀ ਸੁਰਖ਼ੀ ਵਿਚ ਉਹਨੂੰ ਆਪਣਾ ਨਾਂ ਦਿਖਾਈ ਦੇਣ ਲੱਗਾ।

ਸਤਵੰਤ ਕੀ ਸੋਚੂਗੀ ਕਿ ਉਹ ਮੀਟਿੰਗ ਵਾਲੇ ਸ਼ਹਿਰ ਜਾਣ ਦੀ ਬਜਾਏ ਉਸ ਦੇ ਉਲਟ ਪਾਸੇ ਕਾਰ ਵਿਚ ਠੰਢ ਨਾਲ ਕਿਉਂ ਮਰ ਗਿਆ? ਉਹਦੇ ਬੱਚਿਆਂ ਦੇ ਸਿਰ 'ਤੇ ਹੱਥ ਕੌਣ ਧਰੂਗਾ। ਲੋਕਾਂ ਦੇ ਲੈਣ-ਦੇਣ ਉਹਦੇ ਅੱਖਾਂ ਮੂਹਰੇ ਘੁੰਮਣ ਲੱਗੇ। ਉਹਨੇ ਕਾਰ ਠੰਢੀ ਹੋਈ ਵੇਖ ਕੇ ਦੁਬਾਰਾ ਸਟਾਰਟ ਕੀਤੀ ਤੇ ਟਾਈਮ ਦੇਖਿਆ। ਲਗਪਗ ਪੌਣੇ ਚਾਰ ਦਾ ਟਾਈਮ ਸੀ। ਉਹਨੇ ਘੜੀ 'ਤੇ ਨਿਗਾਹ ਪੰਜ ਮਿੰਟਾਂ ਲਈ ਟਿਕਾਈ ਰੱਖੀ ਤੇ ਕਾਰ ਗਰਮ ਹੋਣ ਲੱਗ ਪਈ ਤੇ ਪੰਜ ਮਿੰਟਾਂ ਤੋਂ ਪਹਿਲਾਂ ਹੀ ਕਾਰ ਦੇ ਇੰਜਣ ਨੇ ਕੁਲਹਿਣੀ ਭੱਕ-ਭੱਕ ਕੀਤੀ ਤੇ ਕਾਰ ਬੰਦ ਹੋ ਗਈ। ਤੇਲ ਬਿਲਕੁਲ ਖ਼ਤਮ ਹੋ ਚੁੱਕਿਆ ਸੀ। ਉਹਨੇ ਬੇਵਸੀ ਨਾਲ ਬਾਹਰ ਨਜ਼ਰ ਮਾਰੀ ਤੇ ਚਿੱਟੀ ਬਰਫ਼ ਦੀ ਚਾਦਰ ਤੋਂ ਬਿਨਾਂ ਕੁਝ ਦਿਖਾਈ ਨਾ ਦਿੱਤਾ। ਉਸਨੂੰ ਲੱਗਿਆ ਕਿ ਸਤਵੰਤ ਵਰਗੀ ਪਤਨੀ ਨਾਲ ਬੇਵਫ਼ਾਈ ਦੀ ਸਜ਼ਾ ਰੱਬ ਉਸਨੂੰ ਦੇ ਰਿਹਾ। ਠੰਢ ਉਹਨੂੰ ਪਹਿਲਾਂ ਤੋਂ ਜ਼ਿਆਦਾ ਲੱਗਣ ਲੱਗ ਪਈ।

ਉਹ ਸੀਟ 'ਤੇ ਚਾਕੂ ਵਾਂਗੂ ਇਕੱਠਾ ਹੋ ਗਿਆ। ਸੁੰਨ ਉਹਦੇ ਸਾਰੇ ਸਰੀਰ ਨੂੰ ਚੜ੍ਹ ਰਿਹਾ ਸੀ ਤੇ ਉਸਨੂੰ ਹੌਲੀ-ਹੌਲੀ ਆਪਣਾ ਆਪ ਬੇਸੁਰਤ ਹੁੰਦਾ ਪ੍ਰਤੀਤ ਹੋਇਆ। ਉਸਨੇ ਆਪਣਾ ਚੇਤਾ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ। ਪਰ ਠੰਢ ਅੱਗੇ ਉਹ ਹਾਰਦਾ ਜਾ ਰਿਹਾ ਸੀ ਤੇ ਫੇਰ ਉਹਦੀ ਚੇਤਨਾ ਲੁਪਤ ਹੋ ਗਈ।

ਸੁਪਨੇ ਵਾਂਗੂ ਉਹਨੂੰ ਲੱਗਿਆ ਕਿ ਪਤਾ ਨਹੀ ਕਿੰਨਾ ਸਮਾਂ ਗੁਜ਼ਰ ਚੁੱਕਿਆ ਅਤੇ ਕੋਈ ਉਹਦਾ ਦਰਵਾਜ਼ਾ ਤੋੜ ਰਿਹਾ। ਜਮਦੂਤ ਉਹਨੂੰ ਚੁੱਕੀ ਜਾਂਦੇ ਨੇ। ਜਮਦੂਤਾਂ ਦੇ ਚਿੱਟੇ ਕੱਪੜੇ ਉਸਨੂੰ ਦਿਖਾਈ ਦਿੰਦੇ ਪ੍ਰਤੀਤ ਹੁੰਦੇ ਸੀ। ਉਸ ਨੂੰ ਆਪਣੀ ਗੱਲ੍ਹ 'ਤੇ ਨਰਮੀ ਨਾਲ ਥਪਥਪਾਹਟ ਮਹਿਸੂਸ ਹੋਈ। ਉਸਨੇ ਹੌਲੀ- ਹੌਲੀ ਅੱਖਾਂ ਖੋਲ੍ਹੀਆਂ।

ਅੱਖਾਂ ਨੇ ਦੇਖਿਆ ਚਿੱਟੀ ਦੁਧੀਆ ਰੋਸ਼ਨੀ ਵਿਚ ਇਕ ਗੋਰੀ ਨਰਸ ਉਸ ਨੂੰ ਪੁੱਛ ਰਹੀ ਸੀ 'ਮਿਸਟਰ ਸਿੰਘ ਆਰ ਯੂ ਆਲ ਰਾਇਟ' ਉਹਨੇ ਨਜ਼ਰ ਘੁਮਾਈ ਤਾਂ ਸਤਵੰਤ ਕੋਲੇ ਬੈਠੀ ਰੋ ਰਹੀ ਸੀ। ਬਾਅਦ ਵਿਚ ਜਦੋਂ ਉਹ ਦੋ ਕੁ ਘੰਟਿਆਂ ਬਾਅਦ ਕਾਫ਼ੀ ਠੀਕ ਹੋ ਗਿਆ ਤਾਂ ਸਤਵੰਤ ਨੇ ਉਸ ਨੂੰ ਗਰਮ-ਗਰਮ ਸੂਪ ਚਮਚੇ ਨਾਲ ਪਿਲਾਉਂਦੇ ਹੋਏ ਦੱਸਿਆ ਕਿ ਪਿੰਡ ਵਿਚ ਕਿਸੇ ਅੰਗਰੇਜ਼ ਨੇ ਸਵੇਰੇ ਛੇ ਵਜੇ ਉਸਨੂੰ ਕਾਰ ਵਿਚ ਦੇਖਿਆ ਸੀ ਤੇ ਪੁਲਿਸ ਦੀ ਮਦਦ ਨਾਲ ਹਸਪਤਾਲ ਭੇਜ ਦਿੱਤਾ ਸੀ। ਉਹਦੇ ਕਾਗਜ਼ ਪੱਤਰਾਂ ਨੂੰ ਦੇਖਕੇ ਪੁਲਿਸ ਨੇ ਸਤਵੰਤ ਨੂੰ ਹਸਪਤਾਲ ਸੱਦ ਲਿਆ ਸੀ।

ਉਹ ਹਾਲੇ ਵੀ ਡੌਰ-ਭੌਰ ਸੀ। ਇੰਨੇ ਵਿਚ ਸਤਵੰਤ ਦੇ ਬੋਲ ਉਸ ਦੇ ਕੰਨੀ ਪਏ, "ਤੁਸੀ ਤਾਂ ਅੱਜ ਪੂਰੇ ਦਿਨ ਬਾਅਦ ਹੋਸ਼ ਵਿਚ ਆਏ ਹੋ, ਤੁਹਾਡੇ ਫੋਨ 'ਤੇ ਕਾਫ਼ੀ ਸਾਰੇ ਫੋਨ ਆਏ ਪ੍ਰੰਤੂ ਕਿਸੇ ਨਿੱਕੀ ਨਾਂ ਦਾ ਫੋਨ ਤਾਂ ਕਈ ਵਾਰ ਆ ਚੁੱਕਿਆ ਹੈ। ਮੈਂ ਤਾਂ ਕੋਈ ਫੋਨ ਚੁੱਕਿਆ ਨਹੀਂ, ਸੋਚਿਆ ਕਿ ਤੁਸੀਂ ਖ਼ੁਦ ਹੀ ਠੀਕ ਹੋ ਕੇ ਸਾਰਿਆਂ ਨੂੰ ਫੋਨ ਕਰ ਲਵੋਗੇ।" ਇਹ ਕਹਿੰਦੀ ਉਹ ਵਾਰਡ ਦੇ ਦਰਵਾਜ਼ੇ ਕੋਲ ਬੈਠ ਕੇ ਘਰੇ ਬੱਚਿਆਂ ਨੂੰ ਫੋਨ ਕਰਨ ਲੱਗ ਪਈ। ਉਸ ਦਾ ਮਨ ਗਿਲਾਨੀ ਨਾਲ ਭਰ ਗਿਆ ਸੀ। ਉਸ ਨੂੰ ਆਪਣੇ ਆਪ ਦੇ ਕਾਰਨਾਮੇ 'ਤੇ ਰਹਿ-ਰਹਿ ਕੇ ਗੁੱਸਾ ਵੀ ਆ ਰਿਹਾ ਸੀ।

ਥੋੜ੍ਹੇ ਸਮੇਂ ਬਾਅਦ ਘੰਟੀ ਫੇਰ ਵੱਜੀ ਤੇ ਨਿੱਕੀ ਦਾ ਨਾਂ ਤੇ ਨੰਬਰ ਸਕਰੀਨ 'ਤੇ ਫਲੈਸ਼ ਕਰਨ ਲੱਗਿਆ। ਹਰਿੰਦਰ ਨੇ ਫੋਨ ਨੂੰ ਦੇਖਿਆ ਤੇ ਫੇਰ ਅੱਖ ਭਰ ਕੇ ਦੂਰ ਬੈਠੀ ਸਤਵੰਤ ਨੂੰ ਦੇਖਿਆ। ਉਸ ਦੀਆਂ ਪਿਆਰ ਨਾਲ ਅੱਖਾਂ ਭਰ ਆਈਆਂ ਤੇ ਉਸ ਨੇ ਅਜੀਬ ਝੁੰਜਲਾਹਟ ਨਾਲ ਨਿੱਕੀ ਦੇ ਨੰਬਰ ਨੂੰ ਬਿਜ਼ੀ ਕਰ ਦਿੱਤਾ ਤੇ ਬਲੌਕ ਦੀ ਆਪਸ਼ਨ ਕੱਢ ਕੇ ਉਸ ਨੂੰ ਕਈ ਵਾਰ ਦੱਬ ਦਿੱਤਾ। ਹੁਣ ਉਹ ਮਹਿਸੂਸ ਕਰ ਰਿਹਾ ਸੀ ਜਿਵੇਂ ਨਿੱਕੀ ਦੇ ਖ਼ਿਆਲਾਂ ਨੂੰ ਵੀ ਉਸ ਦੇ ਨੰਬਰ ਵਾਂਗ ਪੱਕੇ ਤੌਰ 'ਤੇ ਬਲੌਕ ਕਰ ਦਿੱਤਾ ਹੋਵੇ। •

# ਨਜ਼ਰੀਆ ਹੀ ਹੈ ਤੁਹਾਡੀ ਜ਼ਿੰਦਗੀ

• ਕਿਰਨਪ੍ਰੀਤ ਕੌਰ
+4368864013133

ਚੰਗੇ ਵਿਚਾਰ ਸਾਡੀ ਸੋਚ ਨੂੰ ਪ੍ਰਭਾਵਿਤ ਕਰਦੇ ਹਨ। ਸੋਚ ਚੰਗੀ ਹੋਵੇਗੀ ਤਾਂ ਸਾਡਾ ਵਿਵਹਾਰ ਹਾਂ-ਪੱਖੀ ਹੋਵੇਗਾ ਤੇ ਲੋਕ ਸਾਨੂੰ ਮਿਲਣਾ ਪਸੰਦ ਕਰਨਗੇ...



ਹਰ ਸਮੇਂ ਮਨੁੱਖ ਦੇ ਦਿਲ ਤੇ ਦਿਮਾਗ਼ ਵਿਚ ਕੁਝ ਚੱਲਦਾ ਰਹਿੰਦਾ ਹੈ। ਇਹ ਹੀ ਉਸ ਦੀ ਸੋਚ ਹੈ ਅਤੇ ਇਹ ਸਕਾਰਾਤਮਕ ਅਤੇ ਨਕਾਰਾਤਮਕ ਦੋਵੇਂ ਹੁੰਦੀਆਂ ਹਨ। ਇਸੇ ਸੋਚ ਤੋਂ ਅੱਗੇ ਜਾ ਕੇ ਤੁਹਾਡਾ ਨਜ਼ਰੀਆ ਬਣਦਾ ਹੈ। ਤੁਸੀਂ ਇਸ ਜੀਵਨ ਨੂੰ ਜਾਂ ਕਿਸੇ ਵੀ ਚੀਜ਼ ਨੂੰ ਕਿਸ ਤਰ੍ਹਾਂ ਦੇਖਦੇ ਹੋ, ਭਾਵ ਉਸ ਨੂੰ ਕਿਸ ਤਰ੍ਹਾਂ ਸੋਚਦੇ ਹੋ। ਇਸ ਨੂੰ ਨਜ਼ਰੀਆ ਕਹਿੰਦੇ ਹਨ ਅਤੇ ਨਜ਼ਰੀਆ ਸਾਡੀ ਸੋਚ ਦੀ ਉਪਜ ਹੈ। ਜੇਕਰ ਤੁਹਾਡੀ ਸੋਚ ਵਿਚ ਹਰ ਵਕਤ ਕਿਸੇ ਲਈ ਚੰਗੇ ਅਤੇ ਸਕਾਰਾਤਮਕ ਭਾਵ ਚੱਲਣਗੇ ਤਾਂ ਤੁਹਾਡਾ ਨਜ਼ਰੀਆ ਅਤੇ ਸੁਭਾਅ ਉਸ ਪ੍ਰਤੀ ਹਮੇਸ਼ਾ ਚੰਗਾ ਹੀ ਬਣਿਆ ਰਹੇਗਾ।

ਸਾਡੇ ਨਜ਼ਰੀਏ ਦਾ ਸਭ ਤੋਂ ਵੱਡਾ ਅਸਰ ਸਾਡੀ ਆਪਣੀ ਜ਼ਿੰਦਗੀ 'ਤੇ ਹੈ। ਸਾਡੀ ਸੋਚ ਸਾਡੀ ਮਹਿਸੂਸ ਸ਼ਕਤੀ ਨੂੰ ਪ੍ਰਭਾਵਿਤ ਕਰਦੀ ਹੈ। ਸਕਾਰਾਤਮਕ ਅਤੇ ਚੰਗੀ ਸੋਚ ਨਾਲ ਅਸੀਂ ਖ਼ੁਦ ਨੂੰ ਵਧੇਰੇ ਪਾਜ਼ਟਿਵ ਮਹਿਸੂਸ ਕਰ ਖ਼ੁਸ਼ੀਆਂ ਅਤੇ ਖੇੜੇ ਭਰਿਆ ਜੀਵਨ ਜੀਅ ਸਕਦੇ ਹਾਂ। ਫਿਰ ਚਾਹੇ ਬਾਹਰ ਤੁਹਾਡੀ ਦੁਨੀਆ ਜਾਂ ਸਮਾਜ ਵਿਚ ਕਿਸੇ ਤਰ੍ਹਾਂ ਦੀ ਵੀ ਨਕਾਰਾਤਮਿਕਤਾ ਕਿਉਂ ਨਾ ਹੋਵੇ ਤੁਸੀਂ ਸਿਰਫ਼ ਆਪਣੇ ਨਜ਼ਰੀਏ ਨੂੰ ਬਦਲ ਆਪਣੀ ਜ਼ਿੰਦਗੀ ਨੂੰ ਇਕ ਵਧੀਆ ਢੰਗ ਨਾਲ ਜੀਣ ਵਿਚ ਸਹਾਇਕ ਹੋ। •

# ਪੁਸਤਕ ਚਰਚਾ

ਰਿਚਮੰਡ (ਕੈਨੇਡਾ) ਜਾ ਵਸੇ ਕਰਨਲ ਹਰਜੀਤ ਬੱਸੀ ਦੀ ਇਹ ਛੇ ਕਾਵਿ-ਸੰਗ੍ਰਹਿ ਅਤੇ ਦੋ ਕਥਾ-ਪੁਸਤਕਾਂ ਉਪਰੰਤ ਨੌਵੀਂ ਸਿਰਜਣਾ ਹੈ। ਇਹ ਉਨ੍ਹਾਂ ਦੇ ਬਚਪਨ ਤੋਂ ਹੁਣ ਤਕ ਦੀ ਜੀਵਨ ਦੀਆਂ ਯਾਦਾਂ ਹਨ ਜਿਵੇਂ ਕਿ "ਚੜ੍ਹਦੀ ਸਵੇਰ ਤੋਂ ਢਲਦੀ ਸ਼ਾਮ ਦਾ ਸਫ਼ਰ, ਮੇਰੀਆਂ ਯਾਦਾਂ" ਨਾਂ ਤੋਂ ਪ੍ਰਗਟ ਹੁੰਦਾ ਹੈ। ਛੋਟੇ-ਛੋਟੇ ਚਤਾਲੀ ਨਾਵਾਂ ਹੇਠ ਲਿਖੇ ਇਹ ਯਾਦਾਂ ਦੇ ਟੁਕੜੇ ਪੰਜ ਸਾਲ ਦੇ ਜੀਤੇ ਤੋਂ ਕੈਨੇਡਾ ਦੇ ਵਾਸੀ ਹੋਣ ਤਕ ਦੇ ਹਨ। ਉਸ ਕੋਲ ਜ਼ਿੰਦਗੀ ਦਾ ਉਤਰਾਵਾਂ-ਚੜ੍ਹਾਵਾਂ ਭਰਿਆ ਅਨੁਭਵ ਹੈ। ਉਸ ਨੂੰ ਗੱਲ ਕਰਨੀ ਆਉਂਦੀ ਹੈ, ਕਹਿਣ ਦਾ ਸਲੀਕਾ ਹੈ। ਇਨ੍ਹਾਂ ਕਾਰਣਾਂ ਕਰਕੇ ਉਸ ਦੀਆਂ ਇਹ ਯਾਦਾਂ ਕਾਵਿਕ-ਸ਼ੈਲੀ ਵਿਚ ਪਰੁਤੀਆਂ ਅਤੇ ਰੋਚਿਕ ਬ੍ਰਿਤਾਂਤ ਨਾਲ ਲਬਰੇਜ਼ ਹਨ। ਜਿੱਥੇ ਲੇਖਕ ਸੈਨਾ ਵਿਚ ਜਾਣ ਤੋਂ ਦੋ ਤਿੰਨ ਵਾਰ ਮੈਡੀਕਲੀ ਤੌਰ 'ਤੇ ਰਿਜੈਕਟ ਕੀਤਾ ਜਾਂਦਾ ਹੈ ਉਹ ਆਸ ਦਾ ਪੱਲਾ ਨਹੀਂ ਛੱਡਦਾ।

ਰਾਸ਼ਟਰਪਤੀ ਨੂੰ ਲਿਖੀ ਚਿੱਠੀ ਉਸ ਨੂੰ ਸਿਲੈਕਟ ਕਰਵਾਉਂਦੀ ਹੈ। ਇਹ ਬਹੁਤ ਵੱਡੀ ਪ੍ਰੇਰਣਾ ਵਾਲੀ ਗੱਲ ਹੈ। ਕਰਨਲ ਬਣ ਕੇ ਸੇਵਾ ਮੁਕਤ ਹੋ ਕੇ ਵੀ ਕਰਮ ਕਰਨ ਵਿਚ ਰੁੱਝਿਆ ਹੈ। ਉਸ ਦੇ ਜੀਵਨ ਵਿਚ ਆਏ ਕੁਝ ਕੁ ਰੁਮਾਂਟਿਕ ਪਲਾਂ ਦਾ ਜ਼ਿਕਰ ਉਹ ਬੜੀ ਹੀ ਸੁਹਜ ਅਤੇ ਸੰਜਮੀ ਭਾਸ਼ਾ ਦੁਆਰਾ ਕਰਦਾ ਹੈ। ਉਸ ਪਾਸ ਨੈਤਿਕਤਾ ਅਤੇ ਸ਼ਾਲੀਨਤਾ ਹੈ। 'ਪਹਿਲੀ ਧੜਕਣ', 'ਬੁੱਕਲੀਂ ਲੁਕੇ ਸੱਚ', 'ਤੋਸ਼ੀ', 'ਵਫ਼ਾ ਦੀ ਬੇਵਫ਼ਾਈ', ਇਸ ਦਾ ਪ੍ਰਮਾਣ ਹਨ। 'ਖਿੰਡੀਆਂ ਖ਼ੁਸ਼ੀਆਂ ਤੇ ਲਮਡਿੰਗ ਦਾ ਢਾਬਾ', ਕਰਨਲ ਬੱਸੀ ਦੇ ਮਿਜ਼ੋਰਮ ਵਿਖੇ ਨਿਯੁਕਤੀ ਸਮੇਂ ਦਾ ਵੇਰਵਾ ਦਿੰਦੇ ਹਨ।

ਲੇਖਕ ਨੇ ਕਿਧਰੇ-ਕਿਧਰੇ ਕਾਵਿ-ਟੋਟੇ ਵੀ ਦਰਜ ਕੀਤੇ ਹਨ। ਪੁਰਾਣੇ ਵੇਲੇ ਦੇ 'ਲਾਲਟੈਣ' ਵਰਗੇ ਸ਼ਬਦਾਂ ਦੀ ਜਾਣਕਾਰੀ ਦਿੱਤੀ ਹੈ। ਕਿਧਰੇ ਕਸ਼ਮੀਰ ਦੇ ਸੇਬਾਂ ਦੇ ਬਾਗ਼ਾਂ ਵਿਚ ਲੈ ਜਾਂਦਾ ਹੈ। ਰਿਚਮੰਡ (ਕੈਨੇਡਾ) ਦੇ ਜੰਗਲੀ ਜਾਨਵਰਾਂ 'ਰਕੂਨ' ਦੀ ਗੱਲ 'ਮਾਂ ਤਾਂ ਮਾਂ ਹੁੰਦੀ ਹੈ' ਵਿਚ ਕੀਤੀ ਹੈ। 'ਦੂਸਰੀ ਔਰਤ' ਵਿਚ ਪਤੀ-ਪਤਨੀ ਸਬੰਧਾਂ ਅਤੇ ਨੈਤਿਕ ਨਿਯਮਾਂ ਦੀ ਬਾਤ ਪਾਈ ਹੈ। ਗੱਲ ਕੀ ਕਰਨਲ ਹਰਜੀਤ ਬੱਸੀ ਨੇ ਹੱਡੀਂ ਹੰਢਾਏ ਜੀਵਨ ਦੇ ਸੱਚੇ ਅਨੁਭਵਾਂ ਰਾਹੀਂ ਭਵਿੱਖ ਦੇ ਸੁੰਦਰ ਸਮਾਜ ਲਈ ਇਹ ਰਚਨਾ ਲਿਖੀ ਹੈ। ਪਾਠਕ ਇਸ ਤੋਂ ਖ਼ੂਬ ਲਾਹਾ ਲੈਣ ਗੇ। ਪੁਸਤਕ ਅਤਿਅੰਤ ਰੋਚਿਕ ਹੈ।

• ਤੇਜਾ ਸਿੰਘ ਤਿਲਕ




ਰਵਿੰਦਰ ਸਹਿਰਾਅ ਅਮਰੀਕੀ ਪੰਜਾਬੀ ਕਵਿਤਾ ਵਿਚ ਹੀ ਨਹੀਂ ਸਗੋਂ ਸਮੁੱਚੀ ਪਰਵਾਸੀ ਪੰਜਾਬੀ ਕਵਿਤਾ ਵਿਚ ਆਪਣਾ ਵਿਲੱਖਣ ਤੇ ਮਹੱਤਵਪੂਰਨ ਸਥਾਨ ਰੱਖਣ ਵਾਲਾ ਸ਼ਾਇਰ ਹੈ, ਜਿਸ ਨੇ ਵਿਦੇਸ਼ੀ ਧਰਤੀ 'ਤੇ ਵਿਚਰਦਿਆਂ ਹੋਇਆਂ ਉੱਥੋਂ ਦੀ ਤਰਜ਼ੇ ਜ਼ਿੰਦਗੀ ਨੂੰ ਆਪਣੀਆਂ ਰਚਨਾਵਾਂ ਵਿਚ ਵੀ ਢਾਲਿਆ ਹੈ ਅਤੇ ਉੱਥੋਂ ਦੀਆਂ ਪ੍ਰਸਥਿਤੀਆਂ ਨਾਲ ਸੰਵਾਦ ਵੀ ਰਚਾਇਆ ਹੈ। ਉਸਦੀ ਨਵੀਂ ਕਾਵਿ ਪੁਸਤਕ 'ਕੁਝ ਨਾ ਕਹੋ' ਪਰਵਾਸ ਦੇ ਪ੍ਰੰਪਰਾਗਤ ਮਸਲਿਆਂ ਨੂੰ ਤਿਆਗਦੀ ਹੋਈ ਮਨੁੱਖੀ ਹੋਂਦ ਨੂੰ ਦਰਪੇਸ਼ ਮਸਲਿਆਂ ਨੂੰ ਪੇਸ਼ ਹੀ ਨਹੀਂ ਕਰਦੀ ਸਗੋਂ ਇਸ ਦੇ ਕਾਰਨਾਂ ਦੀ ਵੀ ਤਲਾਸ਼ ਕਰਦੀ ਹੈ।

ਵਿਸ਼ਵੀਕਰਨ ਦੇ ਇਸ ਦੌਰ ਵਿਚ ਪੂੰਜੀਵਾਦ ਮੁਲਕ ਕਿਵੇਂ ਆਪਣੀ ਧੌਂਸ ਨਾਲ ਪੂਰੇ ਵਿਸ਼ਵ ਨੂੰ ਆਪਣੇ ਕਲਾਵੇ ਵਿਚ ਲੈਣ ਲਈ ਉਤਾਵਲਾਪਨ ਦਿਖਾ ਰਹੇ ਹਨ ਇਸ ਕਾਵਿ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਵਿਚ ਵਿਆਪਕ ਰੂਪ ਵਿਚ ਪ੍ਰਤੀਕਰਮ ਪੇਸ਼ ਹੋਇਆ ਮਿਲਦਾ ਹੈ। ਇਸ ਸਾਰੇ ਵਰਤਾਰੇ ਲਈ ਉਹ ਪੂੰਜੀਵਾਦ ਮੁਲਕਾਂ ਦੇ ਆਗੂਆਂ ਅਤੇ ਸਮੁੱਚੇ ਵਰਤਾਰੇ ਨੂੰ ਕਟਹਿਰੇ ਵਿਚ ਖੜ੍ਹਾ ਕਰਦਾ ਹੈ। ਸਰਮਾਏ ਦੇ ਇਸ ਦੌਰ 'ਚ ਮਨੁੱਖ ਕੋਲ ਸਾਧਨਾਂ ਦੀ ਬਹੁਤਾਂਤ ਹੈ ਪਰ ਮਾਨਵੀ ਨਿੱਘ ਤੇ ਅਪਣੱਤ ਮਨਫ਼ੀ ਹੋ ਰਹੀ ਹੈ। ਅਸਲ ਵਿਚ ਕਵੀ ਨੂੰ ਬਣਾਉਟੀਪਣ ਤੇ ਨਕਲੀਪਣ ਵਾਲੀ ਜ਼ਿੰਦਗੀ ਨਾਲੋਂ ਆਪਣੇ ਪਿੰਡ ਨਾਲ ਸੰਵਾਦ ਰਚਾਉਣਾ ਚੰਗਾ ਲੱਗਦਾ ਹੈ ਜਿਸ ਦੀ ਤਸੀਰ ਨਿਰਛਲ ਸੀ ਪਰ ਉੱਥੇ ਵੀ ਕਵਿਤਾਵਾਂ ਵਿਚ ਭਾਵੇਂ ਕਈ ਨਕਾਰਾਤਮਕ ਤਾਕਤਾਂ ਦੇ ਕਾਲੇ ਚਿੱਠੇ ਉਜਾਗਰ ਕਰਦਾ ਵਿਦਰੋਹਮਈ ਸੁਰ ਵੀ ਉਚਾਰਦਾ ਹੈ ਤੇ ਉਦਾਸੀ ਦੇ ਆਲਮ ਵਿਚ ਵੀ ਘਿਰ ਜਾਂਦਾ ਹੈ। ਪਰ ਉਸ ਦੀ ਸਿਰਜਣਾਤਮਕਤਾ ਉਸ ਦਾ ਸਹਾਰਾ ਬਣਦੀ ਹੈ। ਉਹ ਭਾਵੇਂ ਪੌਦਿਆਂ ਨਾਲ ਬਗ਼ੀਚੀ ਵਿਚ ਵਿਚਰਦਾ ਹੈ ਜਾਂ 'ਸ਼ਬਦਾਂ' ਨਾਲ ਸਿਰਜਣਾਤਮਕ ਵਾਤਾਵਰਨ ਵਿਚ ਵਿਚਰ ਰਿਹਾ ਹੋਵੇ। ਪੁਸਤਕ ਦੇ ਅੰਤ ਵਿਚ ਕੁਝ ਕਾਵਿ ਚਿੱਤਰ ਅਤੇ ਮੋਹਨਜੀਤ ਦੁਆਰਾ ਰਵਿੰਦਰ ਸਹਿਰਾਅ ਦਾ ਕਾਵਿ ਚਿੱਤਰ ਵੀ ਕਾਬਲੇਤਾਰੀਫ਼ ਹੈ।

• ਸਰਦੂਲ ਸਿੰਘ ਔਜਲਾ




ਕਵੀ ਪਰਾਗ ਦੀ ਨਵਪ੍ਰਕਾਸ਼ਤ ਪੁਸਤਕ 'ਉਪਰਲਾ ਬਟਨ' ਪੰਜਾਬੀ ਕਵਿਤਾ ਵਿਚ ਇਕ ਪ੍ਰਯੋਗਵਾਦੀ ਕਵਿਤਾ ਦਾ ਚਿਹਰਾ ਲੈ ਕੇ ਹਾਜ਼ਰ ਹੋਈ ਹੈ। ਸੰਗ੍ਰਹਿ ਵਿਚ 79 ਦੇ ਕਰੀਬ ਨਿੱਕੀਆਂ ਵੱਡੀਆਂ ਕਵਿਤਾਵਾਂ ਵਿਚ ਕਵਿਤਾ ਸ਼ਿਲਪ ਦਾ ਅੰਦਾਜ਼ ਬਦਲਿਆ ਗਿਆ ਹੈ। ਕਵਿਤਾਵਾਂ ਵਿਚ ਗੈਪ ਛੱਡ ਕੇ ਉਸ ਵਿਚਲੀਆਂ ਧੁਨੀਆਂ ਨੂੰ ਪੜ੍ਹਨ, ਸਮਝਣ ਅਤੇ ਸੁਣਨ ਦੀ ਉਮੀਦ ਪਾਠਕਾਂ ਪਾਸੋਂ ਕੀਤੀ ਗਈ ਹੈ। ਕਵਿਤਾਵਾਂ ਦੇ ਸਿਰਲੇਖ ਨਹੀਂ ਰੱਖੇ ਗਏ ਹਨ। ਜ਼ਰੂਰੀ ਨਹੀਂ ਕਿ ਸਾਰੇ ਹੀ ਸੁਰਜੀਤ ਪਾਤਰ, ਗੁਰਪ੍ਰੀਤ ਤੇ ਪਰਾਗ ਜਿੰਨੀ ਹੀ ਬੌਧਿਕਤਾ ਦੇ ਮਾਲਕ ਹੋਣ।

ਗੁਰਪ੍ਰੀਤ ਦਾ ਇਹ ਲਿਖਣਾ ਕਿ 'ਪਰਾਗ ਦੀ ਕਵਿਤਾ ਨੂੰ ਪੜ੍ਹਨ ਅਤੇ ਦੇਖਣ ਦਾ ਤਰੀਕਾ ਵੀ ਉਹਦੀ ਕਵਿਤਾ ਵਿੱਚੋਂ ਹੀ ਲੱਭਿਆ/ਪਛਾਣਿਆ ਜਾ ਸਕਦਾ ਹੈ।' ਕਾਫ਼ੀ ਹੱਦ ਤਕ ਠੀਕ ਹੈ। ਹਾਂ ਇਨ੍ਹਾਂ ਕਵਿਤਾਵਾਂ ਵਿਚ ਕਵੀ ਜਿਹੜੀ ਮੰਜ਼ਰਕਸ਼ੀ ਕਰਦਾ ਹੈ, ਉਸ ਨਾਲ ਕਵਿਤਾ ਵਿਚਲੇ ਅਦਿੱਖ ਪਾਤਰ ਜੀਉਂਦੇ ਜਾਗਦੇ ਸੰਵਾਦ ਰਚਾਉਂਦੇ ਵਿਖਾਈ ਦਿੰਦੇ ਹਨ। ਹਰੇਕ ਕਵਿਤਾ ਦੀਆਂ ਅੰਤਿਮ ਪੰਕਤੀਆਂ ਵਿਚ ਇਕ ਰਹੱਸ ਸਿਰਜਣ ਦੀ ਕੋਸ਼ਿਸ਼, ਕਵਿਤਾ ਵਿਚ ਕਰੰਟ ਪੈਦਾ ਕਰਨ ਦਾ ਉਪਰਾਲਾ ਹੈ। ਪਰਾਗ ਵੱਲੋਂ ਅਤਿ ਸਧਾਰਨ ਜਿਹੇ ਸੂਈ ਧਾਗੇ, ਬਟਨ ਸਹਿਤ ਬਹੁਤ ਸਾਰੇ ਸ਼ਬਦਾਂ ਨੂੰ ਕਾਵਿਕਤਾ ਪ੍ਰਦਾਨ ਕੀਤੀ ਹੈ ਅਤੇ ਉਨ੍ਹਾਂ ਨੂੰ ਵੱਡੇ ਅਰਥ ਦੇਣ ਦੀ ਕੋਸ਼ਿਸ਼ ਕੀਤੀ ਹੈ। ਕਵਿਤਾਵਾਂ ਦੀਆਂ ਕੁਝ ਸਤਰਾਂ ਪਾਠਕੀ ਸੋਚ ਵਿਚ ਹਲਚਲ ਮਚਾਉਣ ਵਿਚ ਸਫਲ ਹਨ। ਥੀਮਕ ਪੱਧਰ 'ਤੇ ਇਹ ਕਵਿਤਾਵਾਂ ਮਨੁੱਖੀ ਰਹੱਸਵਾਦੀ ਸਰੋਕਾਰਾਂ ਨਾਲ ਵਧੇਰੇ ਜੁੜੀਆਂ ਹੋਈਆਂ ਹਨ। ਕਵੀ ਵੱਲੋਂ ਕੀਤੇ ਜਾ ਰਹੇ ਪ੍ਰਯੋਗ ਗੁਆਗਤਯੋਗ ਹਨ। ਇਹ ਪ੍ਰਯੋਗ ਹੋਣੇ ਵੀ ਚਾਹੀਦੇ ਹਨ। ਕਈ ਕਵਿਤਾਵਾਂ ਨੂੰ ਸਮਝਣ ਲਈ ਪਾਠਕਾਂ ਨੂੰ ਚੰਗੀ ਬੌਧਿਕ ਮੁਸ਼ੱਕਤ ਕਰਨੀ ਪੈ ਸਕਦੀ ਹੈ। ਮਸਲਨ 'ਹੱਥ ਵਿਚ ਫੜ/ਰੱਖੜੀ ਦਾ ਧਾਗਾ/ ਕਿਸੇ ਪਿਆਰ ਵਾਲੇ ਦਿਨ। ਇਸ ਤਰ੍ਹਾਂ ਰਿਸ਼ਤਿਆਂ/ਸਰੋਕਾਰਾਂ/ਸੰਵੇਦਨਾਵਾਂ ਦਾ ਸੁਆਦੀ ਕਾਕਟੇਲ ਕਿਹਾ ਜਾ ਸਕਦਾ ਹੈ।

• ਧਰਮਪਾਲ ਸਾਹਿਲ




ਇਸ ਕਿਤਾਬ ਬਾਰੇ ਜੇ ਲੇਖਕ ਦੇ ਲਿਖੇ ਲੇਖ ਮੁਤਾਬਕ ਹੀ ਗੱਲ ਸ਼ੁਰੂ ਕਰੀਏ ਤਾਂ ਕਿਹਾ ਜਾ ਸਕਦਾ ਹੈ ਕਿ ਭਾਵੇਂ ਇਹ ਕਿਤਾਬ ਮੋਟੇ ਤੌਰ 'ਤੇ ਸਿੱਖਾਂ ਬਾਰੇ ਹੈ। ਪਰ ਇਹ ਆਮ ਜੀਵਨ ਦੇ ਕਾਫ਼ੀ ਵਿਸ਼ਿਆਂ ਨੂੰ ਛੂੰਹਦੀ ਹੈ ਅਤੇ ਵਿਚਾਰਵਾਨ ਲੋਕਾਂ ਵਾਸਤੇ ਇਹ ਜ਼ਰੂਰ ਦਿਲਚਸਪ ਸਾਬਿਤ ਹੋਵੇਗੀ। ਇਸ ਨੂੰ ਮਹਿਜ ਇਤਿਹਾਸ ਦੀ ਇਕ ਕਿਤਾਬ ਸਮਝਣਾ ਵੀ ਠੀਕ ਨਹੀਂ ਹੋਵੇਗਾ। ਦਰਅਸਲ ਇਹ ਕਿਤਾਬ ਬਹੁਤ ਸਾਰੀਆਂ ਘਟਨਾਵਾਂ ਨੂੰ ਇਤਿਹਾਸਿਕ ਪਿਛੋਕੜ ਵਿਚ ਦੇਖ ਕੇ ਕਈ ਇਨਸਾਨੀ ਸੱਚਾਈਆਂ ਸਾਹਮਣੇ ਲਿਆਉਣ ਦਾ ਯਤਨ ਕਰਦੀ ਹੈ।

ਇਹ ਕਿਤਾਬ ਪੰਜ-ਛੇ ਸਾਲ ਪਹਿਲਾਂ ਅੰਗਰੇਜ਼ੀ ਵਿਚ ਛਪੀ ਸੀ, ਇਸ ਦਾ ਪੰਜਾਬੀ ਤਰਜਮਾ ਵੀ ਲੇਖਕ ਨੇ ਖ਼ੁਦ ਹੀ ਕੀਤਾ ਹੈ। ਕਿਤਾਬ ਦੀ ਆਰੰਭਿਕ ਗੱਲ 'ਮੈਸੋਪੋਟੇਮੀਆਨ' ਸਬੰਧ ਤੋਂ ਸ਼ੁਰੂ ਹੁੰਦੀ ਹੈ, ਵਿਸਥਾਰ 'ਇਸਲਾਮ ਦੇ ਆਉਣ ਤੱਕ' ਜਾਂਦਾ ਹੈ। ਵੱਡੀਆਂ ਲੁੱਟਮਾਰਾਂ ਦਾ ਵੇਰਵਾ ਤੇ ਮੁਸਲਿਮ ਰਾਜ ਦੇ ਆਪਣੇ ਸਿਖ਼ਰ 'ਤੇ ਪੁੱਜਣ ਦਾ ਬਿਰਤਾਂਤ ਵੀ ਇਹ ਪੁਸਤਕ ਵਿੱਚੋਂ ਪੜ੍ਹਿਆ ਜਾ ਸਕਦਾ ਹੈ। ਲਿਖਾਰੀ ਦੀ ਲਿਖਣ ਸ਼ੈਲੀ ਇੰਨੀ ਦਿਲਚਸਪ ਹੈ ਕਿ ਇਤਿਹਾਸ ਵਿਚਲੀਆਂ ਔਖੀਆਂ ਗੱਲਾਂ ਵੀ ਸੌਖੀਆਂ ਸਮਝ ਆ ਜਾਂਦੀਆਂ ਹਨ। ਗ਼ਦਰ ਲਹਿਰ ਤੋਂ ਬਾਅਦ ਗੁਰਦੁਆਰਿਆਂ ਦਾ ਸੁਧਾਰ ਅਤੇ ਸਿੱਖਾਂ ਦੇ ਲੀਡਰਾਂ ਦੀ ਗੱਲ ਕਰਦਿਆਂ ਲੇਖਕ ਨਵੰਬਰ 84 ਦੀ ਸਿੱਖ ਨਸਲਕੁਸ਼ੀ ਤਕ ਜਾ ਪੁੱਜਦਾ ਹੈ। ਿ ਲੇਖਕ ਦਾ ਇਹ ਮੰਨਣਾ ਹੈ ਕਿ ਪੰਜਾਬ ਦੀ ਖੁਸ਼ਹਾਲੀ ਇਸ ਤਰ੍ਹਾਂ ਹੈ ਜਿਵੇਂ ਸ਼ਰਾਬੀ ਦੇ ਮੂੰਹ 'ਤੇ ਲਾਲੀ ਹੁੰਦੀ ਹੈ। ਕਾਸ਼ਤਕਾਰ ਮਾਲੀ ਤੌਰ 'ਤੇ ਦੀਵਾਲੀਆ ਹੋ ਚੁੱਕੇ ਹਨ, ਬਹੁਤਿਆਂ ਸਿਰ ਭਾਰੀ ਕਰਜ਼ੇ ਹਨ। ਥੋੜ੍ਹਾ ਹੋਰ ਅੱਗੇ ਚੱਲ ਕੇ ਲੇਖਕ ਨੇ ਆਜ਼ਾਦੀ ਤੋਂ ਬਾਅਦ ਦੀਆਂ ਕੁੱਝ ਅਹਿਮ ਘਟਨਾਵਾਂ ਦਾ ਵੇਰਵਾ ਵੀ ਦਿੱਤਾ ਹੈ ਅਤੇ ਮੁਲਕ ਦੀ ਮੌਜੂਦਾ ਹਾਲਤ ਵੀ ਬਿਆਨ ਕੀਤੀ ਹੈ। ਸਰਕਾਰ ਦੀ ਵਾਗਡੋਰ ਘਾਹ-ਫੂਸ ਦੇ ਬਣੇ ਆਦਮੀਆਂ ਨੂੰ ਦੇ ਰਹੇ ਹਾਂ, ਜਿਨ੍ਹਾਂ ਦਾ ਥੋੜ੍ਹੇ ਸਾਲਾਂ ਬਾਅਦ ਕੋਈ ਨਾ-ਨਿਸ਼ਾਨ ਨਹੀਂ ਰਹੇਗਾ (ਪੰਨਾ-295) ਮੁਲਕ ਦੀ ਮੌਜੂਦਾ ਹਾਲਤ ਵਾਲਾ ਇਹ ਆਰਟੀਕਲ ਬਹੁਤ ਗੰਭੀਰ ਨੁਕਤਿਆਂ 'ਤੇ ਅਧਾਰਤ ਲਿਖਿਆ ਗਿਆ ਹੈ। ਇਸ ਨੂੰ ਬਾਕੀ ਪੁਸਤਕ ਵਾਂਗ ਇਕ ਤੋਂ ਵੱਧ ਵਾਰ ਪੜ੍ਹਨ ਦੀ ਲੋੜ ਹੈ।




• ਹਰਮੀਤ ਸਿੰਘ ਅਟਵਾਲ

## ਸੰਪਾਦਕੀ

# ਦੇਸ਼ ਵਿਆਪੀ ਐੱਚ ਪੀ ਵੀ ਟੀਕਾਕਰਨ ਮੁਹਿੰਮ ਸ਼ੁਰੂ ਕਰਨ ਦਾ ਫ਼ੈਸਲਾ

ਚੌਦਾਂ ਸਾਲ ਦੀ ਉਮਰ ਦੀਆਂ ਕੁੜੀਆਂ ਲਈ ਦੇਸ਼ ਵਿਆਪੀ ਐੱਚ ਪੀ ਵੀ ਟੀਕਾਕਰਨ ਮੁਹਿੰਮ ਸ਼ੁਰੂ ਕਰਨ ਦਾ ਫ਼ੈਸਲਾ ਔਰਤਾਂ ਦੀ ਸਿਹਤ ਵਿੱਚ ਇਲਾਜ ਦੀ ਥਾਂ ਰੋਕਥਾਮ ਕਰਨ ਵੱਲ ਵਧਣ ਦੀ ਤਬਦੀਲੀ ਨੂੰ ਦਰਸਾਉਂਦਾ ਹੈ। ਵਾਇਰਸ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਹੀ ਅੱਲ੍ਹੜਾਂ ਦਾ ਟੀਕਾਕਰਨ ਕਰ ਕੇ ਸਰਵਾਈਕਲ ਕੈਂਸਰ ਦੇ ਖ਼ਾਤਮੇ ਦੀ ਗੱਲ ਆਖੀ ਜਾ ਰਹੀ ਹੈ, ਜੋ ਕਿ ਰੋਕਥਾਮ ਸੰਭਵ ਹੋਣ ਦੇ ਬਾਵਜੂਦ ਭਾਰਤੀ ਔਰਤਾਂ ਲਈ ਲਗਾਤਾਰ ਘਾਤਕ ਸਾਬਿਤ ਹੋ ਰਿਹਾ ਹੈ। ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦੀ ਅਗਵਾਈ ਹੇਠਲੀ ਇਹ ਮੁਹਿੰਮ ਇਰਾਦੇ ਦੀ ਗੰਭੀਰਤਾ ਨੂੰ ਦਰਸਾਉਂਦੀ ਹੈ। ਇਸ ਨੂੰ ਮਿਸ਼ਨ ਮੰਨਦਿਆਂ ਅਪਣਾਈ ਸਮਾਂ-ਬੱਧ ਪਹੁੰਚ ਬਿਮਾਰੀ ਦੀ ਰੋਕਥਾਮ ’ਚ ਪਛੜੇਵੇਂ ਨੂੰ ਖ਼ਤਮ ਕਰਨ ਵਿੱਚ ਮਦਦਗਾਰ ਸਾਬਿਤ ਹੋ ਸਕਦੀ ਹੈ, ਜੋ ਅਕਸਰ ਨਿਯਮਿਤ ਟੀਕਾਕਰਨ ਵਿੱਚ ਨਵੇਂ ਟੀਕਿਆਂ ਨੂੰ ਸ਼ਾਮਲ ਕਰਨ ਵਿੱਚ ਦੇਰੀ ਦਾ ਸਿੱਟਾ ਹੁੰਦੀ ਹੈ। ਜੇਕਰ ਮੌਜੂਦਾ ਐਲਾਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਂਦਾ ਹੈ ਤਾਂ ਇਹ ਲੱਖਾਂ ਕੁੜੀਆਂ ਨੂੰ ਉੱਚ-ਜੋਖ਼ਮ ਵਾਲੇ ਐੱਚ ਪੀ ਵੀ ਦੇ ਸੰਕਰਮਣਾਂ ਤੋਂ ਬਚਾ ਸਕਦਾ ਹੈ, ਜੋ ਸਰਵਾਈਕਲ ਕੈਂਸਰ ਦੇ ਜ਼ਿਆਦਾਤਰ ਮਾਮਲਿਆਂ ਦਾ ਕਾਰਨ ਬਣਦੇ ਹਨ। ਸਿਹਤ ਪ੍ਰਤੀ ਜਾਗਰੂਕਤਾ ਦੀਆਂ ਅਜਿਹੀਆਂ ਮੁਹਿੰਮਾਂ ’ਚ ਪੇਂਡੂ ਜ਼ਿਲ੍ਹਿਆਂ ਅਤੇ ਪੱਛੜੇ ਭਾਈਚਾਰਿਆਂ ਨੂੰ ਤਰਜੀਹ ਦੇਣੀ ਚਾਹੀਦੀ ਹੈ, ਜਿੱਥੇ ਬਿਮਾਰੀ ਦੀ ਜਾਂਚ ਕਰਵਾਉਣ ਦੀ ਦਰ ਬਹੁਤ ਘੱਟ ਹੈ ਅਤੇ ਕੈਂਸਰ ਦਾ ਅਕਸਰ ਬਹੁਤ ਦੇਰ ਨਾਲ ਪਤਾ ਲੱਗਦਾ ਹੈ। ਐੱਚ ਪੀ ਵੀ ਟੀਕਾ ਲੰਮੇ ਸਮੇਂ ਤੋਂ ਬਾਜ਼ਾਰ ਵਿੱਚ ਉਪਲਬਧ ਹੈ ਅਤੇ ਕੁਝ ਸੂਬਿਆਂ ਨੇ ਪਿਛਲੇ ਦਹਾਕੇ ਦੌਰਾਨ ਸੀਮਤ ਜਨਤਕ ਪ੍ਰੋਗਰਾਮਾਂ ਨੂੰ ਲਾਗੂ ਕੀਤਾ ਹੈ। ਹਾਲਾਂਕਿ, ਲਾਗਤ ਸਬੰਧੀ ਚਿੰਤਾਵਾਂ, ਸਿਹਤ ਸਹੂਲਤਾਂ ਲਈ ਲੋੜੀਂਦੇ ਉਪਕਰਨ ਆਦਿ ਮਿਥੀਆਂ ਥਾਵਾਂ ’ਤੇ ਪਹੁੰਚਾਉਣ ਤੇ ਇਨ੍ਹਾਂ ਦੀ ਸਾਂਭ-ਸੰਭਾਲ ’ਚ ਦਰਪੇਸ਼ ਰੁਕਾਵਟਾਂ ਅਤੇ ਨੀਤੀਗਤ ਝਿਜਕ ਕਾਰਨ ਇਹ ਵਿਆਪਕ ਪੱਧਰ ’ਤੇ ਸ਼ੁਰੂ ਹੋਣ ਵਿੱਚ ਦੇਰ ਹੋਈ ਹੈ। ਵਿਸ਼ਵ ਸਿਹਤ ਸੰਗਠਨ ਸਰਵਾਈਕਲ ਕੈਂਸਰ ਨੂੰ ਖ਼ਤਮ ਕਰਨ ਲਈ ਐੱਚ ਪੀ ਵੀ ਟੀਕਾਕਰਨ ਦੀ ਸਿਫ਼ਾਰਿਸ਼ ਕਰਦਾ ਹੈ। 160 ਤੋਂ ਵੱਧ ਦੇਸ਼ ਪਹਿਲਾਂ ਹੀ ਇਸ ਨੂੰ ਆਪਣੇ ਰਾਸ਼ਟਰੀ ਪ੍ਰੋਗਰਾਮਾਂ ਵਿੱਚ ਸ਼ਾਮਲ ਕਰ ਚੁੱਕੇ ਹਨ। ਭਾਰਤ ਦਾ ਪੈਮਾਨਾ ਇਸ ਯੋਜਨਾ ਦੀ ਸ਼ੁਰੂਆਤ ਨੂੰ ਖ਼ਾਸ ਤੌਰ ’ਤੇ ਮਹੱਤਵਪੂਰਨ ਬਣਾਉਂਦਾ ਹੈ ਕਿਉਂਕਿ ਇਸ ਬਿਮਾਰੀ ਦੇ ਖ਼ਾਤਮੇ ਨਾਲ ਵਿਸ਼ਵਵਿਆਪੀ ਟੀਚਾ ਕਾਫ਼ੀ ਤੇਜ਼ੀ ਨਾਲ ਪੂਰਾ ਹੋ ਸਕਦਾ ਹੈ। ਇਸ ਦਿਸ਼ਾ ’ਚ ਅਜਿਹੇ ਕਦਮ ਉਠਾਏ ਜਾਣੇ ਚਾਹੀਦੇ ਹਨ, ਜਿਨ੍ਹਾਂ ਸਦਕਾ ਨੀਤੀਗਤ ਐਲਾਨਾਂ ’ਤੇ ਅਮਲ ਲਈ ਲੋਕਾਂ ਦਾ ਭਰੋਸਾ ਹਾਸਲ ਕੀਤਾ ਜਾ ਸਕੇ। ਟੀਕਾਕਰਨ ਪ੍ਰਤੀ ਝਿਜਕ, ਅੱਲ੍ਹੜਾਂ ਦੇ ਟੀਕਾਕਰਨ ਬਾਰੇ ਗ਼ਲਤ ਜਾਣਕਾਰੀ ਅਤੇ ਐੱਚ ਪੀ ਵੀ ਨੂੰ ਸਮਾਜਿਕ-ਸੱਭਿਆਚਾਰਕ ਤੌਰ ’ਤੇ ਸਿਰਫ਼ ਜਿਨਸੀ ਸਬੰਧਾਂ ਨਾਲ ਜੁੜਿਆ ਸਮਝਣਾ ਅਜਿਹੇ ਐਲਾਨਾਂ ਉੱਤੇ ਅਮਲ ਦੇ ਰਾਹ ਵਿੱਚ ਰੁਕਾਵਟ ਪਾ ਸਕਦੇ ਹਨ। ਇਸ ਦਿਸ਼ਾ ਵਿੱਚ ਪਾਰਦਰਸ਼ੀ ਸੰਚਾਰ, ਸਕੂਲ-ਆਧਾਰਿਤ ਪਹੁੰਚ ਅਤੇ ਕਮਿਊਨਿਟੀ ਸਿਹਤ ਕਰਮਚਾਰੀਆਂ ਦੀ ਸ਼ਮੂਲੀਅਤ ਮਹੱਤਵਪੂਰਨ ਹੋਵੇਗੀ। ਦੇਸ਼ ਦੇ ਕੋਨੇ-ਕੋਨੇ ’ਚ ਟੀਕਾਕਰਨ ਮੁਹਿੰਮ ਨੂੰ ਲਾਗੂ ਕਰਨ ਨਾਲ ਹੀ ਇਸ ਦਾ ਨਤੀਜਾ ਨਿਰਧਾਰਤ ਹੋਵੇਗਾ ਕਿਉਂਕਿ ਕੁੜੀਆਂ ਨੂੰ 16 ਸਾਲ ਦੀ ਉਮਰ ਤੋਂ ਪਹਿਲਾਂ ਟੀਕਾ ਲਗਵਾਉਣਾ ਚਾਹੀਦਾ ਹੈ। ਕੈਂਸਰ ਨੂੰ ਸ਼ੁਰੂ ਹੋਣ ਤੋਂ ਪਹਿਲਾਂ ਹੀ ਰੋਕਣਾ ਜ਼ਰੂਰੀ ਹੈ।

# ਨਿਆਂਇਕ ਦਿਆਨਤਦਾਰੀ

ਅੱਠਵੀਂ ਜਮਾਤ ਦੀ ਇੱਕ ਪਾਠ-ਪੁਸਤਕ ਵਿੱਚ ਸ਼ਾਮਲ ਇੱਕ ਵਿਵਾਦਪੂਰਨ ਹਿੱਸੇ ਨੇ ਨਿਆਂਪਾਲਿਕਾ ਨੂੰ ਨਾਰਾਜ਼ ਤੇ ਕੇਂਦਰ ਸਰਕਾਰ ਨੂੰ ਸ਼ਰਮਿੰਦਾ ਕੀਤਾ ਹੈ। ਸੁਪਰੀਮ ਕੋਰਟ ਨੇ ਇਸ ਪੁਸਤਕ ਦੇ ਇੱਕ ਅਧਿਆਏ ਦੇ ਹਿੱਸੇ ‘ਨਿਆਂਪਾਲਿਕਾ ਵਿੱਚ ਭ੍ਰਿਸ਼ਟਾਚਾਰ’ ਸਿਰਲੇਖ ਤਹਿਤ ਛਪੀ ਸਮੱਗਰੀ ਨੂੰ ‘ਸੋਚੀ-ਸਮਝੀ ਸਾਜ਼ਿਸ਼’ ਕਰਾਰ ਦਿੰਦਿਆਂ ਨੈਸ਼ਨਲ ਕੌਂਸਲ ਔਫ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ (ਐੱਨ ਸੀ ਈ ਆਰ ਟੀ) ਦੁਆਰਾ ਪ੍ਰਕਾਸ਼ਿਤ ਇਸ ਕਿਤਾਬ ’ਤੇ ਪਾਬੰਦੀ ਲਗਾ ਦਿੱਤੀ ਹੈ। ਐੱਨ ਸੀ ਈ ਆਰ ਟੀ ਨੇ ਇਸ ਸਬੰਧੀ ਮੁਆਫ਼ੀ ਮੰਗ ਲਈ ਹੈ ਜਦੋਂਕਿ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੇ ਵਿਵਾਦਪੂਰਨ ਹਿੱਸੇ ਦਾ ਖਰੜਾ ਤਿਆਰ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਨ ਦਾ ਵਾਅਦਾ ਕੀਤਾ ਹੈ। ਇਸ ਪੂਰੇ ਘਟਨਾਕ੍ਰਮ ਨੇ ਨਿਆਂਇਕ ਜਵਾਬਦੇਹੀ ਦੇ ਨਾਲ ਨਾਲ ਇਹ ਮੁੱਦਾ ਵੀ ਮੁੜ ਖੜ੍ਹਾ ਕਰ ਦਿੱਤਾ ਹੈ ਕਿ ਅਜਿਹੇ ਮਹੱਤਵਪੂਰਨ ਮੁੱਦਿਆਂ ਦੀ ਚਰਚਾ ਕਿਨ੍ਹਾਂ ਮੰਚਾਂ ’ਤੇ ਕੀਤੀ ਜਾ ਸਕਦੀ ਹੈ ਤੇ ਕਿਨ੍ਹਾਂ ’ਤੇ ਨਹੀਂ। ਅਦਾਲਤਾਂ ਦਾ ਅਖ਼ਤਿਆਰ ਨਿਰਸੰਦੇਹ ਸੰਵਿਧਾਨਕਤਾ ਦੇ ਨਾਲ-ਨਾਲ ਜਨਤਕ ਵਿਸ਼ਵਾਸ ’ਤੇ ਆਧਾਰਿਤ ਹੁੰਦਾ ਹੈ। ਨਿਆਂਪਾਲਿਕਾ ਨੂੰ ਭ੍ਰਿਸ਼ਟ ਦਰਸਾਉਣ ਵਾਲੀ ਕੋਈ ਵੀ ਗੱਲ ਇਸ ਸੰਸਥਾ ਪ੍ਰਤੀ ਲੋਕਾਂ, ਖ਼ਾਸਕਰ ਕੱਚੇ ਮਨਾਂ ਵਾਲੇ ਵਿਦਿਆਰਥੀ ਵਰਗ ਦੇ ਭਰੋਸੇ ਨੂੰ ਖੋਰਾ ਲਾ ਸਕਦੀ ਹੈ। ਨਿਆਂਇਕ ਚੁਣੌਤੀਆਂ ਅਤੇ ਸੁਧਾਰ ਲੰਮੇ ਸਮੇਂ ਤੋਂ ਰਾਸ਼ਟਰੀ ਬਿਰਤਾਂਤ ਦਾ ਹਿੱਸਾ ਰਹੇ ਹਨ, ਜਿਨ੍ਹਾਂ ’ਤੇ ਅਦਾਲਤਾਂ, ਵਿਧਾਨ ਸਭਾਵਾਂ ਅਤੇ ਮੀਡੀਆ ਵਿੱਚ ਬਹਿਸ ਕੀਤੀ ਜਾਂਦੀ ਰਹੀ ਹੈ। ਛੋਟੀ ਉਮਰ ਦੇ ਵਿਦਿਆਰਥੀਆਂ ਦੀਆਂ ਜਮਾਤਾਂ ਇਸ ਚਰਚਾ ਲਈ ਯੋਗ ਮੰਚ ਨਹੀਂ ਹਨ। ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਇਸ ਦਾ ਉਦੇਸ਼ ਨਿਆਂਪਾਲਿਕਾ ਦੀ ਜਾਇਜ਼ ਆਲੋਚਨਾ ਜਾਂ ਜਾਂਚ-ਪੜਤਾਲ ਦੇ ਅਧਿਕਾਰ ਨੂੰ ਖਾਰਜ ਕਰਨਾ ਨਹੀਂ ਹੈ। ਇਹ ਭਰੋਸੇਯੋਗਤਾ ਮਹੱਤਵਪੂਰਨ ਹੈ ਕਿਉਂਕਿ ਅਪਮਾਨਜਨਕ ਟਿੱਪਣੀਆਂ ਅਤੇ ਰਚਨਾਤਮਿਕ ਆਲੋਚਨਾ ਵਿੱਚ ਸਪੱਸ਼ਟ ਫ਼ਰਕ ਹੁੰਦਾ ਹੈ। ਜ਼ਿਕਰਯੋਗ ਹੈ ਕਿ ਵਿਚਾਰ ਅਧੀਨ ਲੇਖ ਵਿੱਚ ਤਤਕਾਲੀ ਚੀਫ ਜਸਟਿਸ ਬੀ ਆਰ ਗਵੱਈ ਵੱਲੋਂ ਨਿਆਂਪਾਲਿਕਾ ਅੰਦਰ ਭ੍ਰਿਸ਼ਟਾਚਾਰ ਅਤੇ ਦੁਰਾਚਾਰ ਦੀਆਂ ਘਟਨਾਵਾਂ ’ਤੇ ਦੁੱਖ ਪ੍ਰਗਟਾਉਣ ਦਾ ਜ਼ਿਕਰ ਕੀਤਾ ਗਿਆ ਹੈ। ਨਿਆਂ ਪ੍ਰਣਾਲੀ ਵਿੱਚ ਸੰਸਥਾਗਤ ਦਿਆਨਤਦਾਰੀ ਅਤੇ ਪਾਰਦਰਸ਼ਤਾ ’ਤੇ ਵਧੇਰੇ ਜ਼ੋਰ ਦੇਣਾ ਸਮੇਂ ਦੀ ਲੋੜ ਹੈ। ਸਰਕਾਰ ਲਈ ਸਬਕ ਇਹ ਹੈ ਕਿ ਪਾਠਕ੍ਰਮ ਦੇ ਮਾਮਲੇ ’ਚ ਨਿਯੰਤਰਣ ਤੇ ਸੰਤੁਲਨ ਨੂੰ ਮਜ਼ਬੂਤ ਕੀਤਾ ਜਾਵੇ ਤਾਂ ਜੋ ਅਜਿਹੇ ਵਿਵਾਦ ਮੁੜ ਖੜ੍ਹੇ ਨਾ ਹੋਣ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਸਰਕਾਰ ਦੇ ਦੋ ਮਹੱਤਵਪੂਰਨ ਅੰਗਾਂ- ਕਾਰਜਪਾਲਿਕਾ ਤੇ ਨਿਆਂਪਾਲਿਕਾ ਵਿੱਚ ਭਰੋਸੇ ਦੀ ਘਾਟ ਨੂੰ ਪੂਰਨ ਲਈ ਗੰਭੀਰ ਕੋਸ਼ਿਸ਼ਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇੱਕ ਮਜ਼ਬੂਤ ਲੋਕਤੰਤਰ ਲਈ ਇਨ੍ਹਾਂ ਦੋਵਾਂ ਵਿਚਾਲੇ ਸਦਭਾਵਨਾ ਲਾਜ਼ਮੀ ਹੈ।

# ਬਸੰਤ ਰੁੱਤ ਦਾ ਨਾਟਕ ਮੇਲਾ; ‘ਗਧੇ ਦੀ ਬਰਾਤ’ ਨਾਲ ਹੋਇਆ ਸਮਾਪਤ



**ਪਟਿਆਲਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਸਿੱਧ ਹਾਸਰਸ ਨਾਟਕ ਗਧੇ ਦੀ ਬਰਾਤ ਦੀ ਸ਼ਾਨਦਾਰ ਪੇਸ਼ਕਾਰੀ ਨਾਲ ਕਲਾ ਕ੍ਰਿਤੀ ਪਟਿਆਲਾ ਅਤੇ ਨਟਰਾਜ ਆਰਟਸ ਥੀਏਟਰ ਦੇ ਗਰੁੱਪ ਵੱਲੋਂ ਫੈਸਟੀਵਲ ਡਾਇਰੈਕਟਰ ਪਰਮਿੰਦਰ ਪਾਲ ਕੌਰ ਅਤੇ ਗੋਪਾਲ ਸ਼ਰਮਾ ਦੀ ਸ਼ਾਨਦਾਰ ਅਗਵਾਈ ਹੇਠ ਉੱਤਰੀ ਖੇਤਰ ਸਭਿਆਚਾਰਕ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ ਕਰਵਾਏ ਗਏ ਦੋ ਦਿਨਾਂ ਬਸੰਤ ਰੁੱਤ ਨਾਟਕ ਮੇਲੇ ਦਾ ਸਮਾਪਨ ਇੱਥੇ ਕਾਲੀ ਦਾਸ ਆਡੀਟੋਰੀਅਮ ਵਿੱਚ ਹੋਇਆ।

ਪ੍ਰਸਿੱਧ ਥੀਏਟਰ , ਪ੍ਰਮੋਟਰ ਵਿਸ਼ਵ ਦੀਪਕ ਤਰੀਖਾ ਦੇ ਨਿਰਦੇਸ਼ਨ ਹੇਠ ਸਪਤਕ ਕਲਚਰਲ ਸੋਸਾਇਟੀ ਰੋਹਤਕ ਦੇ ਕਲਾਕਾਰਾਂ ਵੱਲੋਂ ਮੰਚਤ ਇਸ ਨਾਟਕ ਦੀ 350 ਵੀਂ ਪੇਸ਼ਕਾਰੀ ਨੇ ਵਰਤਮਾਨ ਸਮਾਜਿਕ, ਰਾਜਨੀਤਿਕ ਪਰਸਥਿਤੀਆਂ ਉੱਤੇ ਤਿੱਖੇ ਵਿਅੰਗ ਕਸਦੇ ਹੋਏ ਦਰਸ਼ਕਾਂ ਤੋਂ ਖੂਬ ਵਾਹ ਵਾਹ ਲੁੱਟੀ।ਮੂਲ ਰੂਪ ਵਿੱਚ ਮਰਾਠੀ ਵਿੱਚ ਹਰੀ ਭਾਈ ਵਡਗਾਵਕਰ ਦੁਆਰਾ ਲਿਖਿਤ ਅਤੇ ਹਿੰਦੀ ਵਿੱਚ ਰਮੇਸ਼ ਰਾਜਹੰਸ ਤੇ ਰਜਿੰਦਰ ਮਹਿਰਾ ਦੁਆਰਾ ਨਾਟਕੀ ਰੁਪਾਂਤਰ ਇਸ ਨਾਟਕ ਨੇ ਜਿੱਥੇ ਲੋਕਾਂ ਨੂੰ ਹਾਸੇ ਭਰੇ ਠਾਖੇ ਲਗਾਣ ਲਈ ਮਜਬੂਰ ਕੀਤਾ ਉਥੇ ਅੰਤ ਵਿੱਚ ਉਹਨਾਂ ਦੀ ਸੰਵੇਦਨਾਵਾਂ ਨੂੰ ਝਿੰਝੋੜਦੇ ਹੋਏ ਗਮਗੀਨ ਵੀ ਕਰ ਦਿੱਤਾ। ਗਧੇ ਦੀ ਬਰਾਤ ਨਾਟਕ ਪੁਰਾਤਨ ਕਥਾ ਤੇ ਅਧਾਰਿਤ ਹੈ।ਇੰਦਰ ਦੇਵ ਦੇ ਦਰਬਾਰ ਵਿੱਚ ਚਿੱਤਰ ਸੈਨ ਗੰਧਰਵ ਸੂਰਾ ਦੇ ਨਸ਼ੇ ਵਿੱਚ ਨਿਰਤ ਕਰ ਰਹੀ ਅਫਸਰਾਂ ਰੰਭਾ ਦਾ ਹੱਥ ਫੜਦਾ ਹੈ। ਇੰਦਰ ਗੁੱਸੇ ਵਿੱਚ ਆ ਕੇ ਉਸ ਨੂੰ ਸਰਾਪ ਦਿੰਦਾ ਹੈ ਕਿ ਉਹ ਮ੍ਰਿਤ ਲੋਕ ਵਿੱਚ ਗਧਾ ਬਣ ਬਣ ਕੇ ਭਟਕੇਗਾ ਜਦੋਂ ਗੰਧਰਵ ਮਾਫੀ ਮੰਗਦਾ ਹੈ ਤਾਂ। ਇੰਦਰ ਉਸਨੂੰ ਵਰਦਾਨ ਵੀ ਦਿੰਦਾ ਹੈ ਕਿ ਜਦ ਉਸਦੀ ਸ਼ਾਦੀ ਉਥੋਂ ਦੇ ਇੱਕ ਰਾਜਾ ਦੀ ਲੜਕੀ ਨਾਲ ਹੋਵੇਗੀ ਤਾਂ ਉਸ ਨੂੰ ਇਸ ਸਰਾਪ ਤੋਂ ਮੁਕਤੀ ਮਿਲ ਜਾਏਗੀ। ਚਿੱਤਰ ਸੈਨ ਧਰਤੀ ਉਤੇ ਗਧਾ ਬਣ ਕੇ ਕੱਲੂ ਘੁਮਿਆਰ ਦੇ ਘਰ ਵਿੱਚ ਰਹਿਣ ਲੱਗਦਾ ਹੈ। ਕੱਲੂ ਘੁਮਿਆਰ ਉਸਦੀ ਆਪਣੇ ਬੱਚਿਆਂ ਦੀ ਪ੍ਰਵਿਸ਼ ਕਰਦਾ ਹੈ। ਇਕ ਦਿਨ ਉਥੇ ਦਾ ਰਾਜਾ ਮੁਨਾਦੀ ਕਰਵਾਉਂਦਾ ਹੈ ਕਿ ਜੋ ਕੋਈ ਵੀ ਇੱਕ ਰਾਤ ਵਿੱਚ ਮਹਿਲ ਦੀ ਡਿਊਡੀ ਵਿੱਚੋਂ ਮੁਫਲਿਸ਼ਾ ਦੀ ਬਸਤੀ ਤੱਕ ਪੁੱਲ ਬਣਾਏਗਾ ਤਾਂ ਰਾਜਕੁਮਾਰੀ ਦਾ ਵਿਆਹ ਉਸਦੇ ਨਾਲ ਹੀ ਕੀਤਾ ਜਾਵੇਗਾ। ਗਧਾ ਬਣਿਆ ਗੰਧਰਵ ਚਿੱਤਰ ਸੈਨ ਸ਼ਰਤ ਨੂੰ ਪੂਰਾ ਕਰ ਦਿੰਦਾ ਹੈ ਅਤੇ ਪੁਲ ਬਣਾ ਦਿੰਦਾ ਹੈ। ਹੁਣ ਰਾਜਾ ਦੀ ਪਰੇਸ਼ਾਨੀ ਦੀ ਪ੍ਰੇਸ਼ਾਨੀ ਇਸ ਹੱਦ ਤੱਕ ਵੱਧ ਜਾਂਦੀ ਹੈ ਕਿ ਗਧੇ ਦੇ ਨਾਲ ਆਪਣੀ ਬੇਟੀ ਦਾ ਵਿਆਹ ਕਿੰਝ ਕਰੇ। ਪਰ ਉਸ ਨੇ ਵਾਅਦਾ ਕੀਤਾ ਹੋਇਆ ਸੀ ਕਿ ਵਿਆਹ ਤਾਂ ਕਰਨਾ ਹੀ ਪਵੇਗਾ ਪਰ ਜਿਸ ਤਰਾਂ ਹੀ ਜੈ ਮਾਲਾ ਪੈਂਦੀ ਹੈ ਗੰਧਰਵ ਆਪਣੇ ਅਸਲੀ ਰੂਪ ਵਿੱਚ ਆ ਜਾਂਦਾ ਹੈ।ਅਤੇ ਆਪਣੀ ਅਸਲੀਅਤ ਦੱਸਦਾ ਹੈ ਇਨਸਾਨ ਬਣਦੇ ਹੀ ਉਹ ਆਪਣੇ ਪਾਲਣ ਪੋਸ਼ਣ ਕਰਨ ਵਾਲੇ ਕਲੂ ਘੁਮਿਆਰ ਅਤੇ ਗੰਗੀ ਨੂੰ ਪਹਿਚਾਨਣ ਤੋਂ ਵੀ ਇਨਕਾਰ ਕਰ ਦਿੰਦਾ ਹੈ। ਇਹ ਉਹਨਾਂ ਨੂੰ ਦੁਤਕਾਰ ਦਿੰਦਾ ਹੈ ਅਤੇ ਕੁਲੂ ਤੇ ਗੰਗੀ ਨੂੰ ਇਕੱਲਾ ਛੱਡ ਕੇ ਰਾਜਾ ਦੇ ਮਹਿਲ ਵਿੱਚ ਚਲਾ ਜਾਂਦਾ ਹੈ।ਨਾਟਕ ਦਿਖਾਂਦਾ ਹੈ ਕਿ ਜਦੋਂ ਕੋਈ ਗਰੀਬ ਵਿਅਕਤੀ ਅਮੀਰ ਬਣ ਜਾਂਦਾ ਹੈ ਤਾਂ ਉਹ ਆਪਣੇ ਗਰੀਬ ਸੰਗੀ ਸਾਥੀਆਂ ਨੂੰ ਗਰੀਬੀ ਤੋਂ ਬਾਹਰ ਨਿਕਲਣ ਵਿੱਚ ਮਦਦ ਕਰਨ ਦੀ ਬਜਾਏ ਉਹਨਾਂ ਤੋਂ ਬਿਲਕੁਲ ਮੂੰਹ ਫੇਰ ਲੈਂਦਾ ਹੈ ਅਤੇ ਅਮੀਰ ਵਰਗ ਦਾ ਹਿੱਸਾ ਬਣ ਜਾਂਦਾ ਹੈ।ਇਸ ਤਰਾਂ ਅਮੀਰ ਅਤੇ ਗਰੀਬ ਦਾ ਅੰਤਰ ਕਦੇ ਖਤਮ ਨਹੀਂ ਹੋ ਸਕਦਾ। ਹਾਸ ਰਸ ਨਾਲ ਭਰਪੂਰ ਇਹ ਨਾਟਕ ਆਪਣੀ ਗੱਲ ਕਹਿਣ ਵਿੱਚ ਪੂਰੀ ਤਰਾਂ ਨਾਲ ਕਾਮਯਾਬ ਰਿਹਾ।ਨਾਟਕ ਵਿੱਚ ਅਵਿਨਾਸ਼ ਸੈਣੀ ਨੇ ਕੱਲੂ ਘੁਮਿਆਰ ਦੀ ਮੁੱਖ ਭੂਮਿਕਾ ਨਿਭਾਈ ਅਤੇ ਆਪਣੇ ਸਹਿਜ ਅਦਾਕਾਰੀ ਨਾਲ ਰੰਗ ਜਮਾਇਆ ਅਤੇ ਲੋਕਾਂ ਨੂੰ ਖੂਬ ਹਸਾਇਆ। ਨਾਟਕ ਦੇ ਹੋਰਨਾਂ ਪਾਤਰਾਂ ਵਿੱਚ ਸੁਰਿੰਦਰ ਸ਼ਰਮਾ, ਤਰੁਣ ਪੁਸ਼ਪ ਤ੍ਰਿਖਾ, ਸ਼ਕਤੀ ਸਰੋਵਰ ਤ੍ਰਿਖਾ, ਜਗਦੀਪ ਜੁਗਨੂ, ਰਿੱਕੀ ਬਤਰਾ, ਸੋਨਿਕਾ ਸਵੇਰਾ, ਸਮੀਰ ਸ਼ਰਮਾ ਨੇ ਆਪਣੀ ਅਦਾਕਾਰੀ ਦੇ ਜੌਹਰ ਵਿਖਾਏ।ਸੋਨੀਕਾ ਹਰਿਆਣਾ ਦੇ ਪ੍ਰਸਿੱਧ ਨਗਾੜਾ ਵਾਦਕ ਸੁਭਾਸ਼ ਨਗਾੜਾ ਨੇ ਸੰਗੀਤ ਨਾਲ ਸਜੀ ਪੇਸ਼ਕਾਰੀ ਵਿੱਚ ਗੁਲਾਬ ਸਿੰਘ ਨੇ ਵੀ ਗਾਇਕੀ ਦੇ ਰੰਗ ਵਿਖਾਏ ਤੇ ਲਾਈਟ ਸਥਾਨਕ ਰੰਗਕਰਮੀ ਵਿਨੋਦ ਕੌਸ਼ਲ ਨੇ ਸ਼ਾਨਦਾਰਢੰਗ ਨਾਲ ਨਿਭਾਇਆ। ਸਪਤਕ ਦੇ ਪ੍ਰਧਾਨ ਅਵਿਨਾਸ਼ ਸੈਣੀ ਨੇ ਸੈਣੀ ਨੇ ਦੱਸਿਆ ਕਿ ਉਨ੍ਹਾਂ ਦੇ ਗਰੁੱਪ ਵੱਲੋ ਵੱਲੋਂ ਹੁਣ ਤੱਕ ਇਸ ਨਾਟਕ ਦਾ ਭਾਰਤ ਦੇ ਵੱਖ-ਵੱਖ ਸ਼ਹਿਰਾਂ ਤੋਂ ਇਲਾਵਾ ਪਾਕਿਸਤਾਨ ਦੇ ਲਾਹੌਰ ਵਿੱਚ ਵੀ ਇਸਦਾ ਮੰਚਨ ਕੀਤਾ ਜਾ ਚੁੱਕਾ ਹੈ।ਹਰਿਆਣੇ ਦੇ ਕਿਸੇ ਵੀ ਗਰੁੱਪ ਦੁਆਰਾ ਕੀਤਾ ਗਿਆ ਇਹ ਪਹਿਲਾ ਹਿੰਦੀ ਨਾਟਕ ਹੈ ਜਿਸ ਦੇ 350 ਮੰਚਨ ਹੋਏ ਹਨ।

ਇਸ ਮੌਕੇ ਸ੍ਰੀ ਤਜਿੰਦਰ ਮਹਿਤਾ ਚੇਅਰਮੈਨ ਜਿਲਾ ਫਲਾਣੀ ਕਮੇਟੀ ਪਟਿਆਲਾ ਆਰਕੀਟੈਕਟ ਐਲ ਆਰ ਗੁਪਤਾ ਰੰਗਮੰਚ ਪ੍ਰਮੋਟਰ ਅਤੇ ਸੋਸ਼ਲ ਵਰਕਰ ਡਾਕਟਰ ਗੁਰਵਿੰਦਰ ਕਾਂਸਲ ਥੀਏਟਰ ਪ੍ਰਮੋਟਰ ਅਤੇ ਭਾਜਪਾ ਦੇ ਯੁਵਾ ਨੇਤਾ ਅਤੇ ਡਾਕਟਰ ਪ੍ਰੀਤ ਕਮਲ ਕੌਰ ਚੀਮਾ (ਯੂ ਐਸ ਏ)ਸਨ। ਜਿਨਾਂ ਨੇ ਨਾਟਕ ਮੇਲੇ ਦੀ ਸਫਲਤਾ ਲਈ ਫੈਸਟੀਵਲ ਡਾਇਰੈਕਟਰ ਪ੍ਰਮਿੰਦਰ ਪਾਲ ਕੌਰ ਅਤੇ ਗੋਪਾਲ ਸ਼ਰਮਾ ਦੇ ਯਤਨਾ ਦੀ ਖੂਬ ਸੁਲਾਘਾ ਕੀਤੀ ਤੇ ਸਾਰੇ ਹੀ ਕਲਾਕਾਰਾਂ ਨੂੰ ਵਧਾਈ ਦਿੱਤੀ।

# ਮਾਛੀਵਾੜਾ ਦੇ ਨਸ਼ਾ ਤਸਕਰ ਦੀ 1.27 ਕਰੋੜ ਤੋਂ ਵੱਧ ਦੀ ਸੰਪਤੀ ਅਟੈਚ, ਮਕਾਨ, ਜ਼ਮੀਨ ਤੇ ਗੱਡੀ ਫਰੀਜ਼

**ਮਾਛੀਵਾੜਾ ਸਾਹਿਬ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਜ਼ੀਰੋ ਟੌਲਰੈਂਸ ਨੀਤੀ ਦੇ ਤਹਿਤ ਮਾਛੀਵਾੜਾ ਦੇ ਇੱਕ ਬਦਨਾਮ ਨਸ਼ਾ ਤਸਕਰ ਦੀ ਕਰੋੜਾਂ ਰੁਪਏ ਦੀ ਸੰਪਤੀ ਫਰੀਜ਼ ਕਰਨ ਦੀ ਵੱਡੀ ਕਾਰਵਾਈ ਕੀਤੀ ਗਈ ਹੈ। ਡੀ.ਐੱਸ.ਪੀ. ਸਮਰਾਲਾ ਤਰਲੋਚਨ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਨਯੋਗ ਐੱਸ.ਐੱਸ.ਪੀ ਡਾ. ਦਰਪਣ ਆਹਲੂਵਾਲੀਆ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜਸਦੇਵ ਸਿੰਘ ਉਰਫ਼ ਜੱਸਾ ਪੁੱਤਰ ਸੁਰਜੀਤ ਸਿੰਘ, ਵਾਸੀ ਮਾਛੀਵਾੜਾ, ਜੋ ਕਿ ਇਲਾਕੇ ਵਿੱਚ ਨਸ਼ਾ ਤਸਕਰੀ ਲਈ ਬਦਨਾਮ ਸੀ ਅਤੇ ਜਿਸਨੂੰ ਲੋਕ ‘ਮਗਰਮੱਛ’ ਦੇ ਨਾਮ ਨਾਲ ਜਾਣਦੇ ਸਨ, ਦੀ ਸੰਪਤੀ ਨੂੰ ਐਨ.ਡੀ.ਪੀ.ਐੱਸ. ਐਕਟ ਦੀ ਧਾਰਾ 686 (2) ਤਹਿਤ ਅਟੈਚ ਕੀਤਾ ਗਿਆ ਹੈ।

ਪੁਲਿਸ ਮੁਤਾਬਕ ਉਕਤ ਵਿਅਕਤੀ ਖ਼ਿਲਾਫ਼ ਐਨ.ਡੀ.ਪੀ.ਐੱਸ. ਐਕਟ ਅਧੀਨ ਪੰਜ ਮੁਕੱਦਮੇ ਦਰਜ ਹਨ। ਜਾਂਚ ਦੌਰਾਨ ਸਾਹਮਣੇ ਆਇਆ ਕਿ ਉਸ ਵੱਲੋਂ ਗੈਰਕਾਨੂੰਨੀ ਢੰਗ ਨਾਲ ਕਮਾਈ ਗਈ ਰਕਮ ਨਾਲ ਇੱਕ ਆਲੀਸ਼ਾਨ ਮਕਾਨ (ਲਗਭਗ ਪੌਣੇ 11 ਮਰਲੇ ਵਿੱਚ ਬਣਿਆ) ਤਿਆਰ ਕੀਤਾ ਗਿਆ ਸੀ। ਇਸ ਤੋਂ ਇਲਾਵਾ ਖਸਰਾ ਨੰਬਰ 75 ਅਤੇ 77 ਹੇਠ ਲਗਭਗ ਸਾਢੇ ਅੱਠ ਕਨਾਲ ਜ਼ਮੀਨ ਵੀ ਖਰੀਦੀ ਗਈ ਸੀ।

ਇਹ ਤਿੰਨੋਂ ਸੰਪਤੀਆਂ ਨੂੰ ਦਿੱਲੀ ਸਥਿਤ ਫਰੀਜ਼ਿੰਗ ਅਥਾਰਟੀ ਰਾਹੀਂ ਫਰੀਜ਼ ਕਰਵਾਇਆ ਗਿਆ ਹੈ। ਇਸ ਦੇ ਨਾਲ ਹੀ ਦੋਸ਼ੀ ਦੀ ਨਵੀਂ ਸਕਾਰਪਿਓ-ਐਨ ਗੱਡੀ ਨੂੰ ਵੀ ਜ਼ਬਤ ਕਰਕੇ ਫਰੀਜ਼ ਕੀਤਾ ਗਿਆ ਹੈ। ਡੀਐਸਪੀ ਤਰਲੋਚਨ ਸਿੰਘ ਨੇ ਦੱਸਿਆ ਕਿ ਅਟੈਚ ਕੀਤੀ ਗਈ ਸੰਪਤੀ ਦੀ ਕੁੱਲ ਕੀਮਤ ਲਗਭਗ 1 ਕਰੋੜ 27 ਲੱਖ 67 ਹਜ਼ਾਰ ਰੁਪਏ ਦੇ ਆਸ-ਪਾਸ ਬਣਦੀ ਹੈ।

ਉਨ੍ਹਾਂ ਨਸ਼ਾ ਤਸਕਰਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜਿਹੜੇ ਵੀ ਲੋਕ ਗੈਰਕਾਨੂੰਨੀ ਢੰਗ ਨਾਲ ਨਸ਼ਾ ਵੇਚ ਕੇ ਸੰਪਤੀ ਇਕੱਠੀ ਕਰਨਗੇ, ਉਹਨਾਂ ਦੀ ਨਾ ਸਿਰਫ਼ ਆਪਣੀ ਸੰਪਤੀ ਬਲਕਿ ਜੇਕਰ ਪਿਤ੍ਰਕ ਸੰਪਤੀ ਵਿੱਚ ਵੀ ਗੈਰਕਾਨੂੰਨੀ ਪੈਸਾ ਲਗਾਇਆ ਗਿਆ ਹੋਵੇਗਾ ਤਾਂ ਉਸ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ।ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ‘ਤੇ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਉਹਨਾਂ ਦੀ ਸੰਪਤੀ ਜ਼ਬਤ ਕਰਕੇ ਕਾਨੂੰਨੀ ਕਾਰਵਾਈ ਜਾਰੀ ਰਹੇਗੀ।

ਇਸ ਕਾਰਵਾਈ ਲਈ ਉਨ੍ਹਾਂ ਆਪਣੀ ਟੀਮ ਦੇ ਅਸਿਸਟੈਂਟ ਫਾਈਨੈਂਸ ਅਫਸਰ ਗਗਨਜੀਤ ਸਿੰਘ ਅਤੇ ਐੱਸ.ਐੱਚ.ਓ ਮਾਛੀਵਾੜਾ ਪਵਿੱਤਰ ਸਿੰਘ ਸਮੇਤ ਪੂਰੀ ਟੀਮ ਨੂੰ ਸ਼ਾਬਾਸ਼ੀ ਦਿੱਤੀ, ਜਿਨ੍ਹਾਂ ਨੇ ਇੱਕ-ਦੋ ਮਹੀਨਿਆਂ ਦੀ ਲਗਾਤਾਰ ਮਿਹਨਤ ਨਾਲ ਇਹ ਵੱਡੀ ਕਾਰਵਾਈ ਅੰਜਾਮ ਦਿੱਤਾ।

# 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ; ਸ਼੍ਰੋਮਣੀ ਅਕਾਲੀ ਦਲ (ਬ) ਤੋਂ ਵੱਖ ਹੋਏ ਆਗੂਆਂ ਦੇ ਮੁੜ ਤੋਂ ਇਕੱਠੇ ਹੋਣ ਦੀ ਚਰਚਾ ਸਿਖਰਾਂ ’ਤੇ




**ਪਟਿਆਲਾ, 1 ਮਾਰਚ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਅੰਦਰ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਹਾਲੇ ਇੱਕ ਸਾਲ ਦੇ ਕਰੀਬ ਸਮਾਂ ਪਿਆ ਹੈ, ਪਰ ਸਿਆਸੀ ਪਾਰਟੀਆਂ ਨੇ ਹੁਣ ਤੋਂ ਹੀ ਆਪਣੇ ਪਰ ਤੋਲਣੇ ਸ਼ੁਰੂ ਕਰ ਦਿੱਤੇ ਹਨ। ਸੂਬੇ ਅੰਦਰੋਂ ਆਮ ਆਦਮੀ ਪਾਰਟੀ ਨੂੰ ਚਲਦਾ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੇ ਸੁਪਰੀਮੋ ਸੁਖਬੀਰ ਸਿੰਘ ਬਾਦਲ ਨੇ ਵੀ ਸੂਬੇ ਅੰਦਰ 40 ਰੈਲੀਆਂ ਰੱਖ ਕੇ ਰਾਜਨੀਤੀ ਵਿਚ ਗਰਮੀ ਤੋਂ ਪਹਿਲਾਂ ਹੀ ਵਿਰੋਧੀ ਪਾਰਟੀਆਂ ਵਿਚ ਗਰਮਾਹਟ ਪੈਦਾ ਕਰ ਦਿੱਤੀ ਹੈ। ਜਿਸ ਨੂੰ ਦੇਖ ਸਮੁੱਚੀਆਂ ਰਾਜਨੀਤਿਕ ਪਾਰਟੀਆਂ ਚੋਣ ਮੈਦਾਨ ਵਿਚ ਆਪਣਾ ਪਿੜ ਭਖਾਉਣ ਲਈ ਆਪੋ-ਆਪਣੇ ਅੰਦਾਜ਼ ਵਿਚ ਚੋਣ ਰੈਲੀਆਂ ਰੱਖ ਦਿੱਤੀਆਂ ਹਨ। ਜਿਸ ਨਾਲ ਪੰਜਾਬ ਦੇ ਲੋਕ ਵੀ ਸਰਗਰਮ ਨਜ਼ਰ ਆ ਰਹੇ ਹਨ। ਭਾਵੇਂ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਤੋਂ ਵੱਖ ਹੋਏ ਆਗੂਆਂ ਨੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤੀ ਦਾ ਗਠਨ ਕਰ ਲਿਆ ਸੀ ਪਰ ਬਿਕਰਮ ਸਿੰਘ ਮਜੀਠੀਆ ਦੇ ਜੇਲ੍ਹ ਤੋਂ ਜਮਾਨਤ ’ਤੇ ਬਾਹਰ ਆ ਜਾਣ ਨਾਲ ਉਸ ਵੱਲੋਂ ਦਿੱਤੇ ਗਏ ਬਿਆਨ ਨੇ ਸਮੁੱਚੇ ਲੀਡਰਾਂ ਵਿਚ ਨਾਰਾਜ਼ਗੀ ਦੇ ਤੇਵਰਾਂ ਨੂੰ ਘਟਾਉਣ ਵਿਚ ਮਦਦ ਕੀਤੀ ਹੈ। ਐਨਾ ਹੀ ਨਹੀਂ ਸਮੁੱਚੇ ਲੀਡਰਾਂ ਨੇ ਮਜੀਠੀਆ ਵੱਲੋਂ ਮੁੜ ਇਕੱਠੇ ਹੋਣ ਦੀ ਅਪੀਲ ਦਾ ਸਵਾਗਤ ਕੀਤਾ ਹੈ। ਪਰ ਮੁਹਾਲੀ ਅਦਾਲਤ ਵਿਚ ਮਜੀਠੀਆ ਦੀ ਪ੍ਰੇਮ ਸਿੰਘ ਚੰਦੂਮਾਜਰਾ ਤੇ ਸੁਰਜੀਤ ਸਿੰਘ ਰੱਖੜਾ ਨਾਲ ਹੋਈ ਮੁਲਾਕਾਤ ਅਤੇ ਜਥੇਦਾਰ ਕਰਨੈਲ ਸਿੰਘ ਪੰਜੋਲੀ ਵੱਲੋਂ ਪੁਨਰ ਸੁਰਜੀਤੀ ਅਕਾਲੀ ਦਲ ਨੂੰ ਅਲਵਿਦਾ ਆਖਣ ਨਾਲ ਪੈਦਾ ਹੋਈ ਸਥਿਤੀ ਨੂੰ ਸ਼੍ਰੋਮਣੀ ਅਕਾਲੀ ਦਲ (ਬ) ਦੇ ਹੱਕ ਵਿਚ ਖੜ੍ਹਨ ਵੱਲ ਇਸ਼ਾਰਾ ਕਰਦੀ ਪ੍ਰਤੀਤ ਹੁੰਦੀ ਹੈ। ਭਾਵੇਂ ਕਿ ਬਾਦਲ ਦੀ ਪ੍ਰਧਾਨਗੀ ਦੇ ਅਸਤੀਫੇ ’ਤੇ ਅੜੇ ਟਕਸਾਲੀ ਲੀਡਰਾਂ ਦੀ ਜੁਗਲਬੰਦੀ ਕਿਸ ਆਗੂ ਦੇ ਹੱਕ ਵਿਚ ਭੁਗਤਦੀ ਹੈ ਇਹ ਤਾਂ ਸਮਾਂ ਹੀ ਦੱਸੇਗਾ, ਪਰ ਇੱਕ ਗੱਲ ਜਰੂਰ ਹੈ ਕਿ ਅਕਾਲੀ ਦਲ ਪੁਨਰ ਸੁਰਜੀਤੀ ਦੇ ਮੁੜ ਸੁਰਜੀਤ ਹੋਣ ਦੀਆਂ ਕਿਰਨਾਂ ਮੱਧਮ ਦਿੱਸਣੀਆਂ ਸ਼ੁਰੂ ਹੋ ਗਈਆਂ ਹਨ। ਕਿਉਂਕਿ ਸਮੁੱਚੇ ਘਟਨਾਕ੍ਰਮ ਵਿਚ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਪੁਨਰ ਸੁਰਜੀਤੀ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਇੱਕ ਚੰਗੀ ਧਾਰਮਿਕ ਸਖ਼ਸ਼ੀਅਤ ਤਾਂ ਹੋ ਸਕਦੇ ਹਨ, ਪਰ ਇੱਕ ਰਾਜਨੀਤਿਕ ਆਗੂ ਹੋਣਾ ਜਾਂ ਬਣਨਾ ਇੱਕ ਵੱਖਰੀ ਗੱਲ ਹੈ। ਇਸੇ ਗੱਲ ਨੇ ਹੀ ਅਕਾਲੀ ਦਲ ਪੁਨਰ ਸੁਰਜੀਤੀ ਦੇ ਸਮੁੱਚੇ ਆਗੂਆਂ ਵਿਚ ਚਿੰਤਨ ਵਾਲਾ ਮਾਹੌਲ ਬਣਾ ਕੇ ਰੱਖ ਦਿੱਤਾ ਹੈ। ਜ਼ਿਕਰਯੋਗ ਹੈ ਕਿ ਜੇਕਰ ਦੋਵੇਂ ਧੜੇ ਚੋਣਾਂ ਤੋਂ ਪਹਿਲਾਂ ਇਕੱਠੇ ਹੋ ਕੇ ਚੋਣ ਮੈਦਾਨ ਵਿਚ ਉਤਰਦੇ ਹਨ ਤਾਂ ਹੋਰਨਾਂ ਸਾਰੇ ਰਾਜਨੀਤਿਕ ਦਲਾਂ ਲਈ ਵੱਡੀ ਮੁਸ਼ਕਲ ਖੜ੍ਹੀ ਕਰ ਸਕਦੇ ਹਨ ਨਹੀਂ ਤਾਂ ਬਾਕੀ ਸਾਰੇ ਰਾਜਨੀਤਿਕ ਦਲ ਅਕਾਲੀ ਦਲ ਲਈ ਵੱਡੀ ਮੁਸ਼ਕਲ ਬਣਦੇ ਦਿਖਾਈ ਦੇ ਰਹੇ ਹਨ। ਉਥੇ ਹੀ ਕਿਸੇ ਸਮੇਂ ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲ ਪਾਰਟੀ ਭਾਜਪਾ ਵੀ ਇਨ੍ਹਾਂ ਦਲਾਂ ਦੇ ਰਲੇਵੇਂ ਵੱਲ ਦੇਖ ਰਹੀ ਹੈ ਕਿ ਜਿਹੜੇ ਦਲ ਦਾ ਪੱਲੜਾ ਭਾਰੀ ਹੋਵੇ ਉਸ ਨਾਲ ਗਠਜੋੜ ਦੀ ਗੱਲ ਤੋਰੀ ਜਾ ਸਕਦੀ ਹੈ। ਜੇਕਰ ਇਹ ਦੋਵੇਂ ਦਲ ਇਕੱਠੇ ਨਾ ਹੋਏ ਤਾਂ ਹੋ ਸਕਦਾ ਹੈ ਕਿ ਭਾਜਪਾ ਅਕਾਲੀਆਂ ਨਾਲ ਗਠਜੋੜ ਦੀ ਗੱਲ ਸ਼ੁਰੂ ਹੀ ਨਾ ਕਰੇ ਅਤੇ ਮਹਾਰਾਸ਼ਟਰ ਵਾਂਗ ਚੋਣਾਂ ਤੋਂ ਬਾਅਦ ਹੀ ਵੱਡੇ ਗਰੁੱਪ ਨਾਲ ਗਠਜੋੜ ਕਰਕੇ ਸਰਕਾਰ ਬਣਾਉਣ ਦੀ ਕੋਸ਼ਿਸ਼ ਵੀ ਹੋ ਸਕਦੀ ਹੈ। ਕਿਉਂਕਿ ਭਾਜਪਾ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੂੰ ਰੋਕਣ ਲਈ ਹਰ ਸੰਭਵ ਯਤਨ ਕਰ ਰਹੀ ਹੈ ਕਿ ਜੇਕਰ ਪੰਜਾਬ ਵਿਚ ਇਹ ਦੋਵੇਂ ਪਾਰਟੀਆਂ ਦੀ ਬ੍ਰੇਕ ਨਾ ਲੱਗੀ ਤਾਂ ਇਹ ਭਾਜਪਾ ਲਈ ਭਵਿੱਖ ਵਿਚ ਖਤਰੇ ਦੀ ਘੰਟੀ ਸਾਬਤ ਹੋਵੇਗੀ।

**ਕਾਂਗਰਸ ਅਤੇ ਆਪ ਦੇ ਕਈ ਆਗੂ ਸ਼੍ਰੋਮਣੀ ਅਕਾਲੀ ਦਲ ਰਡਾਰ ’ਤੇ**

ਸੂਬੇ ਅੰਦਰ ਰਾਜਨੀਤਿਕ ਸਰਗਰਮੀਆਂ ਦਿਨੋ-ਦਿਨ ਤੇਜ਼ ਹੁੰਦੀਆਂ ਨਜ਼ਰ ਆ ਰਹੀਆਂ ਹਨ। ਜਿਹੜੇ ਆਗੂ ਸ਼੍ਰੋਮਣੀ ਅਕਾਲੀ ਦਲ ਨਾਲੋਂ ਵੱਖ ਹੋਏ, ਉਨ੍ਹਾਂ ਦੀ ਕਿਸੇ ਵੇਲੇ ਘਰ ਵਾਪਸੀ ਹੋ ਸਕਦੀ ਹੈ। ਉਥੇ ਹੀ ਸ਼੍ਰੋਮਣੀ ਅਕਾਲੀ ਦਲ ਦੀਆਂ ਹੋ ਰਹੀਆਂ ਰੈਲੀਆਂ ਵਿਚ ਇਕੱਠ ਨੂੰ ਦੇਖ ਕਾਂਗਰਸ ਅਤੇ ਆਪ ਪਾਰਟੀ ਦੇ ਕਈ ਵੱਡੇ ਆਗੂ ਸ਼੍ਰੋਮਣੀ ਅਕਾਲੀ ਦਲ ਦੀ ਰਡਾਰ ’ਤੇ ਚੱਲ ਰਹੇ ਹਨ, ਜੋ ਕਿਸੇ ਵੇਲੇ ਵੀ ਆਪਣੀਆਂ ਪਾਰਟੀਆਂ ਛੱਡ ਕੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਕਬੂਲ ਸਕਦੇ ਹਨ। ਜੇਕਰ ਅਜਿਹਾ ਹੁੰਦਾ ਹੈ ਤਾਂ ਕਾਂਗਰਸ ਅਤੇ ਆਪ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਮੁਕਾਬਲਾ ਕਰਨਾ ਬੇਹੱਦ ਮੁਸ਼ਕਲ ਹੋ ਸਕਦਾ ਹੈ।

**ਤਿੰਨੇ ਪਾਰਟੀਆਂ ਦੀਆਂ ਸਰਕਾਰਾਂ ਸਮੇਂ ਕੀਤੇ ਕਾਰਜਾਂ ਦਾਮੁਲਾਂਕਣ ਕਰਨ ਲੱਗੇ ਪੰਜਾਬ ਦੇ ਲੋਕ**

ਸੂਬੇ ਅੰਦਰ ਸ਼੍ਰੋਮਣੀ ਅਕਾਲੀ ਦਲ ਭਾਜਪਾ ਦੇ ਰਾਜ ਸਮੇਂ ਤੋਂ ਲੈ ਕੇ ਕਾਂਗਰਸ ਅਤੇ ਆਪ ਸਰਕਾਰਾਂ ਦੇ ਕਾਰਜਾਂ ਦਾ 2027 ਵਿਧਾਨ ਸਭਾ ਚੋਣਾਂ ਦਾ ਬਿਗੁਲ ਵੱਜਣ ਤੋਂ ਪਹਿਲਾਂ ਹੀ ਪੰਜਾਬ ਦੇ ਲੋਕ ਮੁਲਾਂਕਣ ਕਰਨ ਲੱਗ ਪਏ ਹਨ ਕਿ ਕਿਹੜੀ ਪਾਰਟੀ ਨੇ ਪੰਜਾਬ ਦੇ ਹਿਤਾਂ ਲਈ ਕੰਮ ਕੀਤਾ ਹੈ। ਲਿਹਾਜ਼ਾ ਲੋਕ ਵੀ ਉਸੇ ਪਾਰਟੀ ਦੇ ਹੱਕ ਵਿਚ ਭੁਗਤਣਗੇ ਜਿਸ ਪਾਰਟੀ ਦੇ ਪੰਜਾਬ ਦੇ ਲੋਕਾਂ ਲਈ ਵੱਡੇ ਕਾਰਜ ਕਰਕੇ ਵਾਹ-ਵਾਹ ਖੱਟੀ ਹੈ।

# ਮੌਂਟੇਸਰੀ ਸਿੱਖਿਆ ਪ੍ਰਣਾਲੀ ਸ਼ੁਰੂ ਕਰਨ ਵਾਲਾ ਸੂਬੇ ਦਾ ਪਹਿਲਾ ਜ਼ਿਲ੍ਹਾ ਬਣਿਆ

**ਹੁਸ਼ਿਆਰਪੁਰ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹੇ ਵਿੱਚ ਸ਼ੁਰੂਆਤੀ ਬਾਲ ਸਿੱਖਿਆ ਨੂੰ ਮਜ਼ਬੂਤ ਅਤੇ ਗੁਣਵੱਤਾਪੂਰਨ ਬਣਾਈ ਰੱਖਣ ਦੀ ਦਿਸ਼ਾ ਵਿਚ ਜ਼ਿਲ੍ਹਾ ਪ੍ਰਸ਼ਾਸਨ ਨੇ ਰੈਡ ਕਰਾਸ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਇੱਕ ਇਤਿਹਾਸਕ ਪਹਿਲਕਦਮੀ ਕੀਤੀ ਹੈ ਅਤੇ ਕਮਿਊਨਿਟੀ ਆਧਾਰ ’ਤੇ ਮੌਂਟੇਸਰੀ ਸਿੱਖਿਆ ਵਿਧੀ ਵਿੱਚ ਵਿਸ਼ੇਸ਼ ਸਿਖਲਾਈ ਸ਼ੁਰੂ ਕੀਤੀ ਹੈ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ ਨੇ ਪੰਜਾਬ ਵਿੱਚ ਆਪਣੀ ਕਿਸਮ ਦੀ ਪਹਿਲੀ ਪਹਿਲਕਦਮੀ ਕਰਦੇ ਹੋਏ 16 ਫਰਵਰੀ, 2026 ਤੋਂ ਸ਼ੁਰੂ ਹੋਏ ਇਸ ਸਿਖਲਾਈ ਪ੍ਰੋਗਰਾਮ ਵਿੱਚ ਕੁੱਲ 67 ਕਰਮਚਾਰੀਆਂ ਨੂੰ ਮੌਂਟੇਸਰੀ ਵਿਧੀ ਵਿੱਚ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ ਹੈ, ਜਿਨ੍ਹਾਂ ਵਿੱਚ 50 ਸਰਕਾਰੀ ਆਂਗਣਵਾੜੀ ਅਤੇ ਪ੍ਰੀ-ਪ੍ਰਾਇਮਰੀ ਸਕੂਲ ਅਧਿਆਪਕ ਅਤੇ 17 ਸੁਪਰਵਾਈਜ਼ਰ ਸ਼ਾਮਲ ਹਨ। ਇਹ ਮਾਡਿਊਲਰ ਸਿਖਲਾਈ 30 ਸਤੰਬਰ, 2026 ਤੱਕ ਪੜਾਅਵਾਰ ਜਾਰੀ ਰਹੇਗੀ। ਉਨ੍ਹਾਂ ਦੱਸਿਆ ਕਿ ਇਸ ਵੇਲੇ ਪਾਇਲਟ ਪ੍ਰੋਜੈਕਟ ਦੇ ਆਧਾਰ ’ਤੇ 50 ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਨੂੰ ਸ਼ਾਮਲ ਕੀਤਾ ਗਿਆ ਹੈ। ਜਲਦ ਹੀ ਇਸ ਪ੍ਰੋਜੈਕਟ ਅਧੀਨ ਹੋਰਾਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ। ਉਹ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨੇ ਇਸ ਪ੍ਰੋਜੈਕਟ ਤਹਿਤ ਚੁਣੇ ਗਏ ਆਂਗਣਵਾੜੀ ਕੇਂਦਰਾਂ ਦੇ ਵਰਕਰਾਂ ਅਤੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਵੀ ਸੰਬੋਧਨ ਕੀਤਾ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਇਹ ਸਿਖਲਾਈ ਪ੍ਰੋਗਰਾਮ ਵਿਵੇਕ ਹਾਈ ਮੌਂਟੇਸਰੀ ਇੰਸਟੀਚਿਊਟ, ਚੰਡੀਗੜ੍ਹ ਦੁਆਰਾ ਕਰਵਾਇਆ ਜਾ ਰਿਹਾ ਹੈ, ਜੋ ਕਿ ਉੱਤਰੀ ਭਾਰਤ ਵਿੱਚ ਇੱਕੋ ਇੱਕ ਏਐਮਆਈ ਨਾਲ ਸਬੰਧਤ ਸੰਸਥਾ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਰੈਡ ਕਰਾਸ ਸੋਸਾਇਟੀ ਦੇ ਸਕੱਤਰ ਮੰਗੇਸ਼ ਸੂਦ ਦੀ ਅਗਵਾਈ ਹੇਠ ਚਲਾਇਆ ਜਾ ਰਿਹਾ ਹੈ। ਪ੍ਰੋਜੈਕਟ ਨੂੰ ਕੁਆਂਟਮ ਪੇਪਰਜ਼ ਲਿਮਟਿਡ ਦੇ ਐਮ.ਡੀ ਪਵਨ ਖੈਤਾਨ ਅਤੇ ਅਜੇਸ਼ ਗੁਪਤਾ ਵੱਲੋਂ ਸੀ.ਐਸ.ਆਰ ਯੋਜਨਾ ਤਹਿਤ ਸਪਾਂਸਰ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਨੇ ਸਮਾਜਿਕ ਖੇਤਰ ਵਿੱਚ ਕੁਆਂਟਮ ਪੇਪਰਜ਼ ਲਿਮਟਿਡ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ। ਇਸ ਮੌਕੇ ਵੀ.ਐਚ.ਐਮ.ਆਈ ਦੀ ਸੰਸਥਾਪਕ ਅਤੇ ਕਾਰਜਕਾਰੀ ਡਾਇਰੈਕਟਰ ਮੀਨੂੰ ਸਾਹੀ, ਟਰੇਨਰ ਦੀਪਾ ਸ੍ਰੀ ਕੁਮਾਰ, ਨੀਲਿਮਾ, ਹੇਲੇਨ ਇਲਿਆਸ ਮੋਹਨ, ਉਮਾ ਰਮਨੀ ਨੇ ਵੀ ਸੰਬੋਧਨ ਕੀਤਾ।

ਡਿਪਟੀ ਕਮਿਸ਼ਨਰ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਸਿੱਖਿਆ ਦੇ ਸਰਵਪੱਖੀ ਵਿਕਾਸ ਵਿਚ ਕੋਈ ਕਮੀ ਨਹੀਂ ਛੱਡ ਰਹੀ ਹੈ। ਇਹੀ ਕਾਰਨ ਹੈ ਕਿ ਪੰਜਾਬ ਦੇ ਅਧਿਆਪਕਾਂ ਨੂੰ ਟ੍ਰੇਨਿੰਗ ਲਈ ਵਿਦੇਸ਼ਾਂ ਵਿਚ ਭੇਜਿਆ ਜਾ ਰਿਹਾ ਹੈ। ਇਸੀ ਮਕਸਦ ਨੂੰ ਸਾਹਮਣੇ ਰੱਖਦੇ ਹੋਏ ਅਸੀਂ ਆਪਣੇ ਪ੍ਰੀ ਪ੍ਰਾਇਮਰੀ ਅਤੇ ਆਂਗਣਵਾੜੀ ਸੈਂਟਰਾਂ ਨੂੰ ਆਧੁਨਿਕ ਸਿੱਖਿਆ ਦੀ ਕੜੀ ਨਾਲ ਜੋੜਿਆ ਹੈ। ਉਨ੍ਹਾਂ ਦੱਸਿਆ ਕਿ ਸ਼ੁਰੂਆਤੀ ਬਾਲ ਅਵਸਥਾ (6 ਸਾਲ ਤੱਕ) ਉਹ ਪੜਾਅ ਹੈ ਜਿੱਥੋਂ ਬੱਚੇ ਦੇ ਸੰਪੂਰਨ ਸ਼ਖਸੀਅਤ ਦਾ ਵਿਕਾਸ ਸ਼ੁਰੂ ਹੁੰਦਾ ਹੈ। ਜੇਕਰ ਇਸ ਪੱਧਰ ’ਤੇ ਅਧਿਆਪਕਾਂ ਨੂੰ ਅੰਤਰਰਾਸ਼ਟਰੀ ਪੱਧਰ ਦੇ ਸਿਖਲਾਈ ਤਰੀਕੇ ਪ੍ਰਦਾਨ ਕੀਤੇ ਜਾਂਦੇ ਹਨ, ਤਾਂ ਇਸਦਾ ਸਕਾਰਾਤਮਕ ਪ੍ਰਭਾਵ ਆਉਣ ਵਾਲੀਆਂ ਪੀੜ੍ਹੀਆਂ ’ਤੇ ਦਿਖਾਈ ਦੇਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦਾ ਉਦੇਸ਼ ਸਿਰਫ਼ ਸਿਖਲਾਈ ਪ੍ਰਦਾਨ ਕਰਨਾ ਹੀ ਨਹੀਂ ਹੈ ਸਗੋਂ ਸਰਕਾਰੀ ਆਂਗਣਵਾੜੀ ਅਤੇ ਪ੍ਰੀ-ਪ੍ਰਾਇਮਰੀ ਸਕੂਲਾਂ ਵਿੱਚ ਅਜਿਹਾ ਮਾਹੌਲ ਬਣਾਉਣਾ ਵੀ ਹੈ ਜਿੱਥੇ ਬੱਚਿਆਂ ਨੂੰ ਸਵੈ-ਨਿਰਭਰਤਾ, ਅਨੁਸ਼ਾਸਨ, ਰਚਨਾਤਮਕਤਾ ਅਤੇ ਆਤਮ-ਵਿਸ਼ਵਾਸ ਵਿਕਸਤ ਕਰਨ ਦੇ ਮੌਕੇ ਮਿਲਣ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਦਾ ਉਦੇਸ਼ ਮੌਂਟੇਸਰੀ-ਅਧਾਰਤ ਅਧਿਆਪਨ ਵਿਧੀ ਰਾਹੀਂ ਆਂਗਣਵਾੜੀ ਵਰਕਰਾਂ ਅਤੇ ਸਰਕਾਰੀ ਸਕੂਲਾਂ ਦੇ ਪ੍ਰਾਇਮਰੀ ਅਧਿਆਪਕਾਂ ਦੀ ਸਮਰੱਥਾ ਨੂੰ ਵਧਾਉਣਾ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਮੁੱਢਲੀ ਸਿੱਖਿਆ ਨੂੰ ਮਜ਼ਬੂਤ ਕਰੇਗਾ ਅਤੇ ਜ਼ਮੀਨੀ ਪੱਧਰ ’ਤੇ ਕਲਾਸਰੂਮ ਅਭਿਆਸਾਂ ਨੂੰ ਬਿਹਤਰ ਬਣਾਏਗਾ।

# ਐਸ.ਡੀ.ਐਮ ਨੰਗਲ ਸਚਿਨ ਪਾਠਕ ਵੱਲੋਂ ਐਲ.ਈ.ਡੀ ਸਕਰੀਨਾਂ ਸਥਾਪਿਤ ਕਰਨ ਬਾਰੇ ਕੀਤੀ ਮੀਟਿੰਗ



**ਸ੍ਰੀ ਆਨੰਦਪੁਰ ਸਾਹਿਬ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹੋਲਾ ਮਹੱਲਾ ਤਿਉਹਾਰ 1 ਮਾਰਚ ਤੋ 1 ਮਾਰਚ ਤੱਕ ਕੀਰਤਪੁਰ ਸਾਹਿਬ ਅਤੇ 2 ਮਾਰਚ ਤੋ 4 ਮਾਰਚ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾ ਰਿਹਾ ਹੈ।

ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਨੇ ਮੇਲਾ ਖੇਤਰ ਵਿੱਚ ਢੁਕਵੀਆਂ ਥਾਵਾਂ ਤੇ ਐਲ.ਈ.ਡੀ ਸਕਰੀਨਾਂ ਲਗਾ ਕੇ ਲੋੜੀਦੀ ਜਾਣਕਾਰੀ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ। ਇਸੇ ਸਬੰਧ ਵਿੱਚ ਅੱਜ ਉਪ ਮੰਡਲ ਮੈਜਿਸਟ੍ਰੇਟ ਨੰਗਲ ਸ੍ਰੀ ਸਚਿਨ ਪਾਠਕ ਪੀ.ਸੀ.ਐਸ ਵੱਲੋਂ ਐਲ.ਈ.ਡੀ ਨਾਲ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਵਿਸਤ੍ਰਿਤ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਦਾ ਮੁੱਖ ਉਦੇਸ਼ ਮੇਲਾ ਖੇਤਰ ਵਿੱਚ ਵੱਖ-ਵੱਖ ਢੁਕਵੀਆਂ ਥਾਵਾਂ ’ਤੇ ਐਲ.ਈ.ਡੀ ਸਕਰੀਨਾਂ ਸਥਾਪਿਤ ਕਰਨ ਸੰਬੰਧੀ ਯੋਜਨਾ ਨੂੰ ਅੰਤਿਮ ਰੂਪ ਦੇਣਾ ਸੀ, ਤਾਂ ਜੋ ਦੂਰ-ਦੁਰਾਂਡੇ ਤੋਂ ਆਉਣ ਵਾਲੇ ਸ਼ਰਧਾਲੂਆਂ ਨੂੰ ਰਸਤੇ, ਪਾਰਕਿੰਗ, ਮੈਡੀਕਲ ਸਹੂਲਤਾਂ, ਸਹਾਇਤਾ ਕੇਂਦਰਾਂ ਅਤੇ ਧਾਰਮਿਕ ਸਮਾਗਮਾਂ ਦੇ ਸਮੇਂ ਬਾਰੇ ਸਹੀ ਜਾਣਕਾਰੀ ਮਿਲ ਸਕੇ।

ਮੀਟਿੰਗ ਦੌਰਾਨ ਇਹ ਵੀ ਫੈਸਲਾ ਲਿਆ ਗਿਆ ਕਿ ਐਲ.ਈ.ਡੀ ਸਕਰੀਨਾਂ ’ਤੇ ਮੇਲੇ ਨਾਲ ਸਬੰਧਤ ਜਰੂਰੀ ਸੁਚਨਾਵਾਂ, ਸੁਰੱਖਿਆ ਸੰਦੇਸ਼, ਟ੍ਰੈਫਿਕ ਰੂਟ ਡਾਈਵਰਜ਼ਨ ਅਤੇ ਐਮਰਜੈਂਸੀ ਸੰਪਰਕ ਨੰਬਰ ਲਗਾਤਾਰ ਪ੍ਰਸਾਰਿਤ ਕੀਤੇ ਜਾਣਗੇ। ਇਸ ਨਾਲ ਮੇਲੇ ਦੌਰਾਨ ਭੀੜ ਪ੍ਰਬੰਧਨ ਨੂੰ ਸੁਚਾਰੂ ਬਣਾਉਣ ਵਿੱਚ ਵੀ ਮਦਦ ਮਿਲੇਗੀ।

ਉਪ ਮੰਡਲ ਮੈਜਿਸਟ੍ਰੇਟ ਸਚਿਨ ਪਾਠਕ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਕਰੀਨਾਂ ਢੁਕਵੀਆਂ ਥਾਵਾਂ ਤੇ ਲਗਾਈਆ ਜਾਣਗੀਆਂ, ਜਿੱਥੇ ਸ਼ਰਧਾਲੂਆਂ ਦੀ ਆਵਾਜਾਈ ਸਭ ਤੋਂ ਵੱਧ ਹੁੰਦੀ ਹੈ, ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਕਰੀਨਾਂ ਦੀ ਦ੍ਰਿਸ਼ਟਤਾ, ਸੁਰੱਖਿਆ ਦਾ ਪ੍ਰਬੰਧ ਪੂਰੀ ਤਰ੍ਹਾਂ ਯਕੀਨੀ ਬਣਾਇਆ ਜਾਵੇ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਐਲ.ਈ.ਡੀ ਸਕਰੀਨਾਂ ਨਾਲ ਸ਼ਰਧਾਲੂਆਂ ਨੂੰ ਸਹੀ ਸਮੇਂ ’ਤੇ ਜਾਣਕਾਰੀ ਮਿਲੇਗੀ, ਜਿਸ ਨਾਲ ਉਨ੍ਹਾਂ ਨੂੰ ਰਸਤੇ ਲੱਭਣ, ਸਹੂਲਤਾਂ ਤੱਕ ਪਹੁੰਚਣ ਅਤੇ ਕਿਸੇ ਵੀ ਐਮਰਜੈਂਸੀ ਸਥਿਤੀ ਵਿੱਚ ਤੁਰੰਤ ਸਹਾਇਤਾ ਮਿਲ ਸਕੇਗੀ। ਪ੍ਰਸ਼ਾਸਨ ਵੱਲੋਂ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਐਲ.ਈ.ਡੀ ਸਕਰੀਨਾਂ ਰਾਹੀਂ ਦਿੱਤੀ ਜਾਣ ਵਾਲੀ ਜਾਣਕਾਰੀ ਸਾਫ਼, ਸਧਾਰਣ ਅਤੇ ਸਭ ਲਈ ਆਸਾਨੀ ਨਾਲ ਸਮਝ ਆਉਣਯੋਗ ਹੋਵੇ।

ਇਨ੍ਹਾਂ ਐਲਈ.ਡੀ ਸਕਰੀਨਾਂ ਦੇ ਨਾਲ ਹੀ ਹੈਲਪ ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਨੇ ਮੇਲਾ ਖੇਤਰ ਵਿੱਚ ਢੁਕਵੀਆਂ ਥਾਵਾਂ ਤੇ ਐਲ.ਈ.ਡੀ ਸਕਰੀਨਾਂ ਲਗਾ ਕੇ ਲੋੜੀਦੀ ਜਾਣਕਾਰੀ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ। ਇਸੇ ਸਬੰਧ ਵਿੱਚ ਅੱਜ ਉਪ ਮੰਡਲ ਮੈਜਿਸਟ੍ਰੇਟ ਨੰਗਲ ਸ੍ਰੀ ਸਚਿਨ ਪਾਠਕ ਪੀ.ਸੀ.ਐਸ ਵੱਲੋਂ ਐਲ.ਈ.ਡੀ ਨਾਲ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਵਿਸਤ੍ਰਿਤ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਦਾ ਮੁੱਖ ਉਦੇਸ਼ ਮੇਲਾ ਖੇਤਰ ਵਿੱਚ ਵੱਖ-ਵੱਖ ਢੁਕਵੀਆਂ ਥਾਵਾਂ ’ਤੇ ਐਲ.ਈ.ਡੀ ਸਕਰੀਨਾਂ ਸਥਾਪਿਤ ਕਰਨ ਸੰਬੰਧੀ ਯੋਜਨਾ ਨੂੰ ਅੰਤਿਮ ਰੂਪ ਦੇਣਾ ਸੀ, ਤਾਂ ਜੋ ਦੂਰ-ਦੁਰਾਂਡੇ ਤੋਂ ਆਉਣ ਵਾਲੇ ਸ਼ਰਧਾਲੂਆਂ ਨੂੰ ਰਸਤੇ, ਪਾਰਕਿੰਗ, ਮੈਡੀਕਲ ਸਹੂਲਤਾਂ, ਡੈਸਕ ਵੀ ਸਥਾਪਿਤ ਹੋਣਗੇ ਜੋ ਸ਼ਰਧਾਲੂਆਂ ਲਈ ਲੋੜੀਦੀ ਸਹਾਇਤਾ ਉਪਲੱਬਧ ਕਰਵਾਉਣਗੇ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪੁਲਿਸ ਵਿਭਾਗ ਵੱਲੋਂ ਕਾਰਡਨ ਐਂਡ ਸਰਚ ਓਪਰੇਸ਼ਨ

**ਮਲੇਰਕੋਟਲਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਵਿਸ਼ੇਸ਼ ਮੁਹਿੰਮ ਤਹਿਤ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਦੇ ਹੁਕਮਾਂ ਅਨੁਸਾਰ ਆਈ.ਜੀ. (ਜੀ.ਆਰ.ਪੀ.) ਬਲਜੋਤ ਸਿੰਘ ਰਾਠੌਰ ਦੀ ਨਿਗਰਾਨੀ ਹੇਠ ਸੀਨੀਅਰ ਕਪਤਾਨ ਪੁਲਿਸ, ਮਾਲੇਰਕੋਟਲਾ ਗਗਨ ਅਜੀਤ ਸਿੰਘ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ ਵਿੱਚ ਕਾਰਡਨ ਐਂਡ ਸਰਚ ਓਪਰੇਸ਼ਨ ਚਲਾਇਆ ਗਿਆ।

ਇਸ ਦੌਰਾਨ ਐਸ.ਪੀ (ਇਨਵੈਸਟੀਗੇਸ਼ਨ) ਸਤਪਾਲ ਸ਼ਰਮਾ ਅਤੇ ਡੀ.ਐਸ.ਪੀ (ਐਨ.ਡੀ.ਪੀ.ਐਸ ਐਕਟ) ਯਾਦਵਿੰਦਰ ਸਿੰਘ ਵੱਲੋਂ ਭਾਰੀ ਪੁਲਿਸ ਫੋਰਸ ਸਮੇਤ ਮੁਹੱਲਾ ਭੂਮਸੀ ਵਿਖੇ ਸਰਚ ਅਭਿਆਨ ਚਲਾਇਆ ਗਿਆ। ਇਸ ਤੋਂ ਇਲਾਵਾ ਪੁਲਿਸ ਵਿਭਾਗ ਵੱਲੋਂ ਸਬ ਜੇਲ੍ਹ ਮਾਲੇਰਕੋਟਲਾ ਦੀ ਅਚਨਚੇਤ ਚੈਕਿੰਗ ਕੀਤੀ ਗਈ, ਜਿਸ ਦੌਰਾਨ ਲਗਭਗ 250 ਕੈਦੀਆਂ ਅਤੇ ਹਵਾਲਾਤੀਆਂ ਅਤੇ ਪੰਜ ਬੈਰਕਾਂ ਦੀ ਬਰੀਕੀ ਨਾਲ ਜਾਂਚ ਕੀਤੀ ਗਈ।

ਆਈ.ਜੀ. (ਜੀ.ਆਰ.ਪੀ.) ਬਲਜੋਤ ਸਿੰਘ ਰਾਠੌਰ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਸ਼ਾ ਸਮੱਗਲਰਾਂ ਅਤੇ ਤਸਕਰਾਂ ਖਿਲਾਫ਼ ਸਖ਼ਤ ਕਾਰਵਾਈ ਜਾਰੀ ਹੈ ਅਤੇ ਭਵਿੱਖ ਵਿੱਚ ਵੀ ਨਸ਼ਾ ਤਸਕਰੀ ਵਿਰੁੱਧ ਵੱਡੇ ਪੱਧਰ ‘ਤੇ ਮੁਹਿੰਮ ਜਾਰੀ ਰਹੇਗੀ।

ਐਸ.ਐਸ.ਪੀ ਨੇ ਲੋਕਾਂ ਨੂੰ ਜਾਗਰੂਕ ਕਰਦਿਆਂ ਕਿਹਾ ਹੈ ਕਿ ਜੇਕਰ ਨਸ਼ਾ ਤਸਕਰਾਂ ਸੰਬੰਧੀ ਕੋਈ ਵੀ ਜਾਣਕਾਰੀ ਹੋਵੇ ਤਾਂ ਇਹ ਜਾਣਕਾਰੀ ਤੁਰੰਤ ਪੁਲਿਸ ਨਾਲ ਸਾਂਝੀ ਕੀਤੀ ਜਾਵੇ ਤਾਂ ਜੋ ਸਮਾਜ ਨੂੰ ਨਸ਼ਾ ਮੁਕਤ ਬਣਾਇਆ ਜਾ ਸਕੇ।

ਇਸੇ ਤਰਾਂ ਡੀ.ਐਸ.ਪੀ ਸੰਜੀਵ ਕਪੂਰ ਵੱਲੋਂ ਪੁਲਿਸ ਫੋਰਸ ਸਮੇਤ ਸਬ ਡਵੀਜ਼ਨ ਅਮਰਗੜ੍ਹ ਅਧੀਨ ਪਿੰਡ ਬਾਗੜੀਆਂ ਵਿੱਚ ਚੈਕਿੰਗ ਕੀਤੀ ਗਈ ਅਤੇ ਡੀ.ਐਸ.ਪੀ ਸੁਖਦੇਵ ਸਿੰਘ ਬਰਾੜ ਵੱਲੋਂ ਸਬ ਡਿਵੀਜ਼ਨ ਅਹਿਮਦਗੜ੍ਹ ਦੇ ਮੁਹੱਲਾ ਰੇਲਵੇ ਲਾਈਨ ਵਾਰਡ ਨੰਬਰ 2 ਵਿੱਚ ਵੀ ਸਰਚ ਅਭਿਆਨ ਚਲਾਇਆ ਗਿਆ।

# ਪੰਜਾਬ ਸਖੀ ਸ਼ਕਤੀ ਕਰਾਫਟ ਮੇਲਾ: ਸੀ.ਸੀ.ਟੀ.ਵੀ ਕੈਮਰਿਆਂ ਦੀ ਤਕਨੀਕੀ ਸੁਰੱਖਿਆ ਦੇ ਘੇਰੇ ਚ ਚੱਲ ਰਿਹਾ ਹੈ ਪਟਿਆਲਵੀਆਂ ਦਾ ਮਨੋਰੰਜਨ



**ਪਟਿਆਲਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਵਿਰਾਸਤੀ ਸ਼ੀਸ਼ ਮਹਿਲ ਵਿਖੇ ਚੱਲ ਰਿਹਾ 'ਸਖੀ ਸ਼ਕਤੀ ਕਰਾਫਟ ਮੇਲੇ' ਵਿੱਚ ਇਸ ਵਾਰ ਪ੍ਰਸ਼ਾਸਨ ਵੱਲੋਂ ਸੁਰੱਖਿਆ ਦੇ ਅਜਿਹੇ ਇੰਤਜ਼ਾਮ ਕੀਤੇ ਗਏ ਹਨ, ਜੋ ਆਮ ਤੌਰ 'ਤੇ ਵੱਡੇ ਅੰਤਰਰਾਸ਼ਟਰੀ ਸਮਾਗਮਾਂ ਵਿੱਚ ਦੇਖਣ ਨੂੰ ਮਿਲਦੇ ਹਨ। ਮੇਲੇ ਵਿੱਚ ਆਉਣ ਵਾਲੇ ਰੋਜ਼ਾਨਾ ਹਜ਼ਾਰਾਂ ਦਰਸ਼ਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੂਰੇ ਕੰਪਲੈਕਸ ਨੂੰ 'ਆਰਟੀਫੀਸ਼ੀਅਲ ਇੰਟੈਲੀਜੈਂਸ ਸਰਵੀਲੈਂਸ' ਹੇਠ ਲਿਆਂਦਾ ਗਿਆ ਹੈ।

ਇਹ ਜਾਣਕਾਰੀ ਦਿੰਦਿਆਂ ਮੇਲੇ ਦੇ ਨੋਡਲ ਅਫ਼ਸਰ ਤੇ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਦਮਨਜੀਤ ਸਿੰਘ ਮਾਨ ਨੇ ਦੱਸਿਆ ਕਿ ਪੂਰੇ ਸ਼ੀਸ਼ ਮਹਿਲ ਨੂੰ ਸੀ.ਸੀ.ਟੀ.ਵੀ.ਕੈਮਰਾਂ ?ਆਂ ਦੀ ਤੀਜੀ ਅੱਖ ਦੇ ਸਖ਼ਤ ਪਹਿਰੇ ਹੇਠ ਏਆਈ ਅਤੇ ਫੇਸ ਡਿਕੈਸ਼ਨ ਤਕਨੀਕ ਹੇਠ ਲਿਆਂਦਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਵਾਰ ਮੇਲੇ ਦੇ ਚੱਪੇ-ਚੱਪੇ 'ਤੇ ਨਜ਼ਰ ਰੱਖਣ ਲਈ 100 ਤੋਂ ਵੱਧ ਹਾਈ-ਡੈਫੀਨੇਸ਼ਨ ਏ.ਆਈ. ਫੇਸ ਡਿਟੈਕਸ਼ਨ ਤਕਨੀਕ ਨਾਲ ਲੈਸ ਕੈਮਰੇ ਸਥਾਪਿਤ ਕੀਤੇ ਗਏ ਹਨ।

ਇਹ ਸਿਸਟਮ ਭੀੜ ਵਿੱਚ ਵੀ ਹਰ ਵਿਅਕਤੀ ਦੇ ਚਿਹਰੇ ਨੂੰ ਸਪਸ਼ਟ ਤੌਰ 'ਤੇ ਪਛਾਣਨ ਅਤੇ ਰਿਕਾਰਡ ਕਰਨ ਦੀ ਸਮਰੱਥਾ ਰੱਖਦਾ ਹੈ।ਇਸ ਨਾਲ ਮੇਲੇ ਵਿੱਜ ਭੀੜ ਪ੍ਰਬੰਧਨ ਕਰਦਿਆਂ ਅਜਿਹੀ ਤਕਨੀਕ ਵਰਤੀ ਜਾ ਰਹੀ ਹੈ ਕਿ ਜੇਕਰ ਮੇਲੇ ਦੇ ਕਿਸੇ ਹਿੱਸੇ ਵਿੱਚ ਭੀੜ ਨਿਰਧਾਰਿਤ ਹੱਦ ਤੋਂ ਵੱਧ ਹੁੰਦੀ ਹੈ, ਤਾਂ ਏ ਆਈ ਸਿਸਟਮ ਤੁਰੰਤ ਕੰਟਰੋਲ ਰੂਮ ਨੂੰ ਸੂਚਿਤ ਕਰਦਾ ਹੈ। 360 ਡਿਗਰੀ ਨਿਗਰਾਨੀ ਕਰ੍ਹੀ ? ?ਦਿਆਂ (ਪੈਨ-ਟਿਲਟ-ਜ਼ੂਮ) ਕੈਮਰਿਆਂ ਰਾਹੀਂ ਮੇਲੇ ਦੇ ਕੋਨੇ-ਕੋਨੇ 'ਤੇ 360 ਡਿਗਰੀ ਨਜ਼ਰ ਰੱਖੀ ਜਾ ਰਹੀ ਹੈ ਅਤੇ ਇਹ ਸਮੁੱਚੀ ਕਮਾਨ ਤਜਰਬੇਕਾਰ ਹੱਥਾਂ ਵਿੱਚ ਹੈ।

ਇਸ ਪੂਰੇ ਹਾਈ-ਟੈੱਕ ਨੈੱਟਵਰਕ ਨੂੰ ਚਲਾਉਣ ਦੀ ਜ਼ਿੰਮੇਵਾਰੀ ਰੀਅਲਟੈੱਕ ਕੰਪਨੀ ਨੂੰ ਸੌਂਪੀ ਗਈ ਹੈ। ਏ.ਡੀ.ਸੀ ਮਾਨ ਨੇ ਕਿਹਾ ਕਿ ਪ੍ਰਸ਼ਾਸਨ ਦਾ ਮਕਸਦ ਹੈ ਕਿ ਮੇਲੇ ਵਿੱਚ ਸੁਰੱਖਿਅਤ ਅਤੇ ਪਰਿਵਾਰਕ ਮਾਹੌਲ ਬਰਕਰਾਰ ਰੱਖਿਆ ਜਾਵੇ,ਇਸ ਲਈ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਹ ਕਦਮ ਖ਼ਾਸ ਕਰਕੇ ਔਰਤਾਂ ਅਤੇ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਚੁੱਕਿਆ ਗਿਆ ਹੈ।

# ਧਾਰਮਿਕ ਗ੍ਰੰਥਾਂ ਦੀ ਬੇਅਦਬੀ ਰੋਕਣ ਲਈ ਸਰਕਾਰਾਂ ਵੱਲੋਂ ਸਖ਼ਤ ਕਾਨੂੰਨ ਨਾ ਬਣਾਏ ਜਾਣ ਦੇ ਰੋਸ ਵਜੋਂ ਧਰਨਾ ਲਗਾਇਆ

**ਸਮਾਣਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਨੂੰ ਲੈ ਕੇ ਪਿਛਲੇ 16 ਮਹੀਨਿਆਂ ਤੋਂ ਬੀ.ਐੱਸ.ਐੱਨ.ਐੱਲ. ਟਾਵਰ 'ਤੇ ਮੋਰਚਾ ਲਗਾਈ ਬੈਠੇ ਭਾਈ ਗੁਰਜੀਤ ਸਿੰਘ ਖਾਲਸਾ ਦੀ ਮੰਗ 'ਤੇ ਸਰਕਾਰ ਨੇ ਅਜੇ ਤੱਕ ਕੋਈ ਫੈਸਲਾ ਨਹੀਂ ਲਿਆ, ਜਿਸ ਕਾਰਨ ਟਾਵਰ ਮੋਰਚੇ ਦੀਆਂ ਸਿੱਖ ਸੰਗਤਾਂ ਤੇ ਹੋਰ ਧਾਰਮਿਕ ਜਥੇਬੰਦੀਆਂ ਦੇ ਆਗੂਆਂ ਨੇ ਅੱਜ ਟਾਵਰ ਮੋਰਚੇ ਵਾਲੇ ਪਾਰਕ ਵਿੱਚ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਪੰਜਾਬ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ। ਪੁਲਿਸ ਪ੍ਰਸ਼ਾਸਨ ਨੇ ਧਰਨਾਕਾਰੀਆਂ ਨੂੰ ਰੋਕਣ ਲਈ ਸ਼ਹਿਰ ਵਿੱਚ ਸਖਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ। ਪ੍ਰਦਰਸ਼ਨ ਕਰ ਰਹੇ ਸਿੱਖ ਜਥੇਬੰਦੀਆਂ ਦੇ ਆਗੂਆਂ ਨੂੰ ਜਦੋਂ ਇਹ ਪਤਾ ਲੱਗਾ ਕਿ ਸਮਾਣਾ ਪੁਲਿਸ ਪ੍ਰਸ਼ਾਸਨ ਵੱਲੋਂ ਟਾਵਰ ਮੋਰਚਾ ਪਾਰਕ ਵਿੱਚ ਪਹੁੰਚ ਰਹੀਆਂ ਸਿੱਖ ਸੰਗਤਾਂ ਨੂੰ ਰਸਤੇ ਵਿੱਚ ਹੀ ਰੋਕਿਆ ਜਾ ਰਿਹਾ ਹੈ। ਸ਼ਹਿਰ ਵਿੱਚ ਟਰੈਕਟਰ-ਟਰਾਲੀਆਂ 'ਤੇ ਆਉਣ ਵਾਲੇ ਲੋਕਾਂ ਨੂੰ ਵੀ ਪਾਰਕ ਤੱਕ ਨਾਂ ਪਹੁੰਚਣ ਲਈ ਵੱਖ ਵੱਖ ਸੜਕਾਂ ਤੇ ਮਿੱਟੀ ਦੇ ਭਰੇ ਟਿੱਪਰ ਲਗਾ ਕੇ ਰਸਤਿਆਂ ਨੂੰ ਬੰਦ ਕੀਤਾ ਹੋਇਆ ਹੈ, ਤਾਂ ਸਿੱਖ ਜਥੇਬੰਦੀਆਂ ਦੇ ਲੋਕਾ 'ਚ ਰੋਹ ਵਧ ਗਿਆ ਤੇ ਉਨਾਂ ਨੇ ਇਕੱਠੇ ਹੋ ਕੇ ਸਮਾਣਾ ਦੇ ਬਾਬਾ ਬੰਦਾ ਸਿੰਘ ਬਹਾਦਰ ਚੱਕ ਵਿੱਚ ਧਰਨਾ ਦੇਣ ਦਾ ਐਲਾਨ ਕੀਤਾ। ਜਿਉਂ ਹੀ ਪਾਰਕ ਵਿੱਚ ਇਕੱਠੇ ਹੋਏ ਸਿੱਖ ਤੇ ਹੋਰ ਧਾਰਮਿਕ ਜਥੇਬੰਦੀਆਂ ਦੇ ਆਗੂ ਬਾਬਾ ਬੰਦਾ ਸਿੰਘ ਯਬਹਾਦਰ ਚੱਕ ਲਈ ਕੂਚ ਕਰਨ ਲੱਗੇ ਤਾਂ ਸਮਾਣਾ ਪੁਲਿਸ ਪ੍ਰਸ਼ਾਸਨ ਨੇ ਉਹਨਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਚੌਕ 'ਚ ਜਾਣ ਤੋਂ ਰੋਕਣ ਲਈ ਧੱਕਾ-ਮੁੱਕੀ ਕੀਤੀ ਜਿਸ ਦੌਰਾਨ ਕਈ ਕਿਸਾਨਾਂ ਤੇ ਪੁਲਸ ਮੁਲਾਜ਼ਮਾਂ ਦੇ ਸੱਟਾਂ ਵੀ ਲੱਗੀਆ। ਜਦੋਂ ਧਰਨਾ ਲਗਾਉਣ ਜਾ ਰਹੇ ਕਿਸਾਨ ਆਗੂ ਹੌਲੀ-ਹੌਲੀ ਗਲੀਆਂ ਰਾਹੀਂ ਹੁੰਦੇ ਹੋਏ ਬਾਬਾ ਬੰਦਾ ਸਿੰਘ ਬਹਾਦਰ ਚੌਂਕ ਵਿੱਚ ਪਹੁੰਚ ਗਏ ਜਿੱਥੇ ਜਾ ਕੇ ਉਹਨਾਂ ਨੇ ਇੱਕ ਵਿਸ਼ਾਲ ਧਰਨਾ ਲਗਾ ਕੇ ਸੜਕ 'ਤੇ ਜਾਮ ਲਗਾ ਦਿੱਤਾ, ਜਿਸ ਕਾਰਨ ਪਟਿਆਲਾ-ਹਿਸਾਰ ਰੋਡ ਸਮਾਣਾ-ਸੰਗਰੂਰ ਰੋਡ ਸਮਾਣਾ-ਭਵਾਨੀਗੜ੍ਹ ਰੋਡ ਪੂਰੀ ਤਰ੍ਹਾਂ ਬੰਦ ਹੋ ਗਏ। ਚਾਰੋਂ ਪਾਸੇ ਸੜਕ 'ਤੇ ਕਈ ਕਿੱਲੋਮੀਟਰ ਦੂਰ ਤੱਕ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੱਗ ਗਈਆਂ। ਇਸ ਤੋਂ ਬਾਅਦ ਸਮਾਣਾ ਪ੍ਰਸ਼ਾਸਨ ਨੇ ਜਦੋ ਪ੍ਰਦਰਸ਼ਨਕਾਰੀਆਂ ਨਾਲ ਗੱਲਬਾਤ ਕੀਤੀ ਤਾ ਉਹਨਾਂ ਨੂੰ ਕੋਈ ਜਾਣਕਾਰੀ ਨਾ ਹੋਣ 'ਤੇ ਆਗੂ ਤਲਵਿੰਦਰ ਸਿੰਘ ਨੇ ਦੋਸ਼ ਲਾਇਆ ਕਿ ਸਾਡੀਆਂ ਮੰਗਾਂ ਬਾਰੇ ਸਮਾਣਾ ਪ੍ਰਸ਼ਾਸਨ ਨੂੰ ਕਿਸੇ ਵੀ ਤਰਾਂ ਦੀ ਕੋਈ ਨਹੀਂ ਹੈ।

ਉਨ੍ਹਾਂ ਕਿਹਾ ਅਸੀਂ ਆਪਣੀਆਂ ਮੰਗਾਂ ਸਮਾਣਾ ਪੁਲਿਸ ਪ੍ਰਸ਼ਾਸਨ ਨੂੰ ਦੱਸ ਦਿੱਤੀਆਂ ਹਨ ਅਤੇ ਪ੍ਰਸ਼ਾਸਨ ਉੱਚ ਅਧਿਕਾਰੀਆਂ ਨਾਲ ਇਸ ਬਾਰੇ ਗੱਲ ਕਰੇਗਾ। ਸਰਕਾਰ ਵੱਲੋਂ ਕੋਈ ਸੁਨੇਹਾ ਆਉਣ ਤੋਂ ਬਾਅਦ ਹੀ ਅਗਲੀ ਰਣਨੀਤੀ ਬਾਰੇ ਦੱਸਿਆ ਜਾਵੇਗਾ। ਉਨ੍ਹਾਂ ਪੰਜਾਬ ਸਰਕਾਰ 'ਤੇ ਇਹ ਵੀ ਦੋਸ਼ ਲਗਾਇਆ ਕਿ ਸਰਕਾਰ ਜਮਹੂਰੀਅਤ ਨੂੰ ਖਤਮ ਕਰਕੇ ਲੋਕਾਂ ਦੇ ਜਮਹੂਰੀਅਤ ਹੱਕ ਖੋਹ ਕੇ ਤਾਨਾਸ਼ਾਹੀ ਵਾਲਾ ਰਾਜ ਕਰ ਰਹੀ ਹੈ, ਜਿਸ ਕਰਕੇ ਵੱਖ ਵੱਖ ਥਾਵਾਂ ਤੋਂ ਧਰਨੇ ਵਿੱਚ ਸਮੂਲੀਅਤ ਕਰਨ ਆ ਰਹੇ ਲੋਕਾਂ ਨੂੰ ਸਰਕਾਰ ਨੇ ਪੁਲਿਸ ਦੀ ਮਦਦ ਨਾਲ ਵੱਖ-ਵੱਖ ਥਾਣਿਆਂ ਵਿੱਚ ਬੰਦ ਕੀਤਾ ਹੋਇਆ ਹੈ, ਜੋ ਕਿ ਨਿੰਦਨਯੋਗ ਹੈ।

ਉਹਨਾਂ ਮੰਗ ਕੀਤੀ ਕਿ ਗ੍ਰਿਫਤਾਰ ਕੀਤੇ ਸਾਥੀਆਂ ਨੂੰ ਜਲਦੀ ਰਿਹਾ ਕੀਤਾ ਜਾਵੇ। ਉਨਾ ਇਹ ਵੀ ਦੱਸਿਆ ਕਿ ਜਦੋਂ ਤੱਕ ਸਰਕਾਰ ਵੱਲੋਂ ਕੋਈ ਉਹਨਾਂ ਨੂੰ ਭਰੋਸਾ ਨਹੀਂ ਦਿੱਤਾ ਜਾਂਦਾ, ਤਾਂ ਉਸ ਸਮੇਂ ਤੱਕ ਧਰਨਾ ਲਗਾਤਾਰ ਜਾਰੀ ਰਹੇਗਾ।

# ਪਟਿਆਲਾ ਤੇ ਬਲਾਕ ਵਿੱਚ ਸੀ.ਐਮ. ਦੀ ਯੋਗਸ਼ਾਲਾ ਨੂੰ ਮਿਲ ਰਿਹਾ ਭਰਪੂਰ ਹੁੰਗਾਰਾ

**ਪਟਿਆਲਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ.ਐਮ. ਦੀ ਯੋਗਸ਼ਾਲਾ ਅਧੀਨ ਪਟਿਆਲਾ ਜ਼ਿਲ੍ਹੇ ਦੇ ਵਿੱਚ ਚੱਲ ਰਹੀਆਂ ਹਨ। ਪਟਿਆਲਾ ਵਿੱਚ ਚਲ ਰਹੀਆਂ ਕਲਾਸਾਂ ਦਾ ਨਿਰੀਖਣ ਯੋਗਾਂ ਸੁਪਰਵਾਈਜ਼ਰ ਰਾਜਿੰਦਰ ਸਿੰਘ ਦੁਆਰਾ ਕੀਤਾ ਜਾਦਾ ਹਾ ਉਹਨਾਂ ਵੱਲੋਂ ਅਰਸ਼ਪ੍ਰੀਤ ਕੌਰ ਟ੍ਰੇਨਰ ਪਟਿਆਲਾ ਵਿੱਚ ਚੱਲ ਰਹੇ ਯੋਗ ਕਲਾਸ (ਉਪਕਾਰ ਨਗਰ ਹੈਰੀ ਪਾਰਕ ਵਿੱਚ ਲੱਗ ਰਹੀ ਹੈ) ਯੋਗ ਕਲਾਸਾਂ ਨੂੰ ਸ਼ਹਿਰੀ ਅਤੇ ਪਿੰਡਾਂ ਦੋਹਾਂ ਖੇਤਰਾਂ ਵਿੱਚ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਲੋਕ ਵੱਡੀ ਗਿਣਤੀ ਵਿੱਚ ਇਨ੍ਹਾਂ ਕਲਾਸਾਂ ਨਾਲ ਜੁੜ ਕੇ ਆਪਣੀ ਸਿਹਤ ਨੂੰ ਬਿਹਤਰ ਬਣਾ ਰਹੇ ਹਨ। ਪੰਜਾਬ ਸਰਕਾਰ ਦੁਆਰਾ ਚਲਾਏ ਜਾ ਰਹੇ 22 ਡਿਪਲੋਮਾ ਵਿਦਿਆਰਥੀ ਵੱਖ-ਵੱਖ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਯੋਗ ਕਲਾਸਾਂ ਲਗਾ ਰਹੇ ਹਨ। ਇਹ ਟੀਮ ਲੋਕਾਂ ਦੀਆਂ ਸਿਹਤ ਸੰਬੰਧੀ ਸਮੱਸਿਆਵਾਂ ਜਿਵੇਂ ਕਿ ਸ਼ੂਗਰ, ਬਲੱਡ ਪ੍ਰੈਸ਼ਰ, ਗੋਡਿਆਂ ਦਾ ਦਰਦ, ਸਰਵਾਈਕਲ ਅਤੇ ਮੋਟਾਪਾ ਆਦਿ ਨੂੰ ਯੋਗ ਅਭਿਆਸ ਰਾਹੀਂ ਦੂਰ ਕਰਨ ਵਿੱਚ ਸਹਾਇਕ ਸਾਬਤ ਹੋ ਰਹੀ ਹੈ।

# ਪਟਿਆਲਾ ਵਿੱਚ 'ਸਾਡੇ ਬਜ਼ੁਰਗ ਸਾਡਾ ਮਾਣ' ਤਹਿਤ ਦਾਦਾ ਦਾਦੀ ਦਿਵਸ ਦਾ ਆਯੋਜਨ



**ਪਟਿਆਲਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਪਟਿਆਲਾ ਸ਼੍ਰੀ ਵਰਜੀਤ ਵਾਲੀਆ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਜੋਬਨਦੀਪ ਕੌਰ ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿ.) ਸ਼੍ਰੀ ਸੰਜੀਵ ਸ਼ਰਮਾ ਦੀ ਰਹਿਨੁਮਾਈ ਹੇਠ, ਉਪ ਜ਼ਿਲ੍ਹਾ ਸਿੱਖਿਆ ਅਫਸਰ ਡਾ. ਰਵਿੰਦਰ ਪਾਲ ਸ਼ਰਮਾ ਦੀ ਅਗਵਾਈ ਵਿੱਚ ਜ਼ਿਲ੍ਹਾ ਪਟਿਆਲਾ ਦੇ ਵੱਖ-ਵੱਖ ਸਕੂਲਾਂ ਵਿੱਚ 'ਸਾਡੇ ਬਜ਼ੁਰਗ ਸਾਡਾ ਮਾਣ' ਪ੍ਰੋਗਰਾਮ ਅਧੀਨ ਦਾਦਾ / ਦਾਦੀ ਨਾਲ ਸਬੰਧਤ ਬਾਂਡਿੰਗ ਗਤੀਵਿਧੀਆਂ ਕਰਵਾਈਆਂ ਗਈਆਂ।

ਇਸ ਮੁਹਿੰਮ ਤਹਿਤ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਮਾਡਲ ਟਾਊਨ ਵਿਖੇ ਗ੍ਰੈਂਡਪੇਰੈਂਟਸ ਡੇ ਮਨਾਇਆ ਗਿਆ। ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਸਲੋਗਨ ਲਿਖਣ, ਕਵਿਤਾ ਪਾਠ ਅਤੇ ਗੀਤ ਗਾਇਨ ਮੁਕਾਬਲਿਆਂ ਵਿੱਚ ਭਾਗ ਲਿਆ ਗਿਆ। ਇਸ ਤੋਂ ਇਲਾਵਾ ਬੱਚਿਆਂ ਅਤੇ ਉਨ੍ਹਾਂ ਦੇ ਦਾਦਾ-ਦਾਦੀ/ ਨਾਨਾ-ਨਾਨੀ ਨਾਲ ਅੰਤਾਕਸ਼ਰੀ, ਮਿਊਜ਼ਿਕਲ ਚੇਅਰ, ਗੱਲਬਾਤ ਅਤੇ ਕਵਿਜ਼ ਸੈਸ਼ਨ ਵਰਗੀਆਂ ਰੁਚਿਕਰ ਗਤੀਵਿਧੀਆਂ ਕਰਵਾਈਆਂ ਗਈਆਂ, ਜਿਸ ਨਾਲ ਦੋਵਾਂ ਪੀੜ੍ਹੀਆਂ ਵਿਚਕਾਰ ਪਿਆਰ, ਸਨਮਾਨ ਅਤੇ ਸਮਝ ਦਾ ਵਾਤਾਵਰਣ ਬਣਿਆ।

ਇਸੇ ਤਹਿਤ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੂੰ ਬਿਰਧ ਆਸ਼ਰਮਾਂ ਦੀ ਵਿਜ਼ਿਟ ਵੀ ਕਰਵਾਈ ਗਈ। ਬੱਚਿਆਂ ਅਤੇ ਅਧਿਆਪਕਾਂ ਵੱਲੋਂ ਸਵਰਗ ਧਾਮ ਬਿਰਧ ਘਰ ਰਾਜਪੁਰਾ, ਮਾਤਾ ਖੀਵੀ ਬਿਰਧ ਆਸ਼ਰਮ ਸੂਲਰ ਅਤੇ ਸਾਈ ਬਿਰਧ ਆਸ਼ਰਮ ਚੋਹਾ ਵਿਖੇ ਜਾ ਕੇ ਬਜ਼ੁਰਗਾਂ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਬਜ਼ੁਰਗਾਂ ਨੇ ਆਪਣੇ ਜੀਵਨ ਦੇ ਤਜਰਬੇ ਬੱਚਿਆਂ ਨਾਲ ਸਾਂਝੇ ਕੀਤੇ ਅਤੇ ਵਿਦਿਆਰਥੀਆਂ ਨੇ ਵੀ ਵੱਖ-ਵੱਖ ਗਤੀਵਿਧੀਆਂ ਰਾਹੀਂ ਉਨ੍ਹਾਂ ਨਾਲ ਸਮਾਂ ਬਿਤਾਇਆ। ਪ੍ਰੋਗਰਾਮ ਦਾ ਮੁੱਖ ਉਦੇਸ਼ ਬਜ਼ੁਰਗਾਂ ਦੇ ਤਜਰਬਿਆਂ ਅਤੇ ਯਾਦਾਂ ਨੂੰ ਨਵੀਂ ਪੀੜ੍ਹੀ ਨਾਲ ਜੋੜਨਾ, ਉਨ੍ਹਾਂ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਕਰਨਾ ਅਤੇ ਬੱਚਿਆਂ ਨੂੰ ਨੈਤਿਕ ਮੁੱਲਾਂ ਬਾਰੇ ਪ੍ਰੇਰਿਤ ਕਰਨਾ ਸੀ।ਇਨ੍ਹਾਂ ਗਤੀਵਿਧੀਆਂ ਦੇ ਸਫਲ ਆਯੋਜਨ ਵਿੱਚ ਜ਼ਿਲ੍ਹਾ ਨੋਡਲ ਅਫਸਰ ਨੀਰੂ ਬਾਲਾ, ਬੀ.ਆਰ. ਸ਼੍ਰੀ ਹਿਮਾਂਸ਼ੂ ਅਗਰਵਾਲ, ਬੀ.ਐਨ.ਓਜ਼ ਰਚਨਾ ਰਾਣੀ, ਨਵਨੀਤ ਸਿੰਘ, ਪੂਜਾ ਗੁਪਤਾ, ਮੀਨਾ ਸਚਰ ਅਤੇ ਵੱਖ-ਵੱਖ ਬਲਾਕਾਂ ਦੇ ਬੀ.ਆਰ.ਸੀ. ਅਤੇ ਅਧਿਆਪਕਾਂ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਸਮਾਜਿਕ ਅਤੇ ਸਿੱਖਿਆਤਮਕ ਗਤੀਵਿਧੀਆਂ ਜਾਰੀ ਰੱਖਣ ਦਾ ਸੰਕਲਪ ਪ੍ਰਗਟਾਇਆ ਗਿਆ।

# ਪੰਜਾਬ ਸਖੀ ਸ਼ਕਤੀ ਕਰਾਫ਼ਟ ਮੇਲੇ 'ਚ ਸੈਲਫ਼ੀ ਪੁਆਇੰਟਾਂ 'ਤੇ ਦਰਸ਼ਕ ਖਿਚਵਾ ਰਹੇ ਯਾਦਗਾਰੀ ਫੋਟੋਆਂ

**ਪਟਿਆਲਾ, 1 ਮਾਰਚ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਇੱਥੇ ਸ਼ੀਸ਼ ਮਹਿਲ ਵਿਖੇ ਚੱਲ ਰਹੇ ਪੰਜਾਬ ਸਖੀ ਸ਼ਕਤੀ ਕਰਾਫ਼ਟ ਮੇਲੇ 'ਚ ਦਰਸ਼ਕਾਂ ਲਈ ਤਸਵੀਰਾਂ ਖਿਚਵਾਉਣ ਵਾਸਤੇ ਬਣਾਏ ਗਏ ਸੈਲਫ਼ੀ ਪੁਆਇੰਟਾਂ 'ਤੇ ਵੱਡੀ ਗਿਣਤੀ ਦਰਸ਼ਕ ਆਪਣੀਆਂ ਯਾਦਗਾਰੀ ਫੋਟੋਆਂ ਖਿਚਵਾ ਰਹੇ ਹਨ। ਜਿੱਥੇ ਸ਼ੀਸ਼ ਮਹਿਲ ਦੀ ਵਿਰਾਸਤੀ ਇਮਾਰਤ ਦਰਸ਼ਕਾਂ ਦੀ ਵਿਸ਼ੇਸ਼ ਖਿੱਚ ਦਾ ਕੇਂਦਰ ਬਣ ਰਹੀ ਹੈ, ਉਥੇ ਹੀ ਇੱਥੇ ਪੁਰਾਣੇ ਸੱਭਿਆਚਾਰ ਤੇ ਵਿਰਸੇ ਨੂੰ ਦਰਸਾਉਂਦੇ ਘਰ, ਚਰਖਾ ਤੇ ਸਿਰ 'ਤੇ ਪਾਣੀ ਵਾਲਾ ਘੜਾ ਚੁੱਕਣ ਵਾਲਾ ਸੈਲਫ਼ੀ ਕੇਂਦਰ ਦਰਸ਼ਕਾਂ ਨੂੰ ਆਪਣੇ ਨਾਲ ਫੋਟੋਆਂ ਖਿਚਵਾਉਣ ਲਈ ਮਜਬੂਰ ਕਰ ਰਿਹਾ ਹੈ। ਇਸ ਤੋਂ ਬਿਨ੍ਹਾਂ ਇੱਥੇ ਦਰਸ਼ਕਾਂ ਨੂੰ ਮਿੱਟੀ ਦੇ ਦੀਵੇ ਆਦਿ ਬਣਾਉਣਾ ਸਿਖਾ ਰਹੇ ਘੁਮਿਆਰ ਦੇ ਚੱਕ 'ਤੇ ਕੰਮ ਕਰਦੇ ਪਿੰਡ ਸਿਉਣਾ ਦੇ ਹਰਨੇਕ ਸਿੰਘ ਨਾਲ ਬਹੁਤ ਸਾਰੇ ਨੌਜਵਾਨ ਕੁੜੀਆਂ-ਮੁੰਡਿਆਂ ਸਮੇਤ ਵੱਡੀ ਉਮਰ ਦੇ ਵਿਅਕਤੀ ਵੀ ਇੱਥੇ ਤਸਵੀਰਾਂ ਖਿਚਵਾ ਰਹੇ ਹਨ। ਜਦਕਿ ਇੱਥੇ ਕਰਤਾਰ ਕੰਬਾਇਨ ਭਾਦਸੋਂ ਵਾਲਿਆਂ ਵੱਲੋਂ ਖੜ੍ਹਾ ਕੀਤਾ ਕਰਤਾਰ ਟਰੈਕਟਰ ਵੀ ਸੈਲਫ਼ੀ ਕਰਵਾਉਣ ਵਾਲਿਆਂ ਦੀ ਭੀੜ ਜੁਟਾ ਰਿਹਾ ਹੈ।

ਇੱਥੇ ਸਿਲਵਰ ਸਟੈਚੂ ਬਣਕੇ ਖੜ੍ਹ ਰਿਹਾ ਗੋਬਿੰਦ ਸਿੰਘ ਪਿੰਡ ਕੋਟਲੀ ਦੇਵਨ ਸ੍ਰੀ ਮੁਕਤਸਰ ਸਾਹਿਬ ਤੋਂ ਆਇਆ ਹੈ, ਜੋ ਕਿ ਦਰਸ਼ਕਾਂ ਨੂੰ ਆਪਣੇ ਨਾਲ ਫੋਟੋਆਂ ਖਿਚਵਾਉਣ ਲਈ ਮਜ਼ਬੂਰ ਕਰ ਰਿਹਾ ਹੈ। ਇਸ ਦਾ ਕਹਿਣਾ ਹੈ ਕਿ ਉਹ ਪਿਛਲੇ 6 ਸਾਲਾਂ ਤੋਂ ਵਿਆਹ ਸ਼ਾਦੀਆਂ, ਜਨਮ ਦਿਨ, ਕਿੱਟੀ ਪਾਰਟੀ ਤੇ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਸਟੈਚੂ ਬਣਕੇ ਲੋਕਾਂ ਦਾ ਮਨਪ੍ਰਚਾਵਾ ਕਰਦਾ ਹੈ। ਗੋਬਿੰਦ ਸਿੰਘ ਨੇ ਕਿਹਾ ਕਿ ਉਹ ਬੇਰੁਜ਼ਗਾਰ ਨਹੀਂ ਬਲਕਿ ਆਪਣਾ ਬੌਸ ਆਪ ਬਣਕੇ ਆਪਣਾ ਰੋਜ਼ਗਾਰ ਚਲਾ ਰਿਹਾ ਹੈ ਅਤੇ ਨੌਜਵਾਨਾਂ ਨੂੰ ਮਿਹਨਤ ਕਰਨ ਸਮੇਤ ਮਾੜੀਆਂ ਆਦਤਾਂ ਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਵੀ ਪ੍ਰੇਰਿਤ ਕਰਦਾ ਹੈ। ਇਸੇ ਤਰ੍ਹਾਂ ਗੋਲਡਨ ਸਟੈਚੂ ਬਣਿਆ ਪਿੰਡ ਰਣਬੀਰਪੁਰਾ ਦਾ 12ਵੀਂ ਪਾਸ ਨੌਜਵਾਨ ਅਕਾਸ਼ਦੀਪ ਸਿੰਘ ਸਟੈਚੂ ਆਰਟ ਦਾ ਪ੍ਰਗਟਾਵਾ ਕਰਦਾ ਹੋਇਆ ਵੀ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣ ਰਿਹਾ ਹੈ। ਉਸਨੇ ਦੱਸਿਆ ਕਿ ਪਿਤਾ ਦੀ ਮੌਤ ਬਾਅਦ ਘਰ ਦਾ ਗੁਜ਼ਾਰਾ ਚਲਾਉਣ ਲਈ ਉਹ ਸਟੈਚੂ ਆਰਟ ਕਰਦੇ ਹੋਏ, ਨਾਲ-ਨਾਲ ਸਰਕਾਰੀ ਨੌਕਰੀ ਲਈ ਵੀ ਤਿਆਰੀ ਕਰ ਰਿਹਾ ਹੈ। ਉਸਨੇ ਕਿਹਾ ਕਿ ਉਸ ਦਾ ਕਹਿਣਾ ਹੈ ਕਿ ਨਸ਼ਿਆਂ ਤੋਂ ਦੂਰ ਰਹਿਕੇ ਕੀਤੀ ਮਿਹਨਤ ਤੇ ਗੋਲਡਨ ਮੈਨ ਬਣਨਾ ਉਸ ਲਈ ਸੋਨੇ 'ਤੇ ਸੋਹਾਗਾ ਬਣ ਰਹੀ ਹੈ।

# ਸਿੱਖਿਆ ਕ੍ਰਾਂਤੀ ਤਹਿਤ ਸਕੂਲ ਮੈਨੇਜਮੈਂਟ ਕਮੇਟੀਆਂ ਦੇ ਮੈਬਰਾਂ ਦੀ ਡੀਈਓ ਸੈਕੰਡਰੀ ਪਟਿਆਲਾ ਨਾਲ ਅਹਿਮ ਮੀਟਿੰਗ



**ਪਟਿਆਲਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਸਰਪ੍ਰਸਤੀ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਹੇਠ ਸਕੂਲਾਂ ਵਿੱਚ ਚੱਲ ਰਹੇ ਸਿੱਖਿਆ ਕ੍ਰਾਂਤੀ ਪ੍ਰੋਗਰਾਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਦੇ ਉਦੇਸ਼ ਨਾਲ ਜ਼ਿਲ੍ਹਾ ਪਟਿਆਲਾ ਦੇ ਸਕੂਲ ਮੈਨੇਜਮੈਂਟ ਕਮੇਟੀ ਨੁਮਾਇੰਦਿਆਂ ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਅਤੇ ਐਲੀਮੈਂਟਰੀ ਸਿੱਖਿਆ ਪਟਿਆਲਾ ਨਾਲ ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਪਟਿਆਲਾ ਵਿਖੇ ਮੀਟਿੰਗ ਕੀਤੀ ਗਈ।

ਮੀਟਿੰਗ ਦੌਰਾਨ ਸਕੂਲਾਂ ਵਿੱਚ ਚੱਲ ਰਹੀਆਂ ਸਿਵਲ ਵਰਕਸ ਗ੍ਰਾਂਟਾਂ ਦੇ ਅਧੀਨ ਕਾਰਜਾਂ, ਸਕੂਲਾਂ ਵਿੱਚ ਆ ਰਹੇ ਕੰਪਿਊਟਰਾਂ ਅਤੇ ਇੰਟਰੈਕਟਿਵ ਪੈਨਲਾਂ, ਸਕੂਲਾਂ ਦੀ ਸਵੱਛਤਾ ਸਮੇਤ ਹੋਰ ਅਹਿਮ ਮੁੱਦਿਆਂ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਵੱਖ-ਵੱਖ ਸਕੂਲਾਂ ਤੋਂ ਪਹੁੰਚੇ ਸਕੂਲ ਮੈਨੇਜਮੈਂਟ ਕਮੇਟੀ ਮੈਂਬਰਾਂ ਵਿੱਚ ਰਾਜਪੁਰਾ ਤੋਂ ਵਿਜੇ ਮੈਨਰੋ ਜ਼ਿਲ੍ਹਾ ਇੰਚਾਰਜ ਸਿੱਖਿਆ ਪਟਿਆਲਾ ਦਿਹਾਤੀ, ਪਟਿਆਲਾ ਤੋ ਗੁਰਦੇਵ ਟਿਵਾਣਾ ਜ਼ਿਲ੍ਹਾ ਇੰਚਾਰਜ ਸਿੱਖਿਆ ਪਟਿਆਲਾ ਸ਼ਹਿਰੀ,ਗੁਰਪ੍ਰੀਤ ਸਿੰਘ ਸੇਖੋਂ ਸਨੌਰ,ਰਮਨਦੀਪ ਸ਼ਰਮਾ ਸਮਾਣਾ ਆਦਿ ਨੇ ਆਪਣੇ ਸੁਝਾਅ ਮੀਟਿੰਗ ਵਿੱਚ ਰੱਖੇ।ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਸੰਜੀਵ ਸ਼ਰਮਾ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਆਧੁਨਿਕ ਅਤੇ ਡਿਜੀਟਲ ਸਿੱਖਿਆ ਪ੍ਰਦਾਨ ਕਰਨ ਲਈ ਜ਼ਿਲ੍ਹੇ ਦੇ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸਿੱਖਿਆ ਕ੍ਰਾਂਤੀ ਤਹਿਤ ਜਲਦ ਹੀ ਕੰਪਿਊਟਰ ਅਤੇ ਇੰਟਰੈਕਟਿਵ ਪੈਨਲ ਉਪਲਬਧ ਕਰਵਾਏ ਜਾ ਰਹੇ ਹਨ।ਇਸ ਉਪਰੰਤ ਸਕੂਲ ਮੈਨੇਜਮੈਂਟ ਕਮੇਟੀ ਮੈਂਬਰਾਂ ਵੱਲੋਂ ਖੁਸ਼ੀ ਦਾ ਇਜ਼ਹਾਰ ਵੀ ਕੀਤਾ ਗਿਆ।

ਮੀਟਿੰਗ ਦੌਰਾਨ ਹੀ ਡੀਈਓ ਸੈਕੰਡਰੀ ਸਿੱਖਿਆ ਅਤੇ ਡੀਈਓ ਐਲੀਮੈਂਟਰੀ ਸਿੱਖਿਆ ਪਟਿਆਲਾ ਨੇ ਮਿਲੇ ਸੁਝਾਵਾਂ ਤੇ ਤੁਰੰਤ ਕਾਰਵਾਈ ਕਰਦਿਆਂ ਬਲਾਕ ਨੋਡਲ ਅਫਸਰਾਂ ਅਤੇ ਬੀਪੀਈਓਜ਼ ਨੂੰ ਲੋੜੀਂਦੇ ਨਿਰਦੇਸ਼ ਜਾਰੀ ਕੀਤੇ ਗਏ।ਇਸ ਮੌਕੇ ਸੰਜੀਵ ਸ਼ਰਮਾ ਡੀਈਓ ਸੈਕੰਡਰੀ ਸਿੱਖਿਆ, ਸ਼ਾਲੂ ਮਹਿਰਾ ਡੀਈਓ ਐਲੀਮੈਂਟਰੀ ਸਿੱਖਿਆ,ਡਾ. ਰਵਿੰਦਰਪਾਲ ਸਿੰਘ ਡਿਪਟੀ ਡੀਈਓ,ਮਨਵਿੰਦਰ ਕੌਰ ਭੁੱਲਰ ਡਿਪਟੀ ਡੀਈਓ,ਰਾਜਿੰਦਰ ਸਿੰਘ ਖਹਿਰਾ ਡੀ.ਐੱਸ.ਐੱਮ., ਲਖਵਿੰਦਰ ਸਿੰਘ,ਜਸਪਾਲ ਸ਼ਰਮਾ,ਰਾਜਿੰਦਰ ਸਿੰਘ ਚਾਨੀ ਸਮੇਤ ਹੋਰ ਪਤਵੰਤੇ ਸੱਜਣ ਹਾਜ਼ਰ ਰਹੇ।ਮੀਟਿੰਗ ਦੇ ਸਾਰਥਕ ਨਤੀਜਿਆਂ ਤੋਂ ਪ੍ਰਸੰਨ ਹੋ ਕੇ ਸਕੂਲ ਮੈਨੇਜਮੈਂਟ ਕਮੇਟੀ ਮੈਂਬਰਾਂ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਅਜਿਹੀਆਂ ਮੀਟਿੰਗਾਂ ਹਰ ਮਹੀਨੇ ਆਯੋਜਿਤ ਕਰਨ ਦੀ ਅਪੀਲ ਵੀ ਕੀਤੀ।

# ਵਿਧਾਇਕ ਦੇਵ ਮਾਨ ਨੇ ਨਗਰ ਪੰਚਾਇਤ ਭਾਦਸੋਂ ਦੇ ਅਹੁਦੇਦਾਰਾਂ ਦਾ ਕੀਤਾ ਸਨਮਾਨ

**ਨਾਭਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸ਼ਹਿਰਾਂ ਦੇ ਵਿਕਾਸ ਲਈ ਪੰਜਾਬ ਸਰਕਾਰ ਵੱਲੋਂ ਜਲਦ ਹੀ ਗਰਾਂਟਾਂ ਜਾਰੀ ਕੀਤੀਆਂ ਜਾਣਗੀਆਂ ਜਿਸ ਨਾਲ ਸ਼ਹਿਰਾਂ ਵਿੱਚ ਰਹਿੰਦੇ ਵਿਕਾਸ ਕਾਰਜਾਂ ਨੂੰ ਪੂਰਾ ਕੀਤਾ ਜਾਵੇਗਾ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਵੱਲੋਂ ਭਾਦਸੋ ਨਗਰ ਪੰਚਾਇਤ ਦੇ ਅਹੁਦੇਦਾਰਾਂ ਨੂੰ ਸਨਮਾਨ ਕਰਨਾ ਉਪਰੰਤ ਕੀਤਾ ਉਹਨਾਂ ਦੱਸਿਆ ਕਿ ਪਿਛਲੇ ਦਿਨੀ ਨਗਰ ਪੰਚਾਇਤ ਭਾਦਸੋਂ ਦੇ ਅਹੁਦੇਦਾਰਾਂ ਦੀ ਚੋਣ ਹੋਈ ਸੀ ਜਿਸ ਵਿੱਚ ਨਿਰਮਲਾ ਸੂਦ ਨੂੰ ਸਰਬਸੰਮਤੀ ਨਾਲ ਸੀਨੀਅਰ ਮੀਤ ਪ੍ਰਧਾਨ ਅਤੇ ਸਤਵਿੰਦਰ ਕੌਰ ਨੂੰ ਮੀਤ ਪ੍ਰਧਾਨ ਚੁਣਿਆ ਗਿਆ ਸੀ ਅੱਜ ਇੰਨਾਂ ਅਹੁਦੇਦਾਰਾਂ ਵੱਲੋਂ ਮੇਰੇ ਨਾਲ ਮੁਲਾਕਾਤ ਕੀਤੀ ਹੈ ਜਿਸ ਵਿੱਚ ਵਿਕਾਸ ਕਾਰਜਾਂ ਬਾਰੇ ਚਰਚਾ ਹੋਈ ਹੈ ਇਸ ਮੌਕੇ ਵਿਧਾਇਕ ਦੇਵ ਮਾਨ ਵੱਲੋਂ ਸ਼ੈਂਕੀ ਸਿੰਗਲਾਂ ਪ੍ਰਧਾਨ , ਸੋਨੂ ਸੂਦ , ਲਾਡੀ ਖੱਟੜਾ , ਕਮਲ ਭਾਦਸੋਂ , ਕੋਸਲਰ ਸਤਨਾਮ ਸਿੰਘ ,ਕੋਸਲਰ ਜੋਗਾ ਸਿੰਘ ਧੰਜੂ ਅਤੇ ਰਮੇਸ਼ ਕੁਮਾਰ ਗੁਪਤਾ ਦਾ ਸਨਮਾਨ ਕੀਤਾ ਗਿਆ।

# ਐਸ ਡੀ ਐਮ ਵਿਕਰਮਜੀਤ ਨੇ ਜੈਤੋ ਦਾ ਚਾਰਜ ਸੰਭਾਲਿਆ

**ਜੈਤੋਂ,1 ਮਾਰਚ/ਸੰਧੀਰ ਗਰਗ**
**-ਕੌਮੀ ਪੱਤ੍ਰਿਕਾ ਬਿਊਰੋ-**



ਵਧੀਕ ਡਿਪਟੀ ਕਮਿਸ਼ਨਰ ਐਸ ਡੀ ਐਮ ਜੈਤੋ ਵਿਕਰਮਜੀਤ ਚਾਰਜ ਸੰਭਾਲ ਲਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਲਾਈਆਂ ਜਾ ਰਹੀਆਂ ਸਰਕਾਰੀ ਯੋਜਨਾਵਾਂ ਅਤੇ ਵਿਕਾਸ ਕਾਰਜਾਂ ਨੂੰ ਪਾਰਦਰਸ਼ੀ, ਪ੍ਰਭਾਵਸ਼ਾਲੀ ਅਤੇ ਸਮੇਂ-ਸਿਰ ਲਾਗੂ ਕਰਨਾ ਉਨ੍ਹਾਂ ਦੀ ਪ੍ਰਾਥਮਿਕਤਾ ਰਹੇਗੀ। ਉਨ੍ਹਾਂ ਕਿਹਾ ਕਿ ਆਮ ਲੋਕਾਂ ਦੀਆਂ ਸਮੱਸਿਆਵਾਂ ਦਾ ਤੁਰੰਤ ਨਿਪਟਾਰਾ, ਸਰਕਾਰੀ ਸੇਵਾਵਾਂ ਦੀ ਸੁਚੱਜੀ ਡਿਲਵਰੀ ਅਤੇ ਦਫ਼ਤਰੀ ਕੰਮਕਾਜ ਵਿੱਚ ਪਾਰਦਰਸ਼ਿਤਾ ਨੂੰ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਪਸੀ ਤਾਲਮੇਲ ਨਾਲ ਟੀਮ ਵਰਕ ਦੇ ਅਧਾਰ 'ਤੇ ਕੰਮ ਕਰਨ ਦੇ ਨਿਰਦੇਸ਼ ਦਿੱਤੇ, ਤਾਂ ਜੋ ਲੋਕ-ਹਿਤੈਸ਼ੀ ਸਕੀਮਾਂ ਦਾ ਲਾਭ ਹਰ ਯੋਗ ਨਾਗਰਿਕ ਤੱਕ ਪਹੁੰਚ ਸਕੇ।ਐਸ ਡੀ ਐਮ ਵਿਕਰਮਜੀਤ ਨੇ ਕਿਹਾ ਕਿ ਸਰਕਾਰ ਦੀਆਂ ਨੀਤੀਆਂ ਅਨੁਸਾਰ ਸਬ ਡਵੀਜਨ ਜੈਤੋ ਦੇ ਸਰਵਪੱਖੀ ਵਿਕਾਸ ਲਈ ਪੂਰੀ ਤਨਦੇਹੀ ਨਾਲ ਕੰਮ ਕੀਤਾ ਜਾਵੇਗਾ ਅਤੇ ਲੋਕਾਂ ਨਾਲ ਸਿੱਧਾ ਸੰਪਰਕ ਬਣਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਸਮੇਂ-ਸਿਰ ਹੱਲ ਕੀਤਾ ਜਾਵੇਗਾ।

# ਇੰਗਲੈਂਡ ਦੀ ਸੰਗਤ ਦੇ ਸਹਿਯੋਗ ਨਾਲ 32ਵਾਂ ਮੁ਼ਫਤ ਲੈਂਜ ਕੈਂਪ 5-6 ਮਾਰਚ ਨੂੰ ਲੱਗੇਗਾ

**ਜੈਤੋਂ,1 ਮਾਰਚ/ਸੰਧੀਰ ਗਰਗ**
**-ਕੌਮੀ ਪੱਤ੍ਰਿਕਾ ਬਿਊਰੋ-**



ਪਰਮ ਪੂਜਨੀਕ ਬ੍ਰਹਮਲੀਨ 108 ਸੰਤ ਬਾਬਾ ਕਰਨੈਲ ਦਾਸ ਜੀ ਜਲਾਲ ਵਾਲਿਆਂ ਦੇ ਆਸ਼ੀਰਵਾਦ ਨਾਲ, ਸਵਾਮੀ ਬ੍ਰਹਮ ਮੁਨੀ ਜੀ ਸ਼ਾਸਤਰੀ ਜੀ ਦੀ ਰਹਿਨੁਮਾਈ ਵਿੱਚ ਅਤੇ U.K. ਸਿਟੀਜ਼ਨ ਜਸਵਿੰਦਰ ਸਿੰਘ ਢਿੱਲੋਂ, ਗੁਰਦੇਵ ਸਿੰਘ ਪੁਰੇਵਾਲ, ਪਰਮਿੰਦਰ ਕੌਰ ਪੁਰੇਵਾਲ (ਐਲ ਐਲ ਬੀ ਲਾਅ), ਹਰਨੇਕ ਸਿੰਘ ਧਾਲੀਵਾਲ, ਪਰਮਿੰਦਰ ਸਿੰਘ ਮਾਂਗਟ, ਬਲਵਿੰਦਰ ਸਿੰਘ ਚੌਹਾਨ, ਗੁਰਮੀਤ ਸਿੰਘ ਭੱਲਾ, ਭੁਪਿੰਦਰ ਪਾਲ ਸਿੰਘ ਭਮਰਾ, ਜੋਗਾ ਸਿੰਘ ਢਿੱਲੋਂ, ਹਰਮਿੰਦਰ ਸਿੰਘ ਦੂਹਰਾ, ਰਮਨ ਕੁਮਾਰ ਸ਼ਰਮਾ, ਜਸਪਾਲ ਸਿੰਘ ਭੱਲਾ, ਕੁਲਬੀਰ ਸਿੰਘ ਮੌਡੇਅਰ, ਪ੍ਰਵੀਨ ਕੁਮਾਰ ਮੈਨੀ ਜੀ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਦੇ ਸਹਿਯੋਗ ਨਾਲ 32ਵਾਂ ਅੱਖਾਂ ਦਾ ਮੁ਼ਫਤ ਲੈਂਜ ਕੈਂਪਮਾਤਾ ਅਮਰ ਕੌਰ ਵਿਵੇਕ ਚੈਰੀਟੇਬਲ ਸੋਸਾਇਟੀ (ਰਜਿ.)ਚੈਨਾ ਰੋਡ, ਜੈਤੋ ਵਿਖੇ ਵੀਰਵਾਰ ਅਤੇ ਸ਼ੁਕਰਵਾਰ - 5, ਤੇ 6 ਮਾਰਚ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਲਗਾਇਆ ਜਾਵੇਗਾ। ਇਸ ਕੈਂਪ ਵਿਚ ਅੱਖਾਂ ਦੇ ਸਪੈਸ਼ਲਿਸਟ ਡਾ. ਦੀਪਕ ਅਰੋੜਾ, ਡਾ. ਭੁਪਿੰਦਰਪਾਲ ਕੌਰ, ਡਾ. ਮੋਨਿਕਾ ਬਲਿਆਨ ਮਰੀਜਾਂ ਦਾ ਚੈੱਕ ਅੱਪ ਕਰਨਗੇ। ਸੰਤ ਰਿਸ਼ੀ ਰਾਮ ਜੀ ਜਲਾਲ ਵਾਲੇ ਪ੍ਰਧਾਨ ਮਾਤਾ ਅਮਰ ਕੌਰ ਵਿਵੇਕ ਚੈਰੀਟੇਬਲ ਸੁਸਾਇਟੀ ਨੇ ਦੱਸਿਆ ਕਿ ਸ਼ੂਗਰ ਅਤੇ ਦਿਲ ਦੇ ਮਰੀਜ਼ਾਂ ਨੂੰ ਸਿਰਫ ਅੱਖਾਂ ਦੀ ਦਵਾਈ ਮੁਫਤ ਦਿੱਤੀ ਜਾਵੇਗੀ ਅਤੇ ਉਹਨਾਂ ਨੂੰ ਆਪ੍ਰੇਸ਼ਨ ਲਈ ਦਾਖਿਲ ਨਹੀਂ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਲੋੜਵੰਦ ਮਰੀਜ਼ਾਂ ਦੇ ਮੁਫਤ ਲੈਂਜ ਪਾਏ ਜਾਣਗੇ। ਕੈਂਪ ਮੌਕੇ ਮਰੀਜ਼ ਆਪਣੇ ਨਾਲ ਇੱਕ ਵਾਰਸ ਨਾਲ ਲੈ ਕੇ ਆਉਣ ਤੇ ਮਰੀਜ਼ ਇਸ਼ਨਾਨ ਕਰਕੇ ਅਤੇ ਆਪਣੇ ਸਾਫ ਕੱਪੜੇ ਪਾ ਕੇ ਆਉਣ । ਇਸ ਕੈਂਪ ਦੌਰਾਨ ਮਰੀਜ਼ਾਂ ਅਤੇ ਵਾਰਿਸਾਂ ਦੇ ਰਹਿਣ ਅਤੇ ਲੰਗਰ ਦਾ ਪ੍ਰਬੰਧ ਸੋਸਾਇਟੀ ਵੱਲੋਂ ਕੀਤਾ ਜਾਵੇਗਾ। ਸੰਤ ਜੀ ਨੇ ਦੱਸਿਆ ਕਿ ਮਰੀਜ਼ ਆਪਣੇ ਅਧਾਰ ਕਾਰਡ ਦੀਆਂ 2 ਫੋਟੋ ਕਾਪੀਆਂ ਨਾਲ ਲੈ ਕੇ ਆਉਣ, ਇਸ ਤੋਂ ਬਿਨਾਂ ਅਪ੍ਰੇਸ਼ਨ ਨਹੀਂ ਕੀਤਾ ਜਾਵੇਗਾ।

# ਪੜ੍ਹਾਈ ਦੇ ਤਣਾਅ ਕਾਰਨ ਲੜਕੀ ਨੇ ਪੱਖੇ ਨਾਲ ਫਾਹਾ ਲੈ ਕੇ ਕੀਤੀ ਖੁਦਕੁਸ਼ੀ

**ਸਮਾਣਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਪਾਤੜਾਂ ਸ਼ਹਿਰ ਦੇ ਇੱਕ ਪੀ.ਜੀ. ਵਿੱਚ ਰਹਿ ਕੇ ਨਰਸਿੰਗ। ਦਾ ਕੋਰਸ ਕਰ ਰਹੀ ਇੱਕ 21 ਸਾਲਾ ਲੜਕੀ ਵੱਲੋਂ ਪੜ੍ਹਾਈ ਦੇ ਤਣਾਅ ਕਾਰਨ ਆਪਣੇ ਕਮਰੇ ਵਿੱਚ ਪੱਖੇ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਮ੍ਰਿਤਕਾ ਦੀ ਦੇਹ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਨਾ ਲਿਆਂਦਾ ਗਿਆ। ਮਾਮਲੇ ਦੀ ਜਾਣਕਾਰੀ ਦਿੰਦਿਆਂ ਸਿਟੀ ਪੁਲਿਸ ਪਾਤੜਾਂ ਦੇ ਜਾਂਚ ਅਧਿਕਾਰੀ ਏ.ਐੱਸ.ਆਈ. ਗੁਰਦੀਪ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਇੰਦਰਪ੍ਰੀਤ ਕੌਰ ਦੀ ਮਾਤਾ ਜੋਤੀ ਰਾਣੀ (ਨਿਵਾਸੀ ਪਟਿਆਲਾ) ਵੱਲੋਂ ਦਰਜ ਕਰਵਾਏ ਬਿਆਨਾਂ ਅਨੁਸਾਰ ਉਸਦੀ ਬੇਟੀ ।ਉਹ ਪਿਛਲੇ ਕਰੀਬ ਇੱਕ ਹਫ਼ਤੇ ਤੋਂ ਪਾਤੜਾਂ ਦੀ ਸੁੰਦਰ ਬਸਤੀ ਸਥਿਤ ਇੱਕ ਪੀ.ਜੀ. ਵਿੱਚ ਰਹਿ ਰਹੀ ਸੀ। ਮੰਗਲਵਾਰ ਰਾਤ ਕਰੀਬ 8 ਵਜੇ ਪੜ੍ਹਾਈ ਦੇ ਤਣਾਅ (ਟੈਨਸ਼ਨ) ਕਾਰਨ ਇੰਦਰਪ੍ਰੀਤ ਕੌਰ ਨੇ ਪੱਖੇ ਮੂਨਕ ਦੇ ਇੱਕ ਇੰਸਟੀਚਿਊਟ ਵਿੱਚ ਨਰਸਿੰਗ ਦਾ ਕੋਰਸ ਕਰ ਰਹੀ ਸੀ। ਨਾਲ ਫਾਹਾ ਲਗਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਅਧਿਕਾਰੀ ਅਨੁਸਾਰ, ਦਰਜ ਕਰਵਾਏ ਗਏ ਬਿਆਨਾਂ ਦੇ ਆਧਾਰ 'ਤੇ ਪੁਲਿਸ ਨੇ ਭਾਰਤੀ ਨਿਆ ਸੰਹਿਤਾ ਬੀ.ਐਨ.ਐਸ ਦੀ ਧਾਰਾ 194 ਤਹਿਤ ਕਾਰਵਾਈ ਕਰਦਿਆਂ, ਪੋਸਟਮਾਰਟਮ ਤੋਂ ਬਾਅਦ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਹੈ।

# ਵਣ, ਜੰਗਲੀ ਜੀਵ, ਜੰਗਲਾਤ ਨਿਗਮ ਵਿਭਾਗ ਵਿਚਲੇ ਡੇਲੀਵੇਜਿਜ਼ ਕਰਮੀਆਂ ਦੀਆਂ ਮੰਗਾਂ ਸਬੰਧੀ ਹੋਈ ਮੀਟਿੰਗ ਵਿੱਚ ਕਈ ਅਹਿਮ ਫੈਸਲੇ ਲਏ ਗਏ : ਦਰਸ਼ਨ ਲੁਬਾਣਾ

**ਪਟਿਆਲਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਨਾਲ ਵਣ, ਜੰਗਲੀ ਜੀਵ ਤੇ ਜੰਗਲਾਤ ਨਿਗਮ ਦੇ ਅਧਿਕਾਰੀਆਂ ਨਾਲ ਬੀਤੇ ਦਿਨੀ ਵਣ ਭਵਨ ਵਿਖੇ ਹੋਈ ਮੀਟਿੰਗ ਵਿੱਚ ਡੇਲੀਵੇਜਿਜ਼ ਕਰਮੀਆਂ ਦੀਆਂ ਇੱਕ ਦਰਜਨ ਤੋਂ ਵੀ ਵੱਧ ਮੰਗਾਂ ਤੇ ਮੀਟਿੰਗ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਵਿੱਚ ਵਿਭਾਗ ਦੇ ਜ਼ੋ ਅਧਿਕਾਰੀ ਸ਼ਾਮਲ ਹੋਏ, ਉਹਨਾਂ ਵਿੱਚ ਪ੍ਰਧਾਨ ਮੁੱਖ ਵਣ ਪਾਲ ਸ੍ਰੀ ਧਰਮਿੰਦਰ ਸ਼ਰਮਾ, ਆਈ.ਐਫ.ਐਸ., ਮਹਾਵੀਰ ਸਿੰਘ ਆਈ.ਐਫ.ਐਸ., ਮੈਨੇਜਿੰਗ ਡਾਇਰੈਕਟਰ ਜੰਗਲਾਤ ਨਿਗਮ ਤੇ ਮੁੱਖ ਵਾਰਡਨ ਸ੍ਰੀ ਬਸੰਤ ਰਾਜ ਕੁਮਾਰ ਆਈ.ਐਫ.ਐਸ. ਅਤੇ ਦਫ਼ਤਰੀ ਅਮਲਾ, ਯੂਨੀਅਨ ਵਲੋਂ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਸੂਰਜ ਪਾਲ ਯਾਦਵ, ਕੁਲਵਿੰਦਰ ਸਿੰਘ, ਤਰਲੋਚਨ ਗਿਰ ਮਾੜੂ, ਦਰਸ਼ਨ ਮੁਲੇਵਾਲ, ਤਰਲੋਚਨ ਮੰਡੋਲੀ, ਸੋਮ ਦੱਤ, ਗੁਰਮੇਲ ਸਿੰਘ ਬੰਮਣਾ, ਜ਼ਸਵੀਰ ਸਿੰਘ, ਨਿਸ਼ਾਨ ਸਿੰਘ, ਲਖਵੀਰ ਸਿੰਘ, ਸਤਨਾਮ ਸਿੰਘ, ਸੁਖਜੀਤ ਸਿੰਘ, ਗੁਰਜੀਤ ਸਿੰਘ, ਬਲਬੀਰ ਸਿੰਘ, ਕਰਨਵੀਰ ਸਿੰਘ ਆਦਿ ਹਾਜਰ ਸਨ। ਮੀਟਿੰਗ ਦੇ ਫੈਸਲਿਆਂ ਸਬੰਧੀ ਇੱਥੇ ਜਾਰੀ ਇੱਕ ਪ੍ਰੈਸ ਨੋਟ ਵਿੱਚ ਦਰਸ਼ਨ ਸਿੰਘ ਲੁਬਾਣਾ ਨੇ ਦੱਸਿਆ ਕਿ ਮੁੱਖ ਤੌਰ ਤੇ ਜੰਗਲਾਤ, ਜੰਗਲੀ ਜੀਵ ਤੇ ਜੰਗਲਾਤ ਵਿੱਚ ਰਹਿ ਗਏ ਡੇਲੀਵੇਜਿਜ਼ ਕਰਮੀਆਂ ਨੂੰ ਰੈਗੂਲਰ ਕਰਨ ਲਈ 519 ਕਾਮਿਆਂ ਦੀ ਫਾਇਲ ਬਣਾ ਕੇ ਸਰਕਾਰ ਨੂੰ ਭੇਜ਼ ਦਿੱਤੀ ਗਈ ਹੈ। ਪ੍ਰਵਾਨਗੀ ਪ੍ਰਾਪਤ ਹੋਣ ਤੇ ਵਣ ਮੰਡਲਾਂ ਨੂੰ ਸੂਚੀ ਜਾਰੀ ਕਰ ਦਿੱਤੀ ਜਾਵੇਗੀ। ਉੱਚ ਅਦਾਲਤਾਂ ਵਲੋਂ ਰੈਗੂਲਰ ਕਰਨ ਦਾ ਫੈਸਲਾ ਲਾਗੂ ਕੀਤਾ ਜਾ ਰਿਹਾ ਹੈ ਅਤੇ ਬਕਾਇਆ ਵੀ ਜਾਰੀ ਕੀਤਾ ਜਾ ਰਿਹਾ ਹੈ, ਰੈਗੂਲਰ ਹੋਏ ਕਰਮੀਆਂ ਨੂੰ ਗਰਮ ਤੇ ਠੰਡੀਆਂ ਵਰਦੀਆਂ ਦੇਣ ਲਈ ਬੱਜਟ ਦਿੱਤਾ ਜਾ ਰਿਹਾ ਹੈ, ਡੇਲੀਵੇਜਿਜ਼ ਕਾਮਿਆਂ ਨੂੰ ਵਰਦੀਆਂ ਦੇਣ ਦੇ ਉਪਰਾਲੇ ਕੀਤੇ ਜਾ ਰਹੇ ਹਨ, ਜੰਗਲਾਤ ਤੇ ਜੰਗਲੀ ਜੀਵ ਵਿਚਲੇ ਕਰਮੀਆ ਨੂੰ ਰਿਸਕ ਅਲਾਊਂਸ ਦੇਣ ਲਈ ਤਜਵੀਜ ਬਣਾਕੇ ਸਰਕਾਰ ਨੂੰ ਭੇਜੀ ਜਾਵੇਗੀ। ਰੈਗੂਲਰ ਹੋਏ ਕਰਮੀਆਂ ਨੂੰ ਮਲਟੀਟਾਸਕ ਦਾ ਅਹੁੱਦਾ ਬਦਲਕੇ ਬੇਲਦਾਰ ਲਿਖਿਆ ਜਾਵੇਗਾ ਤੇ ਸਭਨਾ ਦੇ ਪਹਿਚਾਨ ਕਾਰਡ ਬੇਲਦਾਰ ਦੇ ਆਹੁਦੇ ਤੇ ਬਣਾਏ ਜਾਣਗੇ। ਇਸ ਤਰ੍ਹਾਂ ਇਹਨਾਂ ਦੇ ਜੀ.ਪੀ.ਐਫ. ਦੀ ਕਟੌਤੀ ਲਈ ਸਪਸ਼ਟੀਕਰਨ ਸਰਕਾਰ ਪਾਸੋਂ ਮੰਗਿਆ ਜਾ ਰਿਹਾ ਹੈ। ਇਸ ਤਰ੍ਹਾਂ ਸਰਕਾਰ 2011 ਅਤੇ 2015 ਵਿੱਚ ਰੈਗੂਲਰ ਹੋਏ ਕਰਮੀਆਂ ਨੂੰ ਪਿਛਲੀ ਸੇਵਾ ਦਾ ਲਾਭ ਦੇਣ ਲਈ, ਸਰਕਾਰ ਨੂੰ ਲਿਖਿਆ ਜਾਵੇਗਾ। ਤਨਖਾਹਾਂ ਸਮੇਂ ਸਿਰ ਜਾਰੀ ਕਰਨ ਲਈ ਖੇਤਰੀ ਦਫਤਰਾਂ ਨੂੰ ਹਦਾਇਤਾਂ ਕੀਤੀਆਂ ਜਾਣਗੀਆਂ ਅਤੇ ਘੱਟੋ-ਘੱਟ ਉਜਰਤ ਅਨੁਸਾਰ ਉੱਚ ਸਿੱਖਿਆ ਕਾਮੇ ਨੂੰ ਵੱਧ ਤਨਖਾਹ ਦਿੱਤੇ ਜਾਣ ਦਾ ਫੈਸਲਾ ਕੀਤਾ ਗਿਆ, 15000/- ਪ੍ਰਤੀ ਮਹੀਨਾ ਉੱਕਾ ਪੁੱਕਾ ਤਨਖਾਹ ਵਿੱਚ ਰੈਗੂਲਰ ਕੀਤੇ ਕਾਮਿਆਂ ਨੂੰ ਉਹਨਾਂ ਤਨਖਾਹ ਸਕੇਲ ਦੇ ਘੇਰੇ ਵਿੱਚ ਲਿਆਉਣ ਲਈ ਯੂਨੀਅਨ ਤੋਂ ਵੱਖਰੇ ਤੌਰ ਤੇ ਮੈਮੋਰੰਡਮ ਦੇਣ ਲਈ ਕਿਹਾ ਗਿਆ ਤਾਂ ਜ਼ੋ ਸਰਕਾਰ ਨੂੰ ਸਿਫਾਰਸ਼ ਸਹਿਤ ਭੇਜਿਆ ਜਾ ਸਕੇ। ਵਡੇਰੀ ਉਮਰ ਵਿਚਲੇ ਕਾਮਿਆਂ ਨੂੰ ਕੰਮਾਂ ਤੋਂ ਫਾਰਗ ਨਾ ਕਰਨ ਤੇ ਖੇਤਰੀ ਅਧਿਕਾਰੀਆਂ ਤੋਂ ਕਾਰਨ ਪੁਛਿਆ ਜਾਵੇਗਾ। ਕਾਮਿਆਂ ਨੂੰ ਕਲੰਡਰ ਅਨੁਸਾਰ ਤਿਉਹਾਰੀ ਛੁੱਟੀਆਂ ਦੇਣ ਲਈ ਖੇਤਰੀ ਦਫਤਰਾਂ ਨੂੰ ਕਿਹਾ ਜਾਵੇਗਾ। ਈ.ਐਸ.ਆਈ. ਸਹੂਲਤਾਂ ਦੇਣ ਲਈ ਮੁੜ ਈ.ਐਸ.ਆਈ. ਵਿਭਾਗਾਂ ਨੂੰ ਲਿਖਿਆ ਜਾਵੇਗਾ। ਸੀਨੀਆਰਤਾ ਵਿੱਚ ਸ਼ਾਮਲ ਕਮੇਟੀ ਮੌਤ ਹੋਣ ਤੇ ਆਸ਼ਰਿਤ ਮੈਂਬਰਜ਼ ਨੂੰ ਕੰਮ ਰੱਖਣ ਸਬੰਧੀ ਵਣ ਮੰਡਲ ਅਧਿਕਾਰੀਆਂ ਨੂੰ ਕਿਹਾ ਜਾਵੇਗਾ ਆਦਿ ਆਦਿ ਮੰਗਾਂ ਸ਼ਾਮਲ ਸਨ।

# ਗੌਰਮਿੰਟ (ਸਟੇਟ) ਕਾਲਜ ਆਫ ਐਜੂਕੇਸ਼ਨ ਵਿਖੇ ਐਨ.ਐੱਸ.ਐੱਸ. ਕੈਂਪ ਦੌਰਾਨ ਵੋਟਰ ਜਾਗਰੂਕਤਾ ਕੈਂਪ ਦਾ ਆਯੋਜਨ



**ਪਟਿਆਲਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਗੌਰਮਿੰਟ (ਸਟੇਟ) ਕਾਲਜ ਆਫ ਐਜੂਕੇਸ਼ਨ, ਪਟਿਆਲਾ ਦੇ ਪ੍ਰਿੰਸੀਪਲ ਪ੍ਰੋ.ਫ਼ੈਸਰ ਡਾ. ਵਨੀਤਾ ਰਾਣੀ ਦੀ ਅਗਵਾਈ ਹੇਠ ਚੱਲ ਰਹੇ ਐਨ.ਐੱਸ.ਐੱਸ. ਕੈਂਪ ਦੌਰਾਨ ਵੋਟਰ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਡਾ. ਸਵਿੰਦਰ ਸਿੰਘ ਰੇਖੀ, ਜਿਲ੍ਹਾ ਨੋਡਲ ਅਫਸਰ ਸਵੀਪ ਪਟਿਆਲਾ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਰੇ ਯੋਗ ਵੋਟਰਾਂ ਨੂੰ ਬਿਨਾਂ ਕਿਸੇ ਡਰ ਅਤੇ ਭੇਦਭਾਵ ਦੇ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰਨਾਂ ਚਾਹੀਦਾ ਹੈ। ਉਨ੍ਹਾਂ ਨੇ ਸਾਰੇ ਯੋਗ ਵੋਟਰਾਂ ਨੂੰ ਆਪਣੇ ਆਪ ਨੂੰ ਵੋਟਰ ਵਜੋਂ ਰਜਿਸਟਰ ਕਰਨ ਦੀ ਅਪੀਲ ਕੀਤੀ, ਉਹਨਾਂ ਨੇ ਕਿਹਾ ਕਿ ਦੇਸ਼ ਦਾ ਵਿਕਾਸ ਤਾਂ ਹੀ ਸੰਭਵ ਹੈ ਜੇਕਰ ਸਾਰੇ ਜਿੰਮੇਵਾਰ ਨਾਗਰਿਕ ਵੋਟਰ ਬਣ ਕੇ ਵੱਧ ਤੋਂ ਵੱਧ ਮਤਦਾਨ ਕਰਨ। ਇਸ ਤੋਂ ਇਲਾਵਾ ਚੋਣ ਕਮਿਸ਼ਨ ਵਲੋਂ ਜਾਰੀ ਐਪਸ ਅਤੇ ਇੰਨਾਂ ਦੇ ਮਹੱਤਵ ਬਾਰੇ ਦੱਸਿਆ। ਪ੍ਰਿੰਸੀਪਲ ਪ੍ਰੋ.ਫ਼ੈਸਰ ਡਾ. ਵਨੀਤਾ ਰਾਣੀ ਨੇ ਅਪਣੇ ਸੰਬੋਧਨ ਵਿੱਚ ਲੋਕਤੰਤਰ ਦੀ ਮਜ਼ਬੂਤੀ ਲਈ ਕਾਲਜ ਦੇ ਵਿਦਿਆਰਥੀਆਂ ਨੂੰ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਸ਼੍ਰੀ ਰੁਪਿੰਦਰ ਸਿੰਘ, ਹਲਕਾ ਸਵੀਪ ਨੋਡਲ ਅਫਸਰ, ਪਟਿਆਲਾ 115 ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਵੋਟ ਦਾ ਅਧਿਕਾਰ ਲੱਖਾਂ ਸਵਤੰਤਰਤਾ ਸੰਗਰਾਮੀਆਂ ਦੇ ਸੰਘਰਸ਼ ਤੋ ਬਾਅਦ ਪ੍ਰਾਪਤ ਹੋਇਆ ਹੈ ਇਸ ਦੀ ਸਹੀ ਵਰਤੋਂ ਕਰਨਾ ਸਾਡਾ ਫਰਜ ਹੈ।

ਕਾਲਜ ਦੇ ਵਿਦਿਆਰਥੀਆਂ ਨੇ ਸਮਾਗਮ ਵਿੱਚ ਵੋਟਰ ਜਾਗਰੂਕਤਾ ਸਬੰਧੀ ਭਾਸ਼ਣ ਅਤੇ ਹੋਰ ਗਤੀਵਿਧੀਆਂ ਵਿੱਚ ਭਾਗ ਲਿਆ। ਮੰਚ ਸੰਚਲਣ ਐਨ.ਐੱਸ.ਐੱਸ. ਕੋਆਰਡੀਨੇਟਰ ਸਹਾਇਕ ਪ੍ਰੋਫੈਸਰ ਜਗਦੇਵ ਸਿੰਘ ਅਤੇ ਸਹਾਇਕ ਪ੍ਰੋਫੈਸਰ ਮੂਰਤੀ ਕੌਰ ਦੁਆਰਾ ਕੀਤਾ ਗਿਆ ।ਪ੍ਰੋ ਯਸ਼ਪ੍ਰੀਤ ਸਿੰਘ ਦੁਆਰਾ ਧੰਨਵਾਦੀ ਸ਼ਬਦ ਕਹੇ ਗਏ । ਇਸ ਮੌਕੇ ਤੇ ,ਸ਼੍ਰੀ ਮੋਹਿਤ ਕੌਸ਼ਲ ਸਹਾਇਕ ਸਵੀਪ ਨੋਡਲ ਅਫਸਰ,ਪ੍ਰੋ ਰਿਤੂ ਕਪੂਰ, ਕਾਲਜ ਪੀ.ਟੀ.ਏ ਮੈਂਬਰ ਆਦਿ ਹਾਜ਼ਰ ਸਨ।

# ਪੰਜਾਬੀ ਸਾਹਿਤ ਤੋਂ ਮੂੰਹ ਫੇਰਨਾ ਖ਼ੁਦ ਤੋਂ ਬੇਗਾਨਾ ਹੋਣਾ

## ਡਾ. ਗੁਰਮੀਤ ਸਿੰਘ ਬੈਦਵਾਣ

ਰੂਬਰੂ



• ਹਰਮੀਤ ਸਿੰਘ ਅਟਵਾਲ
98155-05287

ਡਾ. ਗੁਰਮੀਤ ਸਿੰਘ ਬੈਦਵਾਣ ਪੰਜਾਬੀ ਦੀ ਪੁਆਧੀ ਉਪ-ਭਾਸ਼ਾ ਦਾ ਇਕ ਅਜਿਹਾ ਹਸਤਾਖਰ ਹੈ ਜਿਸ ਦੀ ਕਲਮ ਜੋ ਕੁਝ ਵੀ ਸਿਰਜਦੀ ਹੈ ਉਹ ਅਕਸਰ ਗੁਣਾਤਮਕ ਹੁੰਦਾ ਹੈ। ਬਹੁਪੱਖੀ ਪ੍ਰਤਿਭਾ ਵਾਲਾ ਇਹ ਲਿਖਾਰੀ ਬੌਧਿਕ ਦੇ ਉਸ ਪੱਧਰ 'ਤੇ ਵਿਚਰਦਾ ਹੈ ਜਿੱਥੇ ਜਾ ਕੇ ਕਿਸੇ ਵੀ ਸੂਝਵਾਨ ਦੀ ਸੋਚ ਸਾਰਥਿਕਤਾ ਦੀ ਪ੍ਰਾਪਤੀ ਨਾਲ ਸਰਸ਼ਾਰ ਹੋ ਜਾਂਦੀ ਹੈ। ਅਜਿਹੀ ਹੰਸਮੁੱਖ ਸ਼ਖ਼ਸੀਅਤ ਨਾਲ ਜਦੋਂ ਵੀ ਅਸੀਂ ਸੰਵਾਦ ਰਚਾਇਆ ਹੈ ਉਸ ਵਿੱਚੋਂ ਬਹੁਤ ਕੁਝ ਅਰਥ ਭਰਪੂਰ ਪਾਇਆ ਹੈ। ਉਹ ਸਾਡਾ ਹੀ ਨਹੀਂ ਆਪਣੇ ਆਪ 'ਚ ਪਾਠਕਾਂ ਦਾ ਵੀ ਸਰਮਾਇਆ ਹੈ। ਉਸ ਨਾਲ ਰਚਾਏ ਸੰਵਾਦ ਦੇ ਕੁਝ ਅੰਸ਼ ਤੁਹਾਡੀ ਨਜ਼ਰ ਹਨ।

**• ਤੁਹਾਡਾ ਹੁਣ ਤਕ ਦਾ ਜੀਵਨ ਬਸਰ ਕਿਵੇਂ ਰਿਹਾ?**

ਮੇਰਾ ਜਨਮ 3 ਫ਼ਰਵਰੀ 1956 ਦਾ ਹੈ। ਮੈਂ ਪਟਿਆਲਾ ਰਿਆਸਤ ਦੇ ਪਿੰਡ ਬਾਸੀਆਂ ਬੈਦਵਾਣ (ਹੁਣ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ) ਦਾ ਜੰਮਪਲ ਹਾਂ। ਸ਼ਹਿਰਾਂ ਤੇ ਕਸਬਿਆਂ ਤੋਂ ਹਟਵਾਂ ਮੇਰਾ ਪਿੰਡ ਹਰ ਤਰ੍ਹਾਂ ਦੀ ਚਕਾਚੌਂਦ ਤੋਂ ਪਰੇ ਨਿਰੋਲ ਪੇਂਡੂ ਰੰਗਤ ਮਾਣਨ ਵਾਲਾ ਨਿਵੇਕਲੀ ਹੀ ਜੀਵਨ-ਸ਼ੈਲੀ ਵਾਲਾ ਪਿੰਡ ਹੈ। ਮੱਧ-ਸ਼੍ਰੇਣੀ ਕਿਸਾਨੀ ਪਰਿਵਾਰ 'ਚ ਰੁਕ-ਰੁਕ ਕੇ ਟਿਕ-ਟਿਕ ਕੇ ਬਸਰ ਹੁੰਦੀ ਰਹੀ ਹੈ ਜ਼ਿੰਦਗੀ। ਪਰਿਵਾਰ ਨਾਲ ਖੇਤੀਬਾੜੀ ਦਾ ਕੰਮ ਕਰਾਉਂਦਿਆਂ ਤੇ ਡੰਗਰ ਚਾਰਦਿਆਂ ਨਾਲ ਦੇ ਪਿੰਡ ਚੁੰਨੀ ਕਲਾਂ ਤੋਂ ਦਸਵੀਂ ਦੀ ਪ੍ਰੀਖਿਆ ਪਾਸ ਕੀਤੀ। ਮ੍ਰੈਟਿਕ ਪਾਸ ਕਰ ਕੇ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਕਲਰਕ ਦੀ ਨੌਕਰੀ ਮਿਲ ਗਈ। 1976 ਤੋਂ 2014 ਤਕ 38 ਸਾਲ ਇਸੇ ਦਫ਼ਤਰੀ ਸਰਵਿਸ ਦੌਰਾਨ ਅਗਲੇਰੀ ਪੜ੍ਹਾਈ ਵੀ ਜਾਰੀ ਰੱਖੀ। ਪ੍ਰੈਪ ਤੋਂ ਲੈ ਕੇ ਪੀਐੱਚਡੀ, ਯੂਜੀਸੀ ਤਕ ਇੱਥੇ ਹੀ ਪੜ੍ਹਾਈ ਪੂਰੀ ਕੀਤੀ ਅਤੇ ਬਤੌਰ ਸੁਪਰਡੈਂਟ ਸੇਵਾ ਮੁਕਤ ਹੋਇਆ।

**• ਸਰਵਿਸ ਦੌਰਾਨ ਤੁਹਾਡੀ ਪੜ੍ਹਾਈ ਤੇ ਸਾਹਿਤਕ ਸਫ਼ਰ ਕਿਵੇਂ ਨਿਭਿਆ?**

ਹਾਂ, ਮੈਨੂੰ ਪੜ੍ਹਨ ਦੀ ਚੇਟਕ ਤਾਂ ਮੇਰੇ ਸਕੂਲ ਦੇ ਮਾਣਯੋਗ ਅਧਿਆਪਕ ਸਾਹਿਬਾਨ ਨੇ ਹੀ ਲਗਾ ਦਿੱਤੀ ਸੀ ਪਰ ਘਰੇਲੂ ਹਾਲਾਤ ਕਾਰਨ ਨੌਕਰੀ ਕਰਨੀ ਪਈ ਤੇ ਮੈਂ ਪੜ੍ਹਾਈ ਵੀ ਜਾਰੀ ਰੱਖੀ। ਐੱਮਏ ਪੋਲੀਟੀਕਲ ਸਾਇੰਸ ਤੋਂ ਬਾਅਦ ਐੱਮਏ ਪੰਜਾਬੀ ਅਤੇ ਬੀਐੱਡ ਪਾਸ ਕਰ ਲਈ ਤਾਂ ਦਫ਼ਤਰ ਨੇ ਮੈਨੂੰ ਦਫ਼ਤਰ ਦੇ ਮਾਸਿਕ ਮੈਗਜ਼ੀਨ 'ਪ੍ਰਾਇਮਰੀ ਸਿੱਖਿਆ' ਦੇ ਸਹਾਇਕ ਸੰਪਾਦਕ ਦੀ ਜ਼ਿੰਮੇਵਾਰੀ ਸ਼ੌਂਪ ਦਿੱਤੀ। ਉੱਥੇ ਸੰਪਾਦਕੀ ਮੰਡਲ 'ਚ ਪ੍ਰੋ. ਜੋਗਾ ਸਿੰਘ ਤੇ ਸਰਬਜੀਤ ਬੇਦੀ ਤੇ ਹੋਰ ਸਾਹਿਤਕ ਸ਼ਖ਼ਸੀਅਤਾਂ ਡਾ. ਕਰਨੈਲ ਸਿੰਘ ਸੋਮਲ, ਡਾ. ਜਾਗੀਰ ਸਿੰਘ ਹੋਰਾਂ ਤੋਂ ਬਹੁਤ ਕੁਝ ਨਵਾਂ ਪੜ੍ਹਨ-ਲਿਖਣ ਦਾ ਬਲ ਮਿਲਿਆ। ਮੈਗਜ਼ੀਨ ਦੀ ਤਿਆਰੀ ਲਈ ਹੋਰਾਂ ਲੇਖਕਾਂ ਦੀਆਂ ਰਚਨਾਵਾਂ ਪੜ੍ਹਦਿਆਂ ਤੇ ਉਨ੍ਹਾਂ ਦੀ ਸੋਧ ਸੁਧਾਈ ਕਰਦਿਆਂ, ਆਪਣੇ ਜ਼ਿੰਮੇ ਲੱਗਾ ਸਾਹਿਤਕ ਕੰਮ ਮੇਰੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਬਣਿਆ।

**• ਤੁਸੀਂ ਆਪਣੇ ਤਰਜੀਹੀ ਖਿੱਤੇ ਪੁਆਧ ਅਤੇ ਪੁਆਧੀ ਸਾਹਿਤ ਬਾਰੇ ਕੀ ਕਹਿਣਾ ਚਾਹੋਗੇ?**

ਸਾਡਾ ਇਲਾਕਾ ਪੁਆਧ ਅਨੇਕਾਂ ਔਕੜਾਂ ਦੇ ਬਾਵਜੂਦ ਆਪਣੀ ਮਿਹਨਤ-ਮੁਸ਼ੱਕਤ ਸਦਕਾ ਸਤਿਯੁਗੀ ਸੁਭਾਅ ਵਿਚ ਆਨੰਦਿਤ ਰਿਹਾ ਹੈ। ਪੁਆਧੀਆਂ ਨੇ ਆਪਣੇ ਗੁਜ਼ਰ-ਬਸਰ ਵਾਸਤੇ, ਜ਼ਿੰਦਗੀ ਦੀ ਲੜਾਈ ਨੰਗੇ ਧੜ ਕਾਠ ਦੀ ਤਲਵਾਰ ਨਾਲ ਲੜੀ ਹੈ। ਪਾਣੀ ਦੀ ਘਾਟ ਕਰਕੇ ਪੈਦਾਵਾਰ ਘੱਟ ਹੁੰਦੀ ਰਹੀ ਹੈ। ਪੈਦਾਵਾਰ ਘੱਟ ਹੋਣ ਕਰਕੇ ਇਸ ਖਿੱਤੇ ਦਾ ਨਾਂ ਮੰਡੀਆਂ 'ਚ ਨਾ ਚਮਕ ਸਕਿਆ। ਆਰਥਿਕ ਤੰਗੀਆਂ ਦੇ ਮਾਰੇ ਲੋਕ ਚੀਨ, ਬਰਮਾ ਅਤੇ ਮਲਾਇਆ ਆਦਿ ਮੁਲਕਾਂ ਵੱਲ ਆਪਣੀ ਕਿਸਮਤ ਅਜਮਾਉਣ ਗਏ। ਇਨ੍ਹਾਂ ਵਿੱਚੋਂ ਕਈ ਵਾਪਸ ਮੁੜੇ ਅਤੇ ਕੁਝ ਹਾਰ-ਹੁੱਟ ਕੇ ਉਸੇ ਮਿੱਟੀ ਦੇ ਲੇਖੇ ਲੱਗ ਗਏ। ਆਮ ਲੋਕ ਇਥੇ ਹੀ ਸੁੱਕੀਆਂ ਬੰਜਰ ਜ਼ਮੀਨਾਂ ਵਿਚ ਮਿੱਟੀ ਨਾਲ ਮਿੱਟੀ ਹੁੰਦੇ ਰਹੇ। ਕੱਚੇ ਰਾਹਾਂ ਦੀ ਧੂੜ ਭਾੜਾ ਢੋਂਦੇ ਗੱਡਿਆਂ ਦੇ ਪਹੀਆਂ ਨਾਲ ਹੋਰ ਬਰੀਕ ਹੁੰਦੀ ਗਈ। ਮੁਲਕ ਦੇ ਰਹਿਬਰਾਂ ਦੀ ਬੇਰੁਖ਼ੀ ਕਾਰਨ ਪੁਆਧ ਦੇ ਨੈਣ-ਨਕਸ਼ ਉੱਘੜ ਨਾ ਸਕੇ। ਹੋਰ ਤਾਂ ਹੋਰ ਇਸ ਖਿੱਤੇ ਦੀ ਬੋਲੀ ਪੁਆਧੀ, ਜਿਸ ਨੂੰ ਪੰਜਾਬੀ ਦੀ ਉਪ-ਬੋਲੀ ਕਿਹਾ ਜਾਂਦਾ ਹੈ, ਪੁਆਧੀਆਂ ਵਾਂਗ ਹੀ ਤ੍ਰਿਸਕਾਰਿਆ ਜਾਂਦਾ ਰਿਹਾ। ਇਸ ਦੇ ਸਾਹਿਤ ਨੂੰ ਪੰਜਾਬੀ ਸਾਹਿਤ 'ਚ ਸਹੀ ਸਥਾਨ ਨਾ ਮਿਲਿਆ।

**• ਤੁਸੀਂ ਪੁਆਧੀ ਸਾਹਿਤ ਰਚਣ ਲਈ ਕਿਵੇਂ ਪ੍ਰੇਰਿਤ ਹੋਏ?**

ਪੁਆਧੀ ਪੰਜਾਬੀ ਸੱਥ ਮੋਹਾਲੀ ਵੱਲੋਂ 'ਪੁਆਧ ਦਰਪਣ' ਪੁਸਤਕ ਤਿਆਰ ਕੀਤੀ ਗਈ। ਇਸ ਪੁਸਤਕ ਵਿਚ ਟਕਸਾਲੀ ਭਾਸ਼ਾ ਵਾਲੇ ਹੋਰਨਾਂ ਆਰਟੀਕਲਾਂ ਤੋਂ ਇਲਾਵਾ ਮੇਰਾ ਇਕ ਲੇਖ ਪੁਆਧੀ ਭਾਸ਼ਾ ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਹ ਲੇਖ ਮੈਂ ਪੁਆਧੀ ਭਾਸ਼ਾ ਵਿਚ ਇਸ ਕਰਕੇ ਲਿਖਿਆ ਕਿਉਂਕਿ ਪਿੱਤਰੀ ਖਿੱਤੇ ਦੀ ਗੱਲ ਮਾਂ ਬੋਲੀ ਵਿਚ ਕਰਨੀ ਜ਼ਿਆਦਾ ਠੀਕ ਰਹਿੰਦੀ ਹੈ। ਇਸ ਪੁਸਤਕ ਦੇ ਰਿਲੀਜ਼ ਸਮਾਰੋਹ ਵਿਚ ਪ੍ਰਬੰਧਕਾਂ ਨੇ ਮੈਥੋਂ ਮੇਰਾ ਇਹ ਲੇਖ ਪੜ੍ਹਵਾਇਆ। ਘੱਟ ਗਿਣਤੀ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਸਮੇਤ ਸਾਰੇ ਹੀ ਹਾਜ਼ਰੀਨ ਨੇ ਇਸ ਲੇਖ ਦੀ ਭਰਪੂਰ ਸ਼ਲਾਘਾ ਕੀਤੀ। ਸਾਰਿਆਂ ਨੇ ਮੈਨੂੰ ਹੋਰ ਪੁਆਧੀ ਸਾਹਿਤ ਲਿਖਣ ਲਈ ਪ੍ਰੇਰਿਆ।

**• ਤੁਸੀਂ ਕਿਹੜੀਆਂ-ਕਿਹੜੀਆਂ ਪੁਸਤਕਾਂ ਰਚੀਆਂ ਤੇ ਉਨ੍ਹਾਂ 'ਚੋਂ ਪੁਆਧੀ ਖਿੱਤੇ ਤੇ ਪੁਆਧੀ ਭਾਸ਼ਾ ਵਿਚ ਕਿਹੜੀਆਂ-ਕਿਹੜੀਆਂ ਹਨ?**

ਮੇਰੀਆਂ ਹੁਣ ਤਕ ਕੁੱਲ 6 ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹਨ। ਜਿਨ੍ਹਾਂ 'ਚ 'ਨੈਣ ਵੀ ਰੰਗ ਦੇ ਮਨ ਵੀ ਰੰਗ ਦੇ' ( ਨੰਦ ਲਾਲ ਨੂਰਪੁਰੀ ਦੇ ਗੀਤ-ਕਾਵਿ ਦਾ ਅਧਿਐਨ), ਮਿੱਟੀ ਦਾ ਮੰਤਰ ( ਕਹਾਣੀ ਸੰਗ੍ਰਹਿ), ਸੂਰਜ ਦਾ ਸੁਨੇਹਾ ( ਬਾਲ-ਕਾਵਿ ਸੰਗ੍ਰਹਿ), ਪੁਆਧ ਦੇ ਗੈਲ ਗੈਲ (ਤਬਦੀਲੀਆਂ ਦੇ ਦੌਰ ਦਾ ਲੋਕ-ਜੀਵਨ) , ਰੰਗ ਪੁਆਧ ਕੇ ( ਤੀਜੀ ਛਪਤ ਆ ਚੁੱਕੀ ਹੈ ), ਭਗਤ ਆਸਾ ਰਾਮ ਜੀਵਨ ਤੇ ਰਚਨਾ ( ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਿਤ ਪ੍ਰਾਜੈਕਟ ), ਮੇਰੀ ਸੱਤਵੀਂ ਪੁਸਤਕ ਜਸਬੀਰ ਮੰਡ ਦੇ ਨਾਵਲ 'ਬੋਲ ਮਰਦਾਨਿਆ' ਦਾ ਅਲੋਚਨਾਤਮਕ ਅਧਿਐਨ ਹੁਣੇ ਛਪੀ ਹੈ।

**• ਤੁਹਾਡੀਆਂ ਹੋਰ ਸਾਹਿਤਕ ਸਰਗਰਮੀਆਂ ਤੇ ਮਾਣ ਸਨਮਾਨ?**

ਮੈਂ ਸਾਹਿਤ ਸੰਗਮ ਰਾਜਪੁਰਾ, ਸਾਹਿਤ ਸਭਾ ਡੇਰਾ ਬਸੀ, ਜ਼ਿਲ੍ਹਾ ਲਿਖਾਰੀ ਸਭਾ ਰੋਪੜ, ਸਾਹਿਤ ਸੰਗਮ ਜ਼ੀਰਕਪੁਰ, ਜ਼ਿਲ੍ਹਾ ਸਭਾ ਫ਼ਤਹਿਗੜ੍ਹ ਸਾਹਿਬ, ਨੌਜੁਆਨ ਸਾਹਿਤ ਸਭਾ ਮੋਹਾਲੀ, ਵਰਲਡ ਪੰਜਾਬੀ ਕਾਨਫਰੰਸ ਟਰਾਂਟੋ (ਕੈਨੇਡਾ) ਅਤੇ ਭਾਸ਼ਾ ਅਧਿਆਪਕਾਂ ਦੇ ਸੈਮੀਨਾਰ ਮੋਹਾਲੀ ਵਿਖੇ ਸਾਹਿਤ, ਭਾਸ਼ਾ ਅਤੇ ਸੱਭਿਆਚਾਰ ਬਾਰੇ ਆਪਣੇ ਬੋਲ ਸਾਂਝੇ ਕਰਦਾ ਰਿਹਾ ਹਾਂ। ਕੁਝ ਸੰਸਥਾਵਾਂ ਵੱਲੋਂ ਹੌਂਸਲਾ ਅਫਜਾਈ ਵੀ ਮਿਲੀ ਜਿਨ੍ਹਾਂ ਵਿਚ ਸੰਤ ਸਮਾਜ ਪਟਿਆਲਾ ਵੱਲੋਂ 'ਵਿਰਸਾ ਸੰਭਾਲ' ਪੁਰਸਕਾਰ ਮਈ 2010, ਪੰਜਾਬੀ ਸੱਥ ਲਾਂਬੜਾ ਵੱਲੋਂ 'ਰੰਗ ਪੁਆਧ ਕੇ' ਲਈ ਸੰਗਨ ਸਤਿਕਾਰ ਪੱਤਰ ਜੂਨ 2012। ਗੁਰਮਤਿ ਵਿਦਿਆਲਾ ਮਰਦਾਂਪੁਰ ਵੱਲੋਂ 'ਭਗਤ ਆਸਾ ਰਾਮ ਬੈਦਵਾਣ' ਪੁਰਸਕਾਰ ਫਰਵਰੀ 2014 ਤੋਂ ਇਲਾਵਾ ਪ੍ਰੋ. ਮੋਹਨ ਸਿੰਘ ਫਾਊਂਡੇਸ਼ਨ ਲੁਧਿਆਣਾ ਵੱਲੋਂ ਪ੍ਰੋ. ਮੋਹਨ ਸਿੰਘ ਅੰਤਰ-ਰਾਸ਼ਟਰੀ ਮੇਲੇ ਦੌਰਾਨ 'ਡਾ. ਮਹਿੰਦਰ ਸਿੰਘ ਯਾਦਗਾਰੀ ਪੁਰਸਕਾਰ' ਨਵੰਬਰ 2015 ਆਦਿ ਲਈ ਇਨ੍ਹਾਂ ਸੰਸਥਾਵਾਂ ਨੂੰ ਮੈਂ ਆਪਣਾ ਧੰਨਵਾਦ ਪੇਸ਼ ਕਰਦਾ ਹਾਂ।

**• ਪੰਜਾਬੀ ਸਾਹਿਤ ਦੇ ਪਾਠਕਾਂ ਨੂੰ ਕੋਈ ਸੰਦੇਸ਼?**

ਅਸਲ ਵਿਚ ਪਾਠਕ ਹੀ ਕਿਸੇ ਸਾਹਿਤਕ ਕਿਰਤ ਨੂੰ ਜਿਊਣ ਜੋਗੀ ਬਣਾਉਂਦੇ ਹਨ। ਹੁਣ ਜੇ ਪਾਠਕ ਹੀ ਕਿਰਤ ਨੂੰ ਮੂੰਹ ਨਾ ਲਾਉਣ ਤਾਂ ਕਿਰਤ ਦੀ ਉਮਰ ਛਿਣ-ਪਲ ਦੀ ਹੀ ਹੁੰਦੀ ਹੈ। ਪੰਜਾਬੀ ਸਾਹਿਤ ਦੇ ਪਾਠਕਾਂ ਦੀ ਗਿਣਤੀ ਦਿਨ-ਪ੍ਰਤੀ-ਦਿਨ ਘੱਟਦੀ ਜਾ ਰਹੀ ਹੈ। ਪਾਠਕਾਂ ਨੂੰ ਪੰਜਾਬੀ ਭਾਸ਼ਾ ਦਾ ਵਾਸਤਾ ਪਾ ਕੇ ਬੇਨਤੀ ਹੈ ਕਿ ਉਹ ਆਪਣੀ ਮਾਂ ਬੋਲੀ ਪੰਜਾਬੀ ਨੂੰ ਪੁਚਕਾਰਨ ਅਤੇ ਬਚਾਉਣ ਦਾ ਯਤਨ ਕਰਨ। ਇਹ ਠੀਕ ਹੈ ਕਿ ਇੰਟਰਨੈੱਟ ਬਹੁਤ ਸਾਰਾ ਗਿਆਨ ਮੁਹੱਈਆ ਕਰਵਾ ਰਿਹਾ ਹੈ ਪਰ ਪੰਜਾਬੀ ਸਾਹਿਤ ਤੋਂ ਮੂੰਹ ਫੇਰਨਾ ਆਪਣੇ ਆਪ ਤੋਂ ਹੀ ਬੇਗਾਨਾ ਹੋਣ ਦਾ ਸੰਕੇਤ ਹੈ। ਮਾਂ ਬੋਲੀ ਤੋਂ ਬਿਨਾਂ ਨਾ ਤਾਂ ਸਾਡੇ ਗਿਆਨ ਵਿਚ ਕੋਈ ਵਾਧਾ ਹੋ ਸਕਦਾ ਹੈ ਤੇ ਨਾ ਹੀ ਸਾਡੇ ਪੰਜਾਬੀ ਹੋਣ ਦੀ ਕੋਈ ਪਛਾਣ ਰਹਿਣੀ ਹੈ। ਸੋ ਚੰਗੀਆਂ ਰਚਨਾਵਾਂ ਪੜ੍ਹੋ ਤੇ ਹੋਰਨਾਂ ਨੂੰ ਪੰਜਾਬੀ ਸਾਹਿਤ ਪੜ੍ਹਨ ਦੀ ਚੇਟਕ ਲਾਉ। ਘਰਾਂ ਅੰਦਰ ਆਪਣੇ ਬੱਚਿਆਂ ਨਾਲ ਪੰਜਾਬੀ ਮਾਂ ਬੋਲੀ ਵਿਚ ਗੱਲਬਾਤ ਕਰੋ ਤਾਂ ਕਿ ਭਵਿੱਖ ਲਈ ਇਸ ਭਾਸ਼ਾ ਦੇ ਬੀਜ ਸੁਰੱਖਿਅਤ ਰਹਿ ਸਕਣ।

**• ਪਾਠਕਾਂ ਲਈ ਪੁਆਧੀ ਭਾਸ਼ਾ ਦਾ ਕੋਈ ਸਾਹਿਤਕ ਨਮੂਨਾ ਦਿਓਗੇ?**

-ਅਸਲ ਮਾ ਹਮੇਂ ਤਾਂ ਟਰਾਈਸਿਟੀ ਕੇ ਇਨ੍ਹਾਂ ਸੈਹਰਾਂ ਕੀ ਚਕਾਚੌਂਧ ਮਾ ਅਹੇ ਜੇ ਫਸੇ ਬਈ ਕਿਸੇ ਪਾਸੇ ਜੋਗੇ ਨੀਂ ਰਹੇ। ਮਹਿੰਗੇ ਬਰੈਂਡਡ ਕੱਪੜੇ ਅਰ ਜੁਤੀਆਂ ਨਿਆਣੇ ਜਦ ਘਰਾਂ ਨੂੰ ਲਿਆਮਾਂ ਤਾਂ ਲੱਠੇ ਕਾ ਕੁੜਤਾ ਚਾਦਰਾ ਲਾਉਣੇ ਆਲ਼ਾ ਤਾਇਆ ਕੁੰਭੜੇ ਤੇ ਲਿਆਣੀ ਬੀ ਧੌੜੀ ਕੀ ਜੁੱਤੀ ਪਾਈਂ ਖੜ੍ਹਿਆ ਨਿਆਣਿਆਂ ਕਨੀਂ ਐਂ ਦੇਖਾ ਜਿੱਤਰਾਂ ਗੱਡੇ ਹੇਠ ਤੇ ਬਲਦ ਨਿਕਲਗੇ ਹੋਆਂ ਅਰ ਗੱਡਾ ਉਲਲ਼ ਗਿਆ ਹੋਆ। ਬਜਾਰਾਂ ਮਾ ਤੇ ਲਿਆਣੀ ਬੀਆਂ ਖਾਣੇ ਆਲੀਆਂ ਚੀਜਾਂ ਕੇ ਤਾਂ ਮਾਨੂੰ ਨਾਊਂ ਬੀ ਨੀ ਆਂਦੇ। ਮ੍ਹਾਰੀ ਗੈਲ ਤਾਂ ਹਲੀ ਹੋਰ ਬੁਰੀ ਹੋਊਗੀ ਜੱਦਾ ਐੱਸ. ਵਾਈ.ਐੱਲ ਨੈਹਰ ਕਾ ਕੰਮ ਬੰਦ ਹੋਇਆ ਤਾਂ ਭੇਤੀ ਹੋਣੇ ਕਰਕੈ ਬੇਹਲੀਆਂ ਹੋਈਆਂ ਬੀਆਂ ਕਾਮਿਆਂ ਦੀ ਟੋਲੀਆਂ ਮ੍ਹਾਰੇ ਲਾੱਕੇ ਕੇ ਗਰੌਆਂ ਮਾ ਕੰਮ ਕਰਨ ਲੱਗ ਗੀਆਂ। ਲੋਕਾਂ ਨੂੰ ਏਨਾ ਦਾ ਏਹਾ ਜਾ ਸੁਖ ਪਿਆ ਬਈ ਮ੍ਹਾਰੇ ਲੋਕ ਕੰਮ ਕਰਨਾ ਈ ਛੱਡਗੇ। ਇਨ੍ਹਾਂ ਨੈਂ ਮ੍ਹਾਰੇ ਲੋਕਾਂ ਨੂੰ ਕਾਬੂ ਕਰ ਲਿਆ। ਕਈਆਂ ਕੀਆਂ ਮੋਟਰਾਂ ਪਰ ਕਈਆਂ ਕੇ ਘਰਾਂ ਮਾ ਨੌਕਰ ਪੱਕੇ ਤੌਰ 'ਤੇ ਰੈਹਣ ਲੱਗਗੇ। ਨੌਕਰ ਖੇਤਾਂ ਕੇ ਕੰਮਾਂ ਤੇ ਬਿਨਾਂ ਮ੍ਹੈਸਾਂ ਬੀ ਚੋਣ ਲੱਗਗੇ, ਰਸੋਈ ਕਾ ਕੰਮ ਵੀ ਕਰਨ ਲਗਗੇ, ਟਰੈਕਟਰ ਬੀ ਚਲਾਣ ਲਗਗੇ ਅਕੇ ਕਈ ਨੌਕਰ ਤਾਂ ਘਰਾਂ ਦੇ ਲਾਣੇਦਾਰ ਬੀ ਬਣਗੇ। ਘਰ ਮਾ ਪੂਰਬੀਆ ਰੱਖਣਾ ਆਪਣੀ ਸ਼ਾਨ ਕਾ ਪ੍ਰਤੀਕ ਸਮਝਿਆ ਜਾਣ ਲੱਗਿਆ। ਇਨ੍ਹਾਂ ਦੇ ਕਲਚਰ ਮ੍ਹਾਰੇ ਗਰੌਆਂ ਕੀਆਂ ਤੀਮੀਆਂ ਦੇ ਗਿੱਧਿਆਂ ਪਰ ਬੀ ਅਸਰ ਹੋਣ ਲੱਗ ਪਿਆ :

ਬਾਰੀ ਬਰਸੀ ਖੱਟਣ ਗਿਆ ਤਾ
ਖੱਟ ਕੈ ਲਿਆਇਆ ਪਰਨਾ
ਮੈਂ ਪੂਰਬੀਆ ਨੌਕਰ ਕਰਨਾ। •

**• ਮੌਜੂਦਾ ਸਾਹਿਤ ਦੀ ਹਾਲਤ ਬਾਰੇ ਕੁਝ ਚਾਨਣਾ ਪਾਓ।**

- ਅਜੋਕੇ ਸਮੇਂ ਉਸਾਰੂ ਸਾਹਿਤ ਦੀ ਘਾਟ ਰੜਕਦੀ ਹੈ। ਕੁਝ ਸਾਹਿਤਕਾਰ ਚਿੰਤਾ ਵਿਚ ਹਨ। ਉਨ੍ਹਾਂ ਨੂੰ ਚਿੰਤਾ ਤੋਂ ਅੱਗੇ ਚਿੰਤਨ ਕਰਨ ਵਾਲੇ ਪਾਸੇ ਤੁਰਨਾ ਚਾਹੀਦਾ ਹੈ। ਕਈ ਸਾਹਿਤਕਾਰ ਬੇਬਾਕੀ ਨਾਲ ਆਪਣੀ ਗੱਲ ਕਹਿ ਵੀ ਜਾਂਦੇ ਹਨ, ਅਜਿਹਾ ਸਾਹਿਤ ਸਮਾਜ ਦੀ ਪਹਿਰੇਦਾਰੀ ਕਰਦਾ ਪ੍ਰਤੀਤ ਹੁੰਦਾ ਹੈ। ਜਲਦੀ-ਜਲਦੀ ਲੇਖਕ ਬਣਨਾ ਤੇ ਆਪਣੀ ਮਸ਼ਹੂਰੀ ਲਈ ਬੇਸਿਰ ਪੈਰ ਲਿਖੀ ਜਾਣਾ ਸਾਹਿਤਕ ਪ੍ਰਦੂਸ਼ਣ ਦਾ ਕਾਰਨ ਬਣਦਾ ਹੈ।



ਪੁਆਧੀਆਂ ਨੇ ਆਪਣੇ ਗੁਜ਼ਰ-ਬਸਰ ਵਾਸਤੇ, ਜ਼ਿੰਦਗੀ ਦੀ ਲੜਾਈ ਨੰਗੇ ਧੜ ਕਾਠ ਦੀ ਤਲਵਾਰ ਨਾਲ ਲੜੀ ਹੈ ਅਤੇ ਉਹ ਸਤਿਯੁਗੀ ਸੁਭਾਅ ਦੇ ਹਨ...

---

# ਮੋਬਾਈਲ ਫੋਨ ਤੇ ਅਜੋਕਾ ਮਨੁੱਖ

• ਦਰਸ਼ਨ ਸਿੰਘ ਬਾਲੀਆਂ
7837171718


ਕੁਝ ਹੀ ਸਾਲਾਂ ਵਿਚ ਮੋਬਾਈਲ ਫੋਨ ਸਾਡੀ ਵੱਡੀ ਕਮਜ਼ੋਰੀ ਬਣ ਗਿਆ ਹੈ। ਮੋਬਾਇਲ ਫੋਨ ਸਾਡੇ ਲਈ ਸੁੱਖ ਸਹੂਲਤ ਦਾ ਇਕ ਸਾਧਨ ਬਣਦਾ ਜਾ ਰਿਹਾ ਹੈ। ਇੰਟਰਨੈੱਟ, ਅਪਡੇਟਿਡ ਇਨਫਰਮੇਸ਼ਨ, ਨਵੀਆਂ ਐਪਸ ਸਾਡੇ ਲਈ ਲਾਭਕਾਰੀ ਬਣਦੀਆਂ ਜਾ ਰਹੀਆਂ ਹਨ। ਅਜੋਕਾ ਮਨੁੱਖ ਖਾਣ ਪੀਣ ਬਿਨਾਂ ਰਹਿ ਸਕਦਾ ਹੈ ਪਰ ਮੋਬਾਈਲ ਫੋਨ ਇਸ ਲਈ ਵੱਡੀ ਕਮਜ਼ੋਰੀ ਬਣਦਾ ਜਾ ਰਿਹਾ ਹੈ।

ਇਕੱਲੇ ਮੋਬਾਈਲ ਫੋਨ ਨੇ ਹੀ ਸਾਨੂੰ ਬਹੁਤ ਸਹੂਲਤਾਂ ਦੇ ਦਿੱਤੀਆਂ ਹਨ। ਗੀਤ-ਸੰਗੀਤ, ਫਿਲਮਾਂ, ਫੇਸਬੁੱਕ, ਵੱਟਸਐੱਪ , ਅਪਡੇਟਿਡ ਜਾਣਕਾਰੀ, ਖ਼ਬਰਾਂ, ਇੰਟਰਨੈੱਟ, ਗੇਮਜ਼ ਆਦਿ ਸਹੂਲਤਾਂ ਇਕੱਲੇ ਮੋਬਾਇਲ ਫੋਨ ਨੇ ਹੀ ਸਾਨੂੰ ਦੇ ਦਿੱਤੀਆਂ ਹਨ। ਅਜੋਕਾ ਮਨੁੱਖ ਜੇ ਇਕ ਪਲ ਲਈ ਵੀ ਵਿਹਲਾ ਹੈ ਤਾਂ ਉਹ ਆਪਣੇ ਫੋਨ 'ਤੇ ਵਿਅਸਥ ਹੋ ਜਾਂਦਾ ਹੈ। ਨਵੇਂ ਸਾਲ, ਜਨਮ ਦਿਨ, ਵਿਆਹ ਜਾਂ ਤਿਉਹਾਰਾਂ ਮੌਕੇ ਕੋਈ ਕਾਰਡ ਨਹੀਂ ਭੇਜੇ ਜਾਂਦੇ। ਸਭ ਸੁਨੇਹੇ-ਵਧਾਈਆਂ ਹੁਣ ਕਾਪੀ-ਪੇਸਟ ਹੀ ਬਣਦੀਆਂ ਜਾ ਰਹੀਆਂ ਹਨ। ਡਿਊਟੀ-ਕੰਮ 'ਤੇ ਜਾਂਦੇ ਵਕਤ ਜੇ ਕੋਈ ਆਪਣਾ ਫੋਨ ਘਰ ਭੁੱਲ ਜਾਵੇ ਤਾਂ ਸਾਰਾ ਦਿਨ ਇਕ ਅਜੀਬ ਮਾਨਸਿਕ ਤਣਾਅ ਰਹਿੰਦਾ ਹੈ। ਹਾਲਾਤ ਹੋਰ ਵੀ ਵੱਖਰੇ ਬਣ ਜਾਂਦੇ ਹਨ ਜਦੋਂ ਕੋਈ ਕਾਲ ਜਾਂ ਮੈਸੇਜ ਦਾ ਜਵਾਬ ਨਹੀਂ ਮਿਲ ਰਿਹਾ ਹੁੰਦਾ। ਉਹ ਵਿਅਕਤੀ ਵੀ ਫ਼ਿਕਰਮੰਦ ਹੋਣ ਲਗਦਾ ਹੈ। ਕਈ ਵਾਰ ਤਾਂ ਸ਼ੱਕ ਵੀ ਹੋਣ ਲੱਗਦਾ ਹੈ ਕਿ ਜਾਣਬੁੱਝ ਕੇ ਹੀ ਅਗਲਾ ਜਵਾਬ ਨਹੀਂ ਦੇਣਾ ਚਾਹੁੰਦਾ। ਅਸਲੀਅਤ ਇਹ ਵੀ ਹੈ ਕਿ ਇਸ ਨੇ ਸਾਨੂੰ ਝੂਠ ਬੋਲਣ ਵੀ ਲਗਾਇਆ ਹੈ। ਕੋਈ ਹੁੰਦਾ ਕਿਤੇ ਹੋਰ ਹੈ ਪਰ ਦੱਸਦਾ ਕਿਤੇ ਹੋਰ ਹੈ। ਸਫ਼ਰ ਸਮੇਂ ਵੀ ਪਹੁੰਚੇ ਕਿਤੇ ਹੋਰ ਹੁੰਦੇ ਹਾਂ ਅਤੇ ਦੱਸਦੇ ਬਹੁਤ ਨਜ਼ਦੀਕ ਹਾਂ। ਸਾਡੇ 'ਦੋ ਮਿੰਟ' ਹੀ ਹੋਣ ਵਿਚ ਨਹੀਂ ਆਉਂਦੇ। ਸਰਵਜਨਕ ਸਾਧਨਾਂ 'ਤੇ ਸਫ਼ਰ ਦੌਰਾਨ ਪਤਾ ਨਹੀਂ ਕੌਣ ਚੜ੍ਹਿਆ ਜਾਂ ਉਤਰਿਆ। ਸਭ ਆਪੋ-ਆਪਣੀ ਦੁਨੀਆ 'ਚ ਵੜੇ ਹੁੰਦੇ ਹਨ। ਕੋਈ ਸਮਾਂ ਹੁੰਦਾ ਸੀ ਸਫ਼ਰ ਦੌਰਾਨ ਮਿਲਿਆ ਕੋਈ ਅਣਜਾਣ ਵਿਅਕਤੀ ਦੂਰ-ਦੁਰਾਡੇ ਦਾ ਰਿਸ਼ਤੇਦਾਰ ਨਿਕਲ ਆਉਂਦਾ ਸੀ। ਘਰ ਆਉਣ ਦਾ ਸੱਦਾ ਤਕ ਦੇ ਦਿੱਤਾ ਜਾਂਦਾ ਸੀ। ਅੱਜ ਦਾ ਮਨੁੱਖ ਆਪਣੇ ਰੁਝੇਵਿਆਂ ਕਾਰਨ ਘੱਟ, ਮੋਬਾਈਲ ਕਾਰਨ ਜ਼ਿਆਦਾ ਮਸ਼ਰੂਫ ਹੈ। ਜੇ ਕਿਸੇ ਕੋਲ ਵਿਹਲ ਹੈ ਤਾਂ ਉਹ ਮੋਬਾਈਲ ਖਾ ਗਿਆ ਹੈ।

ਮੋਬਾਈਲ ਫੋਨ ਨੇ ਅਨੇਕਾਂ ਕਿੱਤੇ, ਧੰਦੇ ਅਤੇ ਦੁਕਾਨਦਾਰੀਆਂ ਬੰਦ ਕਰਵਾ ਦਿੱਤੀਆਂ ਹਨ। ਘੜੀ, ਕੈਲਕੂਲੇਟਰ, ਕੈਮਰਾ ,ਰੇਡੀਓ, ਟੇਪ-ਰਿਕਾਰਡਰ, ਟੈਲੀਵਿਜ਼ਨ, ਲੈਂਡ-ਲਾਈਨ ਫੋਨ, ਪਲੇਅ ਸਟੇਸ਼ਨ, ਐੱਸ.ਟੀ.ਡੀ. ਆਦਿ ਦੇ ਦੁਕਾਨਦਾਰਾਂ ਨੇ ਨਵੇਂ ਕਿੱਤੇ ਅਪਣਾ ਲਏ ਆਪਣੀਆਂ ਦੁਕਾਨਾਂ ਵਿਚ ਨਵਾਂ ਸਾਮਾਨ ਰੱਖ ਲਿਆ। ਸਭ ਤੋਂ ਘਾਤਕ ਨੁਕਸਾਨ 'ਬਚਪਨ' ਦਾ ਹੋ ਰਿਹਾ ਹੈ। ਬੱਚੇ ਨਵੀਆਂ-ਨਵੀਆਂ ਗੇਮਜ਼ ਰਾਹੀਂ ਆਪਣੇ ਖੇਡਣ-ਕੁੱਦਣ ਦੀ ਬਜਾਏ ਮੋਬਾਈਲ ਫੋਨ 'ਤੇ ਹੀ ਮਨ ਪ੍ਰਚਾਉਣਾ ਵਧੀਆ ਸਮਝਦੇ ਹਨ। ਨਵੀਂ ਪੀੜ੍ਹੀ ਲਈ ਪਰੋਸੀਆਂ ਜਾ ਰਹੀਆਂ ਇਹ ਗੇਮਜ਼ ਇਨ੍ਹਾਂ ਨੂੰ ਮੌਤ ਤਕ ਵੀ ਲਿਜਾ ਰਹੀਆਂ ਹਨ। ਕੰਨਾਂ ਵਿਚ ਈਅਰ-ਫੋਨ ਲਗਾ ਕੇ ਸੜਕ ਜਾਂ ਬਾਜ਼ਾਰ 'ਚ ਚੱਲਣਾ ਜਾਂ ਦੋ ਪਹੀਆ ਵਾਹਨ ਚਲਾਉਣ ਕਾਰਨ ਅਨੇਕਾਂ ਨੌਜਵਾਨਾਂ ਦਰਦਨਾਕ ਦੁਰਘਟਨਾਵਾਂ ਦਾ ਸ਼ਿਕਾਰ ਹੋਏ ਹਨ।

ਮਨੁੱਖ ਵਿਗਿਆਨਕ ਤਰੱਕੀਆਂ ਕਰ ਰਿਹਾ ਹੈ ਤਾਂ ਜੋ ਜੀਵਨ ਸੌਖਾ ਹੋ ਸਕੇ ਪਰ ਅਸੀਂ ਉਨ੍ਹਾਂ ਸਹੂਲਤਾਂ ਵਿਚ ਉਲਝਦੇ ਜਾ ਰਹੇ ਹਾਂ ਅਤੇ ਇਹ ਸਾਡੀਆਂ ਕਮਜ਼ੋਰੀਆਂ ਬਣਦੀਆਂ ਜਾ ਰਹੀਆਂ ਹਨ। ਪਰਿਵਾਰ ਵਿਚ ਬੈਠੇ ਵੀ ਇਕ-ਦੂਜੇ ਨਾਲ ਗੱਲ ਨਹੀਂ ਹੋ ਰਹੀ ਹੁੰਦੀ ਸਗੋਂ ਸਭ ਆਪੋ-ਆਪਣੇ ਫੋਨ 'ਚ ਹੀ ਰੁੱਝੇ ਹੁੰਦੇ ਹਾਂ। ਜ਼ਿੰਦਗੀ ਸਿਰਫ਼ ਫੇਸਬੁੱਕ, ਵ੍ਹੱਟਸਐੱਪ, ਇੰਟਰਨੈੱਟ, ਗੇਮਜ਼ ਆਦਿ ਹੀ ਨਹੀਂ ਹੈ। ਪਰਿਵਾਰਕ, ਸਮਾਜਿਕ ਅਤੇ ਭਾਈਚਾਰਕ ਰਿਸ਼ਤੇ ਵੀ ਸਮਾਂ ਮੰਗਦੇ ਹਨ। •

ਮੋਬਾਈਲ ਨਾਲ ਸਭ ਤੋਂ ਘਾਤਕ ਨੁਕਸਾਨ ਬੱਚਿਆਂ ਦਾ ਹੋ ਰਿਹਾ ਹੈ। ਉਹ ਖੇਡਣ-ਕੁੱਦਣ ਦੀ ਬਜਾਏ ਮੋਬਾਈਲ ਫੋਨ 'ਤੇ ਹੀ ਮਨ ਪ੍ਰਚਾਉਣਾ ਵਧੀਆ ਸਮਝਦੇ ਹਨ। ਮੋਬਾਈਲ ਗੇਮਜ਼ ਉਨ੍ਹਾਂ ਨੂੰ ਮੌਤ ਤਕ ਵੀ ਲਿਜਾ ਰਹੀਆਂ ਹਨ...



---

# ਹੱਸਦਿਆਂ ਦੇ ਘਰ ਵੱਸਦੇ



• ਡਾ. ਨਿਸ਼ਾਨ ਸਿੰਘ ਰਾਠੌਰ
075892-33437

ਮਨੁੱਖ ਦਾ ਜੀਵਨ ਕਈ ਰੰਗਾਂ-ਰੁੱਤਾਂ ਵਿੱਚੋਂ ਲੰਘਦਾ ਹੈ। ਹਰ ਰੰਗ-ਰੁੱਤ ਦਾ ਵੱਖਰਾ ਹੀ ਆਨੰਦ ਹੁੰਦਾ ਹੈ । ਕੁਝ ਲੋਕ ਇਨ੍ਹਾਂ ਦਾ ਭਰਪੂਰ ਲੁਤਫ਼ ਲੈਂਦੇ ਹਨ ਅਤੇ ਕੁਝ ਜ਼ਿੰਦਗੀ ਦੀਆਂ ਤੰਗੀਆਂ-ਤੁਰਸ਼ੀਆਂ ਨੂੰ ਆਪਣੇ ਨਿੱਤ ਦੇ ਕਾਰ-ਵਿਹਾਰ ਦਾ ਅੰਗ ਬਣਾ ਕੇ, ਦੁੱਖ ਭੋਗਦੇ ਰਹਿੰਦੇ ਹਨ/ ਦੁਖੀ ਹੁੰਦੇ ਰਹਿੰਦੇ ਹਨ।

ਹੱਸਣਾ-ਖੇਡਣਾ ਮਨੁੱਖੀ ਮਨ ਦੀ ਸਭ ਤੋਂ ਕੋਮਲ ਸੰਵੇਦਨਾ ਮੰਨੀ ਜਾਂਦੀ ਹੈ। ਇਸ ਸੰਵੇਦਨਾ ਦਾ ਜਿੱਥੇ ਸਰੀਰਕ ਤੰਦਰੁਸਤੀ ਨਾਲ ਸਬੰਧ ਮੰਨਿਆ ਜਾਂਦਾ ਹੈ ਉੱਥੇ ਹੀ ਮਾਨਸਿਕ ਸਕੂਨ ਵੀ ਪ੍ਰਾਪਤ ਹੁੰਦਾ ਹੈ। ਇਸ ਕਰ ਕੇ ਯੋਗ ਵਿਚ ਹੱਸਣ ਦਾ ਆਸਣ ਸ਼ਾਮਲ ਕੀਤਾ ਗਿਆ ਹੈ। ਸਵੇਰੇ-ਸ਼ਾਮ ਯੋਗ ਕਰਨ ਵਾਲੇ ਲੋਕ ਉੱਚੀ-ਉੱਚੀ ਹੱਸ ਕੇ ਮਾਨਸਿਕ ਸਕੂਨ ਪ੍ਰਾਪਤ ਕਰਨ ਦਾ ਯਤਨ ਕਰਦੇ ਹਨ।

ਅਜੋਕਾ ਸਮਾਂ ਪਰੇਸ਼ਾਨੀਆਂ ਦਾ ਸਮਾਂ ਹੈ। ਮਨੁੱਖ ਆਪਣੇ ਰੋਜ਼ਾਨਾ ਦੇ ਕੰਮਾਂਕਾਰਾਂ ਤੋਂ ਕੁਝ ਸਮੇਂ ਲਈ ਰਾਹਤ ਚਾਹੁੰਦਾ ਹੈ ਤਾਂ ਕਿ ਸਕੂਨ ਦਾ ਸਮਾਂ ਮਿਲ ਸਕੇ। ਸ਼ਹਿਰਾਂ ਵਿਚ ਰਹਿੰਦੇ ਬਹੁਤ ਸਾਰੇ ਲੋਕ ਸਕੂਨ ਭਾਲਣ ਆਪਣੇ ਘਰਾਂ/ ਪਿੰਡਾਂ ਨੂੰ ਜਾਂਦੇ ਹਨ। ਹੱਸਣਾ-ਖੇਡਣਾ ਵੱਸਦੇ ਘਰਾਂ ਦੀ ਨਿਸ਼ਾਨੀ ਹੈ। ਉਨ੍ਹਾਂ ਘਰਾਂ ਦੇ ਲੋਕ ਵੱਧ ਖ਼ੁਸ਼ ਅਤੇ ਤੰਦਰੁਸਤ ਹੁੰਦੇ ਹਨ ਜਿੱਥੇ ਹਾਸਾ- ਠੱਠਾ ਹੁੰਦਾ ਹੈ। ਲੋਕਾਂ ਵਿਚ ਆਪਸੀ ਪ੍ਰੇਮ-ਪਿਆਰ ਦੀ ਭਾਵਨਾ ਪ੍ਰਬਲ ਰੂਪ ਵਿਚ ਵਿਦਮਾਨ ਹੁੰਦੀ ਹੈ। ਅਜਿਹੇ ਘਰ ਕਿਸੇ ਸਵਰਗ ਨਾਲੋਂ ਘੱਟ ਨਹੀਂ ਹੁੰਦੇ। ਪੰਜਾਬੀ ਸਾਹਿਤ ਵਿਚ ਆਮ ਹੀ ਇਹ ਅਖਾਣ ਬੋਲਿਆ ਜਾਂਦਾ ਹੈ 'ਹੱਸਦਿਆਂ ਦੇ ਘਰ ਵੱਸਦੇ' ਇਹ ਅਖਾਣ ਆਪਣੀ ਮਹੱਤਤਾ ਦਾ ਬਖ਼ਿਆਨ ਆਪ ਹੀ ਕਰ ਰਿਹਾ ਹੈ। ਉਨ੍ਹਾਂ ਲੋਕਾਂ ਦੇ ਘਰਾਂ ਵਿਚ ਰੌਣਕ ਹੁੰਦੀ ਹੈ/ ਹਾਸੇ ਹੁੰਦੇ ਹਨ/ ਖ਼ੁਸ਼ੀਆਂ ਹੁੰਦੀਆਂ ਹਨ ਜਿੱਥੇ ਹਾਸੇ ਹੁੰਦੇ ਹਨ। ਪਰ! ਅਫ਼ਸੋਸ ਅੱਜ ਕੱਲ੍ਹ ਲੋਕ ਆਪਣੇ ਆਲੇ-ਦੁਆਲੇ ਹਾਸੇ ਨਹੀਂ ਲੱਭਦੇ ਬਲਕਿ ਨਕਾਰਾਤਮਕਤਾ ਨੂੰ ਲੱਭਦੇ ਹਨ । ਇਸ ਕਰਕੇ ਬਹੁਤ ਸਾਰੇ ਲੋਕ ਮਾਨਸਿਕ ਰੂਪ ਵਿਚ ਪਰੇਸ਼ਾਨ ਹੋ ਜਾਂਦੇ ਹਨ। ਇਨ੍ਹਾਂ ਦੁੱਖਾਂ-ਤਕਲੀਫ਼ਾਂ ਤੋਂ ਪਾਰ ਪਾਉਣ ਲਈ ਆਪਣਿਆਂ ਨਾਲ ਹੱਸੋ। ਉਨ੍ਹਾਂ ਦੇ ਦਿਲਾਂ ਦੀਆਂ ਗੱਲਾਂ ਸੁਣੋ ਅਤੇ ਆਪਣੇ ਦਿਲ ਦੀਆਂ ਗੱਲਾਂ ਉਨ੍ਹਾਂ ਨਾਲ ਸਾਂਝੀਆਂ ਕਰੋ।

ਮਨੁੱਖ ਦਾ ਸਭ ਤੋਂ ਵੱਡਾ ਰੋਗ ਇਹ ਹੈ ਕਿ ਉਹ ਆਪਣੇ ਵਿਅਕਤੀਗਤ ਜੀਵਨ ਅਤੇ ਆਪਣੇ ਕਿੱਤੇ ਦੇ ਜੀਵਨ ਨੂੰ ਆਪਸ ਵਿਚ ਗਲਗੱਡ ਕਰ ਦਿੰਦਾ ਹੈ। ਬਹੁਤ ਸਾਰੇ ਲੋਕ ਸ਼ਾਮੀਂ ਘਰ ਤਾਂ ਆਉਂਦੇ ਹਨ ਪਰ! ਅਫ਼ਸਰ ਬਣ ਕੇ/ ਵਪਾਰੀ ਬਣ ਕੇ ਜਾਂ ਫਿਰ ਆਪਣੇ ਕਿੱਤੇ ਮੁਤਾਬਕ ਵਿਅਕਤੀ ਬਣ ਕੇ। ਕਦੇ ਆਪਣੇ ਘਰ ਪਿਤਾ ਬਣ ਕੇ ਆਓ/ ਪਤੀ ਬਣ ਕੇ ਆਓ/ ਪੁੱਤਰ ਬਣ ਕੇ ਆਓ ਤਾਂ ਜ਼ਿੰਦਗੀ ਦਾ ਆਨੰਦ ਵੱਖਰਾ ਹੀ ਮਹਿਸੂਸ ਹੋਵੇਗਾ।

ਹਾਸਾ ਜਿੱਥੇ ਰੂਹ ਦੀ ਖ਼ੁਰਾਕ ਹੈ ਉੱਥੇ ਸਰੀਰ ਦੀ ਖ਼ੁਰਾਕ ਵੀ ਮੰਨਿਆ ਜਾਂਦਾ ਹੈ। ਮਨੋਵਿਗਿਆਨੀਆਂ ਦਾ ਕਥਨ ਹੈ ਕਿ 'ਦੁਨੀਆ ਵਿਚ ਹਰ ਮੁਸੀਬਤ ਦਾ ਹੱਲ ਹਾਸਾ ਹੈ।' ਜਦੋਂ ਅਸੀਂ ਇਸ ਵਾਕ ਨੂੰ ਆਪਣੇ ਧੁਰ ਅੰਦਰ ਵਸਾ ਲਿਆ ਤਾਂ ਪਰੇਸ਼ਾਨੀ/ ਦੁੱਖ ਸਾਨੂੰ ਵਿਚਲਿਤ ਨਹੀਂ ਕਰ ਸਕਦਾ। ਅਸੀਂ ਇਹ ਹਕੀਕਤ ਜਾਣਦੇ ਹਾਂ ਕਿ ਸਾਡੀ ਮੁਸੀਬਤ ਦਾ ਵੀ ਹੱਲ ਨਿਕਲ ਆਵੇਗਾ। ਇਸ ਲਈ ਪਰੇਸ਼ਾਨ ਹੋਣ ਦੀ ਲੋੜ ਨਹੀਂ। ਹਾਂ, ਸਖ਼ਤ ਮਿਹਨਤ ਕਰਨ ਦੀ ਜ਼ਰੂਰਤ ਹੈ ਜਿਸ ਨਾਲ ਅਸੀਂ ਮੁੜ ਆਪਣੇ ਮਕਸਦ ਵਿਚ ਸਫ਼ਲ ਹੋ ਜਾਵਾਂਗੇ। ਇਸ ਕਰਕੇ ਜ਼ਿੰਦਗੀ ਦੇ ਹਰ ਮੋੜ ਉੱਤੇ ਆਪਣੇ ਲੋਕਾਂ ਨਾਲ ਹੱਸਦੇ ਰਹੋ/ ਖ਼ੁਸ਼ ਰਹੋ ਤਾਂ ਕਿ ਜੀਵਨ ਦੀਆਂ ਮੁਸੀਬਤਾਂ ਬਿਨਾਂ ਰੁਕੇ ਲੰਘ ਜਾਣ ਅਤੇ ਅਸੀਂ ਆਪਣੀ ਅਮੁੱਲ ਜ਼ਿੰਦਗੀ ਦਾ ਆਨੰਦ ਮਾਣ ਸਕੀਏ। •

ਹੱਸਣਾ-ਖੇਡਣਾ ਮਨੁੱਖੀ ਮਨ ਦੀ ਸਭ ਤੋਂ ਕੋਮਲ ਸੰਵੇਦਨਾ ਮੰਨੀ ਜਾਂਦੀ ਹੈ। ਇਸ ਨੂੰ ਜਿੱਥੇ ਸਰੀਰਕ ਤੰਦਰੁਸਤੀ ਨਾਲ ਜ਼ਰੂਰੀ ਮੰਨਿਆ ਜਾਂਦਾ ਹੈ ਉੱਥੇ ਮਾਨਸਿਕ ਸਕੂਨ ਲਈ ਵੀ ਇਹ ਜ਼ਰੂਰੀ ਹੈ...



---

ਆਪੋਧਾਪੀ ਦੀ ਦੌੜ ਨੇ ਮਨੁੱਖ ਦੇ ਸਮੁੱਚੇ ਵਿਕਾਸ ਲਈ ਗੰਭੀਰ ਸੰਕਟ ਖੜ੍ਹਾ ਕਰ ਦਿੱਤਾ ਹੈ। ਨਰੋਏ ਸਮਾਜ ਦੀ ਸਿਰਜਣਾ ਲਈ ਗੰਭੀਰ ਚੁਣੌਤੀਆਂ ਲਈ ਬਦਲਵਾਂ ਮਾਡਲ ਤਲਾਸ਼ਣਾ ਅੱਜ ਦੇ ਸਮੇਂ ਦੀ ਅਣਸਰਦੀ ਲੋੜ ਹੈ...

# ਨਰੋਏ ਸਮਾਜ ਦਾ ਸੰਕਲਪ

• ਬਿੰਦਰ ਬਸਰਾ
98765-46675

ਵਿਸ਼ਵ ਸਰਮਾਏਦਾਰੀ ਵਿਵਸਥਾ ਅੱਜ ਸੰਕਟ ਦੇ ਦੌਰ 'ਚ ਗੁਜ਼ਰ ਰਹੀ ਹੈ। ਲੋਭ ਤੇ ਸੁਆਰਥ 'ਤੇ ਅਧਾਰਤ ਪੂੰਜੀਵਾਦੀ ਉਪਭੋਗੀ ਸਭਿਆਚਾਰਕ ਮਾਡਲ ਨੇ ਮਨੁੱਖ ਨੂੰ ਨੈਤਿਕ ਪੱਖੋਂ ਖੋਖਲਾ ਕਰ ਦਿੱਤਾ ਹੈ। ਤਨ ਦੇ ਸੁੱਖਾਂ ਨੇ ਮਨਾਂ 'ਤੇ ਬੋਝ ਵਧਾ ਦਿੱਤਾ ਹੈ। ਇਸ ਦੌਰ 'ਚ ਪਰਉਪਕਾਰ ਤੇ ਲੋਕ ਭਲਾਈ ਦੀ ਭਾਵਨਾ ਦਿਨੋ ਦਿਨ ਦਮ ਤੋੜ ਰਹੀ ਹੈ। ਆਪੋਧਾਪੀ ਦੀ ਦੌੜ ਨੇ ਮਨੁੱਖ ਦੇ ਸਮੁੱਚੇ ਵਿਕਾਸ ਲਈ ਗੰਭੀਰ ਸੰਕਟ ਖੜ੍ਹਾ ਕਰ ਦਿੱਤਾ ਹੈ। ਇਸ ਦੌਰ 'ਚ ਸਿਹਤਮੰਦ ਅਤੇ ਨਰੋਏ ਸਮਾਜ ਦਾ ਸਿਰਜਣਾ ਲਈ ਗੰਭੀਰ ਚੁਨੌਤੀਆਂ ਹਨ। ਨਰੋਏ ਸਮਾਜ ਦੀ ਸਿਰਜਣਾ ਲਈ ਬਦਲਵਾਂ ਮਾਡਲ ਅੱਜ ਦੇ ਸਮੇਂ ਦੀ ਅਣਸਰਦੀ ਲੋੜ ਬਣ ਗਿਆ ਹੈ।

ਮਾਨਵ ਸਮਾਜ ਦੇ ਸਮੁੱਚੇ ਵਿਕਾਸ ਲਈ ਵਿਕਾਸ ਮਾਡਲਾਂ 'ਤੇ ਨਜ਼ਰ ਮਾਰੀਏ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਦਰਸਾਇਆ ਗਿਆ ਜੀਵਨ ਮਾਡਲ ਇਹ ਕਾਰਜ ਸਫਲਤਾ ਪੂਰਵਕ ਕਰ ਸਕਦਾ ਹੈ। ਡਾ. ਨਰਿੰਦਰ ਸਿੰਘ ਵਿਰਕ ਦੀ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਮਰਨ ਦੁਆਰਾ ਨਰੋਏ ਸਮਾਜ ਦਾ ਸੰਕਲਪ' ਇਸ ਦਿਸ਼ਾ 'ਚ ਅਹਿਮ ਭੂਮਿਕਾ ਨਿਭਾ ਸਕਦੀ ਹੈ। ਡਾ. ਵਿਰਕ ਗਿਆਨ-ਵਿਗਿਆਨ ਦੀ ਸੋਝੀ ਰੱਖਣ ਵਾਲੇ ਅਤੇ ਗੁਰਮਤਿ ਸਾਹਿਤ ਨਾਲ ਇਕ ਸੁਰ ਸ਼ਖ਼ਸੀਅਤ ਹਨ। ਉਨ੍ਹਾਂ ਗੁਰਮਤਿ ਦੇ ਚੌਖਟੇ 'ਚ ਵਿਚਰਦਿਆਂ ਅਜੋਕੇ ਸਮੇਂ ਦੀਆਂ ਦਰਪੇਸ਼ ਚੁਣੌਤੀਆਂ ਅਤੇ ਸੰਕਟਾਂ ਦੇ ਹੱਲ ਲਈ ਗੁਰਬਾਣੀ ਤੇ ਸਿਮਰਨ ਨੂੰ ਅਧਾਰ ਬਣਾਇਆ ਹੈ।

ਹੱਥਲੀ ਪੁਸਤਕ ਨੂੰ ਲੇਖਕ ਨੇ ਚਾਰ ਅਧਿਆਇਆਂ 'ਚ ਵੰਡਿਆ ਹੈ। ਪਹਿਲੇ ਅਧਿਆਏ 'ਚ 'ਸਿਮਰਨ ਦੀ ਪਰਿਭਾਸ਼ਾ, ਵਿਆਖਿਆ ਅਤੇ ਵਿਧੀਆਂ ਦਾ ਜ਼ਿਕਰ ਕੀਤਾ ਗਿਆ ਹੈ। ਦੂਜੇ ਅਧਿਆਇ 'ਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਸਮਾਜਿਕ ਅਤੇ ਰਾਜਨੀਤਿਕ ਅਵਸਥਾ' 'ਤੇ ਚਰਚਾ ਕੀਤੀ ਗਈ ਹੈ। ਤੀਜੇ 'ਚ 'ਸਿਮਰਨ ਦੇ ਪ੍ਰਭਾਵ' ਨੂੰ ਵਿਗਿਆਨਿਕ ਨਜ਼ਰੀਏ ਤੋਂ ਘੋਖਿਆ ਤੇ ਵਿਚਾਰਿਆ ਗਿਆ ਹੈ। ਪੁਸਤਕ ਦੇ ਚੌਥੇ ਅਧਿਆਏ ਵਿਚ 'ਅਜੋਕੇ ਸਮੇਂ ਵਿਚ ਨਰੋਏ ਸਮਾਜ ਦੀ ਸਿਰਜਣਾ' ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਸੰਗਕਤਾ ਦੇ ਪਹਿਲੂਆਂ ਦਾ ਮੁਲਾਂਕਣ ਕੀਤਾ ਗਿਆ ਹੈ। ਪੰਜਵੇਂ ਤੇ ਆਖਰੀ ਅਧਿਆਇ 'ਚ ਲੇਖਕ ਨੇ ਜੋ ਸਿੱਟੇ ਕੱਢੇ ਨੇ ਉਨ੍ਹਾਂ ਨੂੰ ਦਰਜ ਕੀਤਾ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਗਿਆਨ ਦਾ ਅਨੰਤ ਸਾਗਰ ਹੈ। ਇਸ 'ਚੋਂ ਪ੍ਰਾਪਤ ਗਿਆਨ ਨੂੰ ਇਸ ਪੁਸਤਕ ਰਾਹੀਂ ਮਨੁੱਖ ਦੇ ਸਥੂਲ ਸਰੀਰ (ਤਨ) ਅਤੇ ਸੂਖਮ ਸਰੀਰ (ਅੰਦਰੂਨੀ ਸਰੀਰ ਤਨ) ਦੀ ਤੰਦਰੁਸਤੀ ਕਾਇਮ ਰੱਖਣ ਲਈ ਕਿਵੇਂ ਅਤੇ ਮਨ ਲਈ ਚੰਗੇ ਵਿਚਾਰ ਕਿਨ੍ਹਾਂ ਸਰੋਤਾਂ ਤੋਂ ਪ੍ਰਾਪਤ ਕੀਤੇ ਜਾਣ ਬਾਰੇ ਲੇਖਕ ਨੇ ਸਪਸ਼ਟ ਕੀਤਾ ਹੈ। ਤਨ ਦੀ ਨਿਰੋਗਤਾ ਲਈ ਇਮਾਨਦਾਰੀ ਦੀ ਕਿਰਤ ਅਤੇ ਆਤਮਿਕ ਮਜ਼ਬੂਤੀ ਲਈ ਨਾਮ-ਸਿਮਰਨ 'ਤੇ ਜ਼ੋਰ ਦਿੱਤਾ ਗਿਆ ਹੈ। ਕਿਰਤ ਕਰਨਾ, ਨਾਮ ਜੱਪਣਾ ਅਤੇ ਵੰਡ ਛਕਣਾ ਨਰੋਏ ਸਮਾਜ ਦੀ ਸਿਰਜਣਾ ਲਈ ਬਹੁਤ ਜ਼ਰੂਰੀ ਹਨ। ਇਸ ਨਾਲ ਮਨੁੱਖ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ 'ਤੇ ਸੰਯਮ ਰੱਖ ਸਕਦਾ ਹੈ।

ਇਸ ਪੁਸਤਕ 'ਚ 'ਸਿਮਰਨ ਦੀ ਪਰਿਭਾਸ਼ਾ, ਵਿਆਖਿਆ ਅਤੇ ਵਿਧੀਆਂ' ਲੇਖ 'ਚ ਵੱਖ-ਵੱਖ ਧਰਮਾਂ 'ਚ ਸਿਮਰਨ ਦੀ ਪਰਿਭਾਸ਼ਾ ਅਤੇ ਵਿਆਖਿਆ ਬਾਰੇ ਵਿਸਥਾਰ ਪੂਰਵਕ ਵਰਣਨ ਕੀਤਾ ਗਿਆ ਹੈ। ਨਾਮ ਦੁਆਰਾ ਇਕਾਗਰ ਹੋਇਆ ਮਨ ਮਨੁੱਖ ਦੀਆਂ ਕਰਮ ਅਤੇ ਗਿਆਨ ਇੰਦਰੀਆਂ ਨੂੰ ਵਿਕਾਰ ਵੱਲ ਜਾਣ ਤੋਂ ਰੋਕਦਾ ਹੈ ਪਰ ਇਸ ਮਾਰਗ 'ਤੇ ਤੁਰਨਾ ਕਠਿਨ ਹੈ। ਨਾਮ ਸਿਮਰਨ ਦੁਆਰਾ ਅੰਨਦਮਈ ਕੋਸ਼ ਤਕ ਪਹੁੰਚਣ ਲਈ ਜਿਨ੍ਹਾਂ ਪੜ੍ਹਾਵਾਂ ਭਾਵ ਅੰਨਮਈ ਕੋਸ਼, ਪ੍ਰਾਣਮਈ ਕੋਸ਼, ਮਨਮਈ ਕੋਸ਼, ਵਿਗਿਆਨਮਈ ਕੋਸ਼ ਵਿੱਚੋਂ ਗੁਜ਼ਰਨਾ ਪੈਂਦਾ ਹੈ, ਦੀ ਵਿਆਖਿਆ ਇਸ ਲੇਖ 'ਚ ਕੀਤੀ ਗਈ ਹੈ। ਇਸ ਤੋਂ ਅੱਗੇ ਜਿਵੇਂ ਮਨੁੱਖੀ ਸਰੀਰ ਦੇ ਪੰਜ ਕੋਸ਼ ਹਨ ਉਸੇ ਤਰ੍ਹਾਂ ਮਨ ਦੀਆਂ ਪੰਜ ਅਵਸਥਾਵਾਂ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸੱਚ ਖੰਡ ਬਾਰੇ ਚਰਚਾ ਕੀਤੀ ਗਈ ਹੈ। ਇਸ ਤੋਂ ਅੱਗੇ ਨਾਮ ਸਿਮਰਨ ਦੀਆਂ ਵੱਖ-ਵੱਖ ਵਿਧੀਆਂ, ਸਥਾਨ, ਸਮੇਂ ਅਤੇ ਅਵਸਥਾਵਾਂ ਦਾ ਵਰਣਨ ਕੀਤਾ ਗਿਆ ਹੈ।

ਨਰੋਏ ਸਮਾਜ ਦੀ ਸਿਰਜਣਾ ਲਈ ਸਿਮਰਨ ਦੇ ਸੰਕਲਪ ਨੂੰ ਸਹੀ ਅਰਥਾਂ 'ਚ ਸਮਝ ਕੇ ਇਸ ਦੇ ਸ਼ਕਤੀ ਅਤੇ ਬਾਹਰੀ ਗਿਆਨ ਵਿਚਾਲੇ ਤਾਲਮੇਲ ਬਿਠਾਉਂਦਿਆਂ ਲੇਖਕ ਨੇ ਗੁਰਬਾਣੀ ਦੀਆਂ ਤੁਕਾਂ, ਵੱਖ-ਵੱਖ ਸਮੱਸਿਆਵਾਂ ਅਤੇ ਉਨ੍ਹਾਂ ਦੇ ਢੁਕਵੇਂ ਹੱਲ ਲਈ ਤੱਥ ਅਧਾਰਤ ਚਾਰਟ ਇਸ ਪੁਸਤਕ 'ਚ ਪੇਸ਼ ਕੀਤੇ ਹਨ। ਉਨ੍ਹਾਂ ਆਪਣੀ ਲਿਖਤ ਨੂੰ ਸਾਰਥਿਕ ਬਣਾਉਣ ਲਈ ਵੱਖ-ਵੱਖ ਮਨੁੱਖਾਂ ਦਾ ਜੀਵਨ 'ਚ ਆਏ ਦੁੱਖ, ਰੋਗ, ਸੰਤਾਪ ਤੇ ਸਿਮਰਨ ਦੁਆਰਾ ਇਨ੍ਹਾਂ ਤੋਂ ਮਿਲੇ ਛੁਟਕਾਰੇ ਸਬੰਧੀ ਕਈ ਮਿਸਾਲਾਂ ਦੇ ਕੇ ਆਪਣੇ ਸਿਧਾਂਤ ਨੂੰ ਅਸਰਦਾਰ ਤੇ ਮੁੱਲਵਾਨ ਬਣਾਇਆ ਹੈ।

ਅੱਜ ਦੇ ਆਪਾਧਾਪੀ ਤੇ ਦੁੱਖ-ਕਲੇਸ਼ਾਂ 'ਚ ਜਕੜੇ ਮਨੁੱਖ ਲਈ ਇਹ ਪੁਸਤਕ ਬਹੁਤ ਲਾਹੇਵੰਦ ਸਿੱਧ ਹੋ ਸਕਦੀ ਹੈ। ਜਿਸ ਨਾਲ ਉਹ ਸੂਖਮ ਤੇ ਸਥੂਲ ਸਰੀਰ ਦੀਆਂ ਅਲਾਮਤਾਂ ਤੋਂ ਛੁਟਕਾਰਾ ਪਾ ਕੇ ਜੀਵਨ ਨੂੰ ਸਾਰਥਕ ਬਣਾ ਸਕਦਾ ਹੈ। ਸਿੰਘ ਬ੍ਰਦਰਜ਼ ਵਲੋਂ ਛਾਪੀ ਇਹ ਪੁਸਤਕ ਜਿੱਥੇ ਚੰਗੇ ਸਮਾਜ ਦੀ ਸਿਰਜਣਾ ਲਈ ਅਹਿਮ ਭੂਮਿਕਾ ਨਿਭਾਏਗੀ ਉੱਥੇ ਮਨੁੱਖ ਦੀ ਸੋਚ ਨੂੰ ਨਿਰਮਲ ਬਣਾਏਗੀ। •

ਪੁਸਤਕ ਰੀਵਿਊ




---

# ਮੁਸ਼ਕਿਲ ਹੈ ਸਬਰ ਬਿਨਾਂ ਰੱਜਣਾ

ਹਰ ਮਨੁੱਖ ਰੋਜ਼ਾਨਾ ਆਪਣੇ ਪਰਿਵਾਰ ਲਈ ਕੁਝ ਨਾ ਕੁਝ ਕਮਾਉਣ ਦੀ ਕੋਸ਼ਿਸ਼ ਜ਼ਰੂਰ ਕਰਦਾ ਹੈ। ਕੋਈ ਸਰਕਾਰੀ ਦਫ਼ਤਰ ਜਾਂਦਾ ਹੈ, ਕੋਈ ਨਿੱਜੀ ਅਦਾਰੇ 'ਚ ਨੌਕਰੀ ਕਰ ਕੇ ਆਪਣਾ ਪਰਿਵਾਰ ਪਾਲ਼ਦਾ ਹੈ, ਕਿਸੇ ਕੋਲ਼ ਉੱਚਾ ਅਹੁਦਾ ਹੈ ਅਤੇ ਕੋਈ ਝਾੜੂ ਪੋਚੇ ਲਾ ਕੇ ਆਪਣੀ ਪਰਿਵਾਰਕ ਜ਼ਿੰਦਗੀ ਬਸਰ ਕਰਦਾ ਹੈ। ਹਰ ਇਨਸਾਨ ਦਾ ਇੱਕੋ ਇਕ ਮਨੋਰਥ ਆਪਣੇ ਪਰਿਵਾਰ ਲਈ ਕਮਾਉਣਾ ਹੈ। ਅਰਬਾਂ ਖਰਬਾਂ ਦੀਆਂ ਜਾਇਦਾਦਾਂ ਵਾਲੇ ਵੀ ਇਸੇ ਚੱਕਰ 'ਚ ਹਨ ਕਿ ਆਪਣੇ ਲਈ ਅਤੇ ਪਰਿਵਾਰ ਲਈ ਵੱਧ ਤੋਂ ਵੱਧ ਧਨ ਇਕੱਠਾ ਕੀਤਾ ਜਾਵੇ। ਇਕ ਮਜ਼ਦੂਰੀ ਕਰਨ ਵਾਲੇ ਦਾ ਵੀ ਇਹੀ ਯਤਨ ਹੁੰਦਾ ਹੈ ਕਿ ਕੀਤੇ ਪਰਿਵਾਰ ਭੁੱਖਾ ਨਾ ਸੌਂ ਜਾਵੇ ਇਸ ਲਈ ਕੁਝ ਕਮਾ ਲਿਆ ਜਾਵੇ। ਖਾਣਾ ਖਾਣ ਸਮੇਂ ਛੱਤੀ ਪ੍ਰਕਾਰ ਦੇ ਭੋਜਨ ਖਾਣ ਵਾਲਾ ਵੀ ਢਿੱਡ ਦੀ ਭੁੱਖ ਮਿਟਾਉਂਦਾ ਹੈ ਅਤੇ ਦੋ ਵਕਤ ਦੀ ਰੋਟੀ ਦਾ ਜੁਗਾੜ ਕਰਨ ਵਾਲਾ ਵੀ ਕੋਸ਼ਿਸ਼ ਕਰਦਾ ਹੈ ਕਿ ਘੱਟੋ ਘੱਟ ਦੋ ਵਕਤ ਜੇ ਰੱਜਵਾਂ ਨਹੀਂ ਤਾਂ ਗੁਜ਼ਾਰੇ ਜੋਗਾ ਭੋਜਨ ਜ਼ਰੂਰ ਮਿਲ ਜਾਵੇ।

ਸਵੇਰੇ ਘਰੋਂ ਤੁਰਿਆ ਬੰਦਾ ਕਈ ਤਰ੍ਹਾਂ ਦੀਆਂ ਸੋਚਾਂ ਮਨ 'ਚ ਲੈ ਕੇ ਤੁਰਦਾ ਹੈ। ਕੋਈ ਸੋਚਦਾ ਹੈ ਕਿ ਗੁਜ਼ਾਰਾ ਚੱਲਦਾ ਰਹੇ ਬਹੁਤ ਹੈ, ਕਿਸੇ ਦਾ ਵਿਚਾਰ ਹੁੰਦਾ ਹੈ ਜਿੰਨਾ ਕਮਾ ਲਿਆ ਜਾਵੇ ਥੋੜ੍ਹਾ ਹੈ ਅਤੇ ਕੋਈ ਹਰ ਹੀਲਾ ਵਰਤ ਕੇ ਪੈਸਾ ਕਮਾਉਣ ਦੀ ਗੱਲ ਕਰਦਾ ਹੈ। ਕਿਸੇ ਦਾ ਵਿਚਾਰ ਹੈ ਕਿ ਨੈਤਿਕ ਕਦਰਾਂ ਕੀਮਤਾਂ ਨੂੰ ਛਿੱਕੇ ਟੰਗ ਕੇ ਜੇ ਧਨ ਕਮਾਇਆ ਜਾਵੇ ਤਾਂ ਮਾੜਾ ਨਹੀਂ। ਕੋਈ ਇਸ ਗੱਲ ਨੂੰ ਤਰਜੀਹ ਦਿੰਦਾ ਹੈ ਕਿ ਕਿਸੇ ਦਾ ਗਲ਼ ਘੁੱਟ ਕੇ ਕਮਾਇਆ ਧਨ ਵਫ਼ਾ ਨਹੀਂ ਕਰਦਾ ਅਤੇ ਕੋਈ ਕਹਿੰਦਾ ਹੈ ਇਸ ਜਗਤ 'ਚ ਪੈਸਾ ਹੀ ਸਭ ਕੁਝ ਹੈ ਇਸ ਲਈ ਜਿਵੇਂ ਵੀ ਹੋ ਸਕੇ ਇਸ ਨੂੰ ਕਮਾਓ। ਇਹ ਸਭ ਉਹ ਵਿਚਾਰ ਹਨ ਜੋ ਜੁਗਾਂ ਤੋਂ ਇਨਸਾਨ ਨੂੰ ਘੇਰਦੇ ਆਏ ਹਨ ਅਤੇ ਇਨਸਾਨ ਇਨ੍ਹਾਂ ਵਿਚਾਰਾਂ ਦੁਆਰਾ ਅਕਸਰ ਘਿਰਦਾ ਆਇਆ ਹੈ।

ਇਕ ਗੱਲ ਬਿਲਕੁੱਲ ਸਾਫ਼ ਹੈ ਕਿ ਜੇ ਮਨ ਦੀ ਭੁੱਖ ਤ੍ਰਿਪਤ ਹੋ ਜਾਵੇ ਤਾਂ ਸਮਝੋ ਇਨਸਾਨ ਨੇ ਸਭ ਕੁੱਝ ਪਾ ਲਿਆ ਪਰ ਅੱਜ ਦੇ ਇਸ ਦੌਰ 'ਚ ਅਜਿਹਾ ਸੋਚਣਾ ਵੀ ਨਦਾਰਦ ਹੈ। ਸਬਰ, ਸੰਤੋਖ ਦੀ ਉਪਮਾ ਕਰਦੇ ਹੋਏ ਤਮਾਮ ਪਵਿੱਤਰ ਗ੍ਰੰਥ ਇਸ ਨੂੰ ਸਰਵਸ੍ਰੇਸ਼ਠ ਮੰਨਦੇ ਹਨ। ਸਬਰ ਦੀ ਤਾਕਤ ਅੱਗੇ ਦੁਨੀਆ ਦੇ ਸਭ ਪਦਾਰਥ ਫਿੱਕੇ ਪੈ ਜਾਂਦੇ ਹਨ। ਰੱਜੇ ਮਨ ਦਾ ਮਾਲਕ ਆਪਣੀ ਭੁੱਖ ਨੂੰ ਆਪਣੇ 'ਤੇ ਹਾਵੀ ਨਹੀਂ ਹੋਣ ਦਿੰਦਾ। ਕਈ ਵਾਰੀ ਉੱਚੇ ਅਹੁਦਿਆਂ 'ਤੇ ਬੈਠੇ ਲੋਕ ਗ਼ਲਤ ਤਰੀਕੇ ਨਾਲ ਪੈਸਾ ਕਮਾਉਂਦੇ ਦੇਖੇ ਹਨ। ਮੋਟੀਆਂ ਤਨਖਾਹਾਂ ਲੈਣ ਨਾਲ ਵੀ ਜੇ ਮਨ ਨਹੀਂ ਰੱਜਿਆ ਫਿਰ ਅਜਿਹੇ ਮਨ ਦੀ ਭੁੱਖ ਨੂੰ ਪੂਰਨਾ ਬੇਹੱਦ ਮੁਸ਼ਕਿਲ ਹੈ। ਪੈਸੇ ਪੱਖੋਂ ਕਮਜ਼ੋਰ ਇਨਸਾਨ ਆਪਣੇ ਪਰਿਵਾਰ ਨੂੰ ਪਾਲਣ ਲਈ ਸਬਰ ਨਾਲ ਮਿਹਨਤ ਕਰਦਾ ਹੈ ਬੇਸ਼ੱਕ ਇਸ ਕਮਾਈ ਨਾਲ ਉਸਦਾ ਗੁਜ਼ਾਰਾ ਮੁਸ਼ਕਿਲ ਨਾਲ ਚੱਲਦਾ ਹੋਵੇ ਪਰ ਉਸਦੀ ਕਮਾਈ ਵਿਚ ਬਰਕਤ ਅਤੇ ਪਰਿਵਾਰ ਵਿਚ ਖ਼ੁਸ਼ੀ ਪੱਕੇ ਡੇਰੇ ਲਾ ਕੇ ਬੈਠ ਜਾਂਦੀ ਹੈ ਜੋ ਉੱਥੋਂ ਹਿਲਾਇਆਂ ਵੀ ਨਹੀਂ ਹਿਲਦੀ। ਅੱਜ ਜਿਸ ਪਰਿਵਾਰ 'ਚ ਇਹ ਦੋਨੋ ਚੀਜ਼ਾਂ ਹਨ ਉਹ ਕਿਸੇ ਸਵਰਗ ਨਾਲੋਂ ਘੱਟ ਨਹੀਂ। ਸਬਰ ਦੇ ਟੁੱਟਦੇ ਬੰਨ੍ਹ ਕਾਰਨ ਵੱਡੇ-ਵੱਡੇ ਪਰਿਵਾਰਾਂ 'ਚ ਛੋਟੀਆਂ-ਛੋਟੀਆਂ ਗੱਲਾਂ ਨੂੰ ਲੈ ਕੇ ਹੁੰਦੇ ਝਗੜੇ ਪਰਿਵਾਰਕ ਜ਼ਿੰਦਗੀ ਨੂੰ ਨਰਕ ਬਣਾ ਦਿੰਦੇ ਹਨ। ਪੈਸਾ ਕਮਾਉਣ ਦੀ ਲਾਲਸਾ ਇਨਸਾਨ ਨੂੰ ਬੱਚਿਆਂ ਵੱਲ ਵੀ ਧਿਆਨ ਨਹੀਂ ਦੇਣ ਦਿੰਦੀ ਜੋ ਕਿ ਆਉਣ ਵਾਲੀਆਂ ਪੁਸ਼ਤਾਂ ਦੇ ਖ਼ਾਤਮੇ ਦਾ ਕਾਰਨ ਬਣਦਾ ਹੈ। ਇਹ ਸਭ ਦਾ ਮੂਲ ਕਾਰਨ ਸਬਰ ਦਾ ਟੁੱਟਣਾ ਹੈ। ਰਾਜਭਾਗ ਚਲਾ ਰਹੇ ਇਕ ਰਾਜੇ ਨੇ ਹੁਕਮ ਦੇ ਦਿੱਤਾ ਕਿ ਲੋਕਾਂ ਨੂੰ ਧਨ ਵੰਡ ਦਿੱਤਾ ਜਾਵੇ। ਲੋਕ ਵਹੀਰਾਂ ਘੱਤ ਕੇ ਰਾਜੇ ਦੇ ਦਰਬਾਰ ਪਹੁੰਚਣ ਲੱਗੇ। ਲੰਬੀਆਂ-ਲੰਬੀਆਂ ਲਾਈਨਾਂ ਲੱਗ ਗਈਆਂ। ਜਿਸ ਨੂੰ ਧਨ ਮਿਲਦਾ ਜਾਂਦਾ ਉਹ ਘਰ ਨੂੰ ਚਲਿਆ ਜਾਂਦਾ। ਰਾਜੇ ਦੀ ਨਜ਼ਰ ਇਕ ਫਕੀਰ 'ਤੇ ਪਈ ਜੋ ਆਪਣੇ ਵਾਰੀ ਆਉਣ 'ਤੇ ਆਪਣੇ ਤੋਂ ਪਿੱਛੇ ਖੜ੍ਹੇ ਨੂੰ ਅੱਗੇ ਕਰ ਦਿੰਦਾ ਸੀ। ਸ਼ਾਮ ਤਕ ਉਹ ਫ਼ਕੀਰ ਇਸੇ ਤਰ੍ਹਾਂ ਕਰਦਾ ਰਿਹਾ ਅਤੇ ਰਾਜਾ ਉਸ ਨੂੰ ਦੇਖਦਾ ਰਿਹਾ। ਅੰਤ ਰਾਜੇ ਨੂੰ ਗੁੱਸਾ ਆ ਗਿਆ ਅਤੇ ਉਸਨੇ ਫ਼ਕੀਰ ਨੂੰ ਆਪਣੀ ਵਾਰੀ ਹੋਰਾਂ ਨੂੰ ਦੇਣ ਦਾ ਕਾਰਨ ਪੁੱਛਿਆ। ਫ਼ਕੀਰ ਨੇ ਜਵਾਬ ਦਿੰਦੇ ਹੋਏ ਦੱਸਿਆ ਕਿ ਉਸ ਕੋਲ ਲੋਕਾਂ ਨੂੰ ਦੇਣ ਲਈ ਧਨ ਨਹੀਂ ਸਿਰਫ਼ ਆਪਣੀ ਵਾਰੀ ਹੈ ਇਸ ਕਰਕੇ ਜਿਵੇਂ ਤੁਸੀ ਲੋਕਾਂ ਨੂੰ ਧਨ ਦੇ ਰਹੇ ਹੋ ਮੈਂ ਉਨ੍ਹਾਂ ਨੂੰ ਆਪਣੀ ਵਾਰੀ ਦੇ ਕੇ ਆਪਣਾ ਫਰਜ਼ ਨਿਭਾ ਰਿਹਾ ਹਾਂ। ਇਹ ਸੁਣ ਕੇ ਰਾਜਾ ਸੁੰਨ ਹੋ ਗਿਆ ਅਤੇ ਖ਼ਾਲੀ ਹੱਥ ਫ਼ਕੀਰ ਦਾ ਸੰਜਮ ਅਤੇ ਸਬਰ ਦੇਖ ਕੇ ਰਾਜਾ ਸੋਚਣ ਲੱਗ ਗਿਆ।

ਇਹ ਸਬਰ ਹੀ ਹੈ ਜਿਸ ਨਾਲ ਸੰਸਾਰ ਦੀ ਵੱਡੀ ਤੋਂ ਵੱਡੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਮਨ ਦੇ ਭੁੱਖੇ ਕੋਲ ਤਾਂ ਕੋਈ ਪ੍ਰਾਪਤੀ ਵੀ ਨੇੜੇ ਆਉਣ ਤੋਂ ਡਰਦੀ ਹੈ। ਸਬਰ ਤੋਂ ਬਿਨਾਂ ਸਭ ਕੁੱਝ ਵਿਅਰਥ ਅਤੇ ਬੇਮਾਇਨੇ ਹੈ। ਇਹ ਸਬਰ ਦੀ ਤਾਕਤ ਹੀ ਸੀ ਜਿਸ ਸਦਕਾ ਸਰਬ ਸ਼ਕਤੀਮਾਨ ਗੁਰੂ ਸਾਹਿਬਾਨ ਤੱਤੀਆਂ ਤੱਵੀਆਂ 'ਤੇ ਬੈਠ ਗਏ। ਆਪਣੀ ਤਾਕਤ ਨਾਲ ਉਹ ਕੁਝ ਵੀ ਕਰ ਸਕਦੇ ਸਨ ਪਰ ਨਿਮਰ ਹੋ ਕੇ ਅਤੇ ਪਰਮਾਤਮਾ ਦੇ ਭਾਣੇ 'ਚ ਰਹਿ ਕੇ ਜ਼ੁਲਮ ਦਾ ਕੀਤਾ ਟਾਕਰਾ ਜਿਊਂਦੀ ਮਨੁੱਖਤਾ ਲਈ ਇਕ ਮਿਸਾਲ ਬਣ ਗਿਆ। ਅੱਜ ਇਹ ਹਾਲਾਤ ਹੋ ਗਏ ਹਨ ਕਿ ਕੁਝ ਪੈਸੇ ਕਮਾਉਣ ਲਈ ਇਨਸਾਨ ਆਪਣਾ ਸਭ ਕੁਝ ਦਾਅ 'ਤੇ ਲਾਉਣ ਲਈ ਤਿਆਰ ਹੈ। ਆਉਣ ਵਾਲੀਆਂ ਸੱਤ ਪੁਸ਼ਤਾਂ ਲਈ ਪੈਸਾ ਜੋੜ ਕੇ ਬੈਠਾ ਅਜੋਕਾ ਇਨਸਾਨ ਹੋਰ ਪੈਸਾ ਕਮਾਉਣ ਦੀਆਂ ਜੁਗਤਾਂ ਲੜਾਉਂਦਾ ਹੈ।

ਜੇ ਗੌਰ ਕੀਤਾ ਜਾਵੇ ਤਾਂ ਲੋੜ ਜਿੰਨਾ ਕਮਾਇਆ ਪੈਸਾ ਆਤਮਿਕ ਸ਼ਾਂਤੀ ਨੂੰ ਬਰਕਰਾਰ ਰੱਖਣ ਲਈ ਕਾਫ਼ੀ ਹੈ। ਉਸ ਤੋਂ ਬਾਅਦ ਤਾਂ ਸਿਰਫ਼ ਲੋਭ ਲਾਲਚ ਹੀ ਰਹਿ ਜਾਂਦਾ ਹੈ ਜਿਸ ਦੀ ਪੂਰਤੀ ਕਰ ਸਕਣਾ ਸੰਭਵ ਨਹੀਂ। ਆਪਣੀ ਆਤਮਿਕ ਆਵਾਜ਼ ਨੂੰ ਸਮਝਦੇ ਹੋਏ ਇਨਸਾਨ ਨੂੰ ਅਜਿਹੇ ਸਬਰ ਦਾ ਧਾਰਨੀ ਬਣਨਾ ਚਾਹੀਦਾ ਹੈ ਜਿਸ ਨਾਲ ਉਸ ਦੀਆਂ ਬੁਨਿਆਦੀ ਲੋੜਾਂ ਵੀ ਪੂਰੀਆਂ ਹੁੰਦੀਆਂ ਰਹਿਣ ਅਤੇ ਤਨ ਮਨ ਦੀ ਸ਼ਾਂਤੀ ਵੀ ਬਰਕਰਾਰ ਰਹੇ। ਗ਼ਲਤ ਤਰੀਕਿਆਂ ਨਾਲ ਕੀਤੀ ਕਮਾਈ ਤੋਂ ਪਾਸਾ ਵੱਟਿਆ ਜਾਵੇ ਅਤੇ ਗੁਰੂ ਸਾਹਿਬਾਨ ਵਲੋਂ ਦਰਸਾਏ ਮਾਰਗ 'ਤੇ ਚਲਦੇ ਹੋਏ ਇਕ ਸਵਰਗ ਰੂਪੀ ਨਿਜ਼ਾਮ ਦਾ ਪਸਾਰਾ ਕੀਤਾ ਜਾਵੇ। ਕਲਯੁੱਗ ਦੇ ਇਸ ਦੌਰ 'ਚ ਬੇਸ਼ੱਕ ਇਹ ਸਭ ਕਰਨਾ ਮੁਸ਼ਕਿਲ ਹੈ ਪਰ ਨਾਮੁਮਕਿਨ ਕੁਝ ਵੀ ਨਹੀਂ। ਚੰਗੇ ਵਿਚਾਰ ਅਪਣਾ ਕੇ ਅਤੇ ਸਬਰ ਦੀ ਤਾਕਤ ਦੇ ਧਾਰਕ ਬਣ ਕੇ ਇਹ ਸਭ ਆਸਾਨੀ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। •

ਲੋੜ ਜਿੰਨਾ ਕਮਾਇਆ ਪੈਸਾ ਆਤਮਿਕ ਸ਼ਾਂਤੀ ਨੂੰ ਬਰਕਰਾਰ ਰੱਖਣ ਲਈ ਕਾਫ਼ੀ ਹੈ। ਉਸ ਤੋਂ ਬਾਅਦ ਤਾਂ ਸਿਰਫ਼ ਲੋਭ ਲਾਲਚ ਹੀ ਰਹਿ ਜਾਂਦਾ ਹੈ ਜਿਸ ਦੀ ਪੂਰਤੀ ਕਰ ਸਕਣਾ ਸੰਭਵ ਨਹੀਂ...



# ਦੁਨੀਆ 'ਚ ਖ਼ੁਸ਼ੀ ਦਾ ਗਰਾਫ਼



• ਡਾ. ਹਰਸ਼ਿੰਦਰ ਕੌਰ
0175-2216783



**ਕੁਦਰਤ ਨੇ ਚੁਫ਼ੇਰੇ ਜ਼ਿੰਦਗੀ ਜਿਊਣ ਦਾ ਢੰਗ ਸਮਝਾਉਣ ਦਾ ਜਤਨ ਕੀਤਾ ਹੈ। ਡੂੰਘਾ ਪਾਣੀ ਸ਼ਾਂਤ ਵਹਿੰਦਾ ਹੈ ਪਰ ਥੋੜ੍ਹਾ ਪਾਣੀ ਸ਼ੋਰ ਮਚਾਉਂਦਾ ਲੰਘਦਾ ਹੈ। ਇਹੀ ਵਧੀਆ ਸ਼ਖ਼ਸੀਅਤ ਵਾਲੇ ਇਨਸਾਨ ਦਾ ਗੁਣ ਹੋਣਾ ਚਾਹੀਦਾ ਹੈ। ਪਾਣੀ ਭਾਵੇਂ ਨਿਵਾਣ ਵੱਲ ਵਹੇ ਪਰ ਪੱਥਰ ਚੀਰ ਕੇ ਰਾਹ ਬਣਾ ਸਕਦਾ ਹੈ...**

ਅਮਰੀਕਾ ਦੀ ਜੀ.ਡੀ.ਪੀ. ਸਭ ਤੋਂ ਵੱਧ ਹੈ ਪਰ ਜੂਆ, ਇੰਟਰਨੈੱਟ ਦੀ ਹੱਦੋਂ ਵੱਧ ਵਰਤੋਂ, ਸ਼ਰਾਬ, ਵੀਡੀਓ ਗੇਮਾਂ, ਖ਼ਰੀਦੋ ਫਰੋਖ਼ਤ, ਫਾਸਟ ਫੂਡਜ਼, ਆਦਿ ਦੀ ਵੀ ਹੱਦੋਂ ਵੱਧ ਵਰਤੋਂ ਉਨ੍ਹਾਂ ਨੂੰ ਖ਼ੁਸ਼ੀ ਦਾ ਅਹਿਸਾਸ ਕਰਨ ਦਾ ਵਕਤ ਨਹੀਂ ਦਿੰਦੇ। ਇਹ ਲੱਭਿਆ ਗਿਆ ਕਿ ਜਿਹੜੇ ਖ਼ੁਸ਼ ਹੋਣ ਉਹ ਲੋਕਤੰਤਰ ਪਸੰਦ ਕਰਦੇ ਹਨ ਤੇ ਵੋਟ ਪਾਉਂਦੇ ਹਨ।

ਭਲਾ ਭਾਰਤ ਵਿਚ ਲੋਕ ਖ਼ੁਸ਼ ਕਿਉਂ ਨਹੀਂ ਹਨ? ਕਿਉਂ ਭਾਰਤੀ ਲੋਕਾਂ ਦੀ ਖ਼ੁਸ਼ੀ ਦਾ ਗ੍ਰਾਫ਼ ਹੇਠਾਂ ਜਾ ਰਿਹਾ ਹੈ?

ਭਾਰਤੀ ਸੱਭਿਆਚਾਰ ਵਿਚ ਟੱਬਰ ਨੂੰ ਗੁੰਦ ਕੇ ਰੱਖਣ ਅਤੇ ਜ਼ਿੰਮੇਵਾਰੀਆਂ ਲੱਦਣ ਦਾ ਬਹੁਤ ਵੱਡਾ ਨੁਕਤਾ ਸ਼ਾਮਲ ਹੈ। ਇਸ ਤੋਂ ਇਲਾਵਾ ਸਹੀ ਮੌਕੇ ਦੀ ਉਡੀਕ ਵਿਚ ਲਗਪਗ ਪੂਰੀ ਉਮਰ ਹੀ ਲੰਘਾ ਦਿੱਤੀ ਜਾਂਦੀ ਹੈ। ਇਹ ਸਹੀ ਸਮਾਂ ਜਦੋਂ ਪਤਲੇ ਹੋਵਾਂਗੇ, ਜਦੋਂ ਬੱਚੇ ਹੋਣਗੇ, ਜਦੋਂ ਦੀਵਾਲੀ ਆਏਗੀ, ਜਦੋਂ ਤਨਖ਼ਾਹ ਮਿਲੇਗੀ, ਜਦੋਂ ਗਰਮੀਆਂ ਦੀਆਂ ਛੁੱਟੀਆਂ ਹੋਣਗੀਆਂ ਆਦਿ ਨਾਲ ਸਾਡਾ ਦਿਮਾਗ਼ ਇਹ ਸੋਚ ਪਾਲ ਲੈਂਦਾ ਹੈ ਕਿ ਹਾਲੇ ਮੌਜ ਮਸਤੀ, ਵਿਹਲੇ ਹੋਣ ਜਾਂ ਖ਼ੁਸ਼ ਹੋਣ ਦਾ ਸਹੀ ਸਮਾਂ ਨਹੀਂ ਹੈ।

ਕਈ ਜਣੇ 'ਸਹੀ ਸਮਾਂ' ਰਿਟਾਇਰਮੈਂਟ ਤੋਂ ਬਾਅਦ ਦਾ ਮੰਨ ਲੈਂਦੇ ਹਨ। ਕੁਝ ਘਰ ਬਣ ਜਾਣ ਬਾਅਦ ਨੂੰ ਤੇ ਕੁੱਝ ਵਧੀਆ ਸਰਕਾਰੀ ਨੌਕਰੀ ਹਾਸਲ ਕਰਨ ਤਕ ਉਡੀਕਦੇ ਰਹਿੰਦੇ ਹਨ।

ਅਜਿਹੀ ਮੰਜ਼ਿਲ ਹਾਸਲ ਕਰਨ ਵੇਲੇ ਤਕ ਦਾ ਸਮਾਂ, ਆਪਣੇ ਆਪ ਹੀ ਕੰਮ ਕਰਦੇ ਰਹਿਣ, ਮਿਹਨਤ ਕਰਨ ਤੇ ਤਣਾਓ ਅਧੀਨ ਰਹਿਣ ਉੱਤੇ ਮਜਬੂਰ ਕਰ ਦਿੰਦਾ ਹੈ ਕਿਉਂਕਿ ਦਿਮਾਗ਼ ਸਿਰਫ਼ ਉਸੇ ਨੁਕਤੇ ਉੱਤੇ ਹੀ ਟਿਕ ਜਾਂਦਾ ਹੈ ਕਿ ਖ਼ੁਸ਼ੀ ਮਿਲਣ ਦਾ ਕਾਰਨ ਹਾਲੇ ਹਾਸਲ ਨਹੀਂ ਹੋਇਆ। ਸੋ ਹੋਰ ਨਿੱਠ ਕੇ ਕੰਮ ਕਰਦੇ ਰਹੋ, ਭਾਵੇਂ ਲੁੱਟਾਂ-ਖੋਹਾਂ ਹੀ ਕਿਉਂ ਨਾ ਕਰਨੀਆਂ ਪੈਣ!

ਕਈ ਵਾਰ 'ਉਹ ਸਮਾਂ' ਆਉਂਦਾ ਹੀ ਨਹੀਂ। ਅਜਿਹੀ ਜ਼ਿੰਦਗੀ ਸਿਰਫ਼ ਜੂਝਣ, ਢਹਿੰਦੀ ਕਲਾ ਸਮੇਟਣ ਤੇ ਕੰਮ ਕਾਰ ਕਰਦਿਆਂ ਹੀ ਮੁੱਕ ਜਾਂਦੀ ਹੈ।

'ਜਦੋਂ' ਦੇ ਚੱਕਰਵਿਊ ਵਿਚ ਮਨ ਆਪਣੇ ਆਲੇ-ਦੁਆਲੇ ਦੇ ਖ਼ੁਸ਼ੀ ਦੇ ਮੌਕਿਆਂ ਦਾ ਇਹਸਾਸ ਹੀ ਨਹੀਂ ਕਰ ਸਕਦਾ।

ਅਜਿਹੀ ਹੀ ਇਕ 'ਜਦੋਂ' ਹੁੰਦੀ ਹੈ, ਕਰੋੜਪਤੀ ਬਣਨ ਦੀ ਚਾਹ। ਇਹ ਲੋੜ ਬੰਦੇ ਨੂੰ ਵਿਆਹ ਦੇ ਸਮਾਗਮ ਉੱਤੇ ਵੀ ਆਪਣੇ ਮੋਬਾਈਲ ਉੱਤੇ ਆਪਣੇ ਅਧੀਨ ਕੰਮ ਕਰਦੇ ਲੋਕਾਂ ਨੂੰ ਨਸੀਹਤਾਂ ਦੇਣ, ਹੁਕਮ ਦੇਣ ਜਾਂ ਆਰਡਰ ਮੰਗਵਾਉਣ ਤਕ ਹੀ ਸੀਮਤ ਕਰ ਦਿੰਦੀ ਹੈ। ਆਲੇ-ਦੁਆਲੇ ਖਿੱਲਰੇ ਹਾਸੇ ਵੀ ਅਜਿਹੇ ਇਨਸਾਨ ਨੂੰ ਸ਼ੋਰ ਸ਼ਰਾਬਾ ਲੱਗਦੇ ਹਨ। ਫ਼ੋਨ ਸੁਣਨ ਲਈ ਦੂਜੇ ਕੰਨ ਉੱਤੇ ਉਂਗਲ ਰੱਖ ਕੇ ਹਾਸੇ ਦੀ ਆਵਾਜ਼ ਬੰਦ ਕਰਨ ਜਾਂ ਉਸ ਥਾਂ ਤੋਂ ਬਾਹਰ ਨਿਕਲਣਾ ਆਮ ਹੀ ਰੁਝਾਨ ਬਣ ਚੁੱਕਿਆ ਹੈ। ਵਿਰਲਾ ਹੀ ਕੋਈ ਵਿਆਹ ਦੇ ਸਮਾਗਮਾਂ ਜਾਂ ਦੋਸਤਾਂ ਵਿਚ ਬਹਿ ਕੇ ਆਪਣਾ ਮੋਬਾਈਲ ਬੰਦ ਕਰਦਾ ਹੈ।

ਬਿਲਕੁਲ ਇੰਜ ਹੀ ਘਰ ਮੁੜਦਿਆਂ ਬੱਚੇ ਨੂੰ ਜੱਫੀ ਪਾਉਂਦਿਆਂ ਫ਼ੋਨ ਵੱਜ ਪਵੇ ਤਾਂ ਬੱਚਾ ਪਰ੍ਹਾਂ ਧੱਕ ਕੇ, ਬੱਚੇ ਨੂੰ ਖਿਝ ਕੇ ਚੁੱਪ ਕਰਵਾ ਕੇ, ਆਪਣੇ ਫ਼ੋਨ ਉੱਤੇ ਹਦਾਇਤਾਂ ਦੇਣੀਆਂ ਜਾਂ ਸੁਣਨ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਜਦੋਂ ਹੀ ਕਰੋੜਪਤੀ ਵਾਲੀ ਸੋਚ ਪੂਰੀ ਹੋ ਜਾਵੇ ਤਾਂ ਹੋਰ ਕਮਾਉਣ ਦੀ ਚਾਹ ਜਕੜ ਲੈਂਦੀ ਹੈ। ਇਸੇ ਤਰ੍ਹਾਂ ਕਰਦਿਆਂ ਸਾਈਕਲ ਦੇ ਪਹੀਏ ਵਾਂਗ ਘੁੰਮਦਿਆਂ ਜ਼ਿੰਦਗੀ ਮੁੱਕ ਜਾਂਦੀ ਹੈ ਪਰ ਕਰੋੜਪਤੀ ਤੋਂ ਖ਼ਰਬਾਂਪਤੀ ਬਣਨ ਦਾ ਚੱਕਰ ਨਹੀਂ ਮੁੱਕਦਾ।

ਇਹੋ ਜਿਹੇ ਲੱਖਾਂ ਲੋਕ ਇਸ ਵੇਲੇ ਤਣਾਓ ਅਧੀਨ ਘੁੰਮ ਰਹੇ ਹਨ ਕਿਉਂਕਿ ਇਹ ਸਾਰੇ ਆਪਣੇ 'ਜਦੋਂ' ਦੀ ਲੋੜ ਪੂਰੀ ਕਰਨ ਨੂੰ ਕਾਹਲੇ ਜ਼ਿੰਦਗੀ ਜੀਊਣ ਭਾਰੇ ਭੁੱਲ ਚੁੱਕੇ ਹਨ।

ਇਹੀ ਤਣਾਓ ਤੇ ਹੋਰ ਪਾਉਣ ਦੀ ਚਾਹ ਜਨਮ ਦਿੰਦੀ ਹੈ ਮਾਨਸਿਕ ਤੇ ਸਰੀਰਕ ਰੋਗਾਂ ਨੂੰ। ਕੋਈ ਹਾਰਟ ਅਟੈਕ, ਕੋਈ ਬਲੱਡ ਪ੍ਰੈਸ਼ਰ, ਕੋਈ ਕੈਂਸਰ, ਐਲਰਜੀ, ਚਮੜੀ ਦੇ ਰੋਗ, ਜੋੜਾਂ ਦੇ ਦਰਦ, ਨਿਪੁੰਸਕਤਾ, ਦਮਾ, ਪਾਸਾ ਮਾਰਿਆ ਜਾਣਾ, ਐਨਜਾਈਨਾ, ਸ਼ੱਕਰ ਰੋਗ, ਆਦਿ ਨਾਲ ਜੂਝਦਾ ਤੇ ਆਪਣੇ ਨਸੀਬ ਨੂੰ ਕੋਸਦਾ ਹੌਲੀ-ਹੌਲੀ ਕੋਈ ਆਸਰਾ ਭਾਲਦਾ ਕਿਸੇ ਵੈਦ, ਹਕੀਮ, ਜੋਤਸ਼ੀ ਜਾਂ ਬਾਬੇ ਕੋਲ ਪਹੁੰਚ ਜਾਂਦਾ ਹੈ ਕਿ ਜ਼ਿੰਦਗੀ ਵਿਚ ਖ਼ੁਸ਼ੀ ਹੈ ਹੀ ਨਹੀਂ, ਨਿਰਾ ਕਲੇਸ਼ ਤੇ ਦੁੱਖ ਹੀ ਹੈ! ਫਿਰ ਉਸ ਤੋਂ ਨਿਜਾਤ ਪਾਉਣ ਲਈ ਹਰ ਕਿਸਮ ਦੇ ਢਕੌਂਸਲੇ ਸ਼ੁਰੂ ਹੋ ਜਾਂਦੇ ਹਨ।

ਕੋਈ ਕਾਲੀ ਦਾਲ ਵੰਡਣ ਦੇ ਚੱਕਰ ਵਿਚ, ਕੋਈ ਅਖੰਡ ਪਾਠ ਕਰਵਾਉਣ, ਕੋਈ ਹਰਿਦੁਆਰ ਜਾਣ ਤੇ ਕੋਈ ਕੀੜੀਆਂ ਨੂੰ ਚੌਲ ਪਾਉਣ ਵੱਲ ਰੁੱਝ ਜਾਂਦਾ ਹੈ। ਇਨ੍ਹਾਂ ਵਿੱਚੋਂ ਕੋਈ ਆਪਣੇ ਹੀ ਬੱਚੇ ਦਾ ਪਹਿਲਾ ਕਦਮ ਪੁੱਟਣ ਉੱਤੇ ਖ਼ੁਸ਼ੀ ਨਾਲ ਝੂਮ ਕੇ ਖਿੜਖਿੜਾ ਕੇ ਹੱਸਦਾ ਨਹੀਂ। ਨਾ ਹੀ ਇਨ੍ਹਾਂ ਵਿੱਚੋਂ ਕਿਸੇ ਨੂੰ ਇਹ ਪਤਾ ਹੁੰਦਾ ਹੈ ਕਿ ਅੱਜ ਉਨ੍ਹਾਂ ਦੇ ਬੱਚੇ ਨੇ ਪੈਨਸਿਲ ਨਾਲ ਪਹਿਲੀ ਟੇਢੀ ਮੇਢੀ ਲਕੀਰ ਕਾਗਜ਼ ਉੱਤੇ ਵਾਹੀ ਹੈ ਜਿਸ ਨੂੰ ਵਿਖਾਉਣ ਲਈ ਬੱਚਾ ਆਪਣੇ ਮਾਪਿਆਂ ਕੋਲ ਰਿੜ੍ਹਦਾ ਆਪਣੀ ਤੋਤਲੀ ਜ਼ਬਾਨ ਨਾਲ ਬੁਲਾਉਂਦਾ, ਮੋਹ ਜਤਾਉਂਦਾ ਘੁੰਮ ਰਿਹਾ ਹੈ।

ਆਪਣੇ ਹੀ ਫ਼ੋਨਾਂ ਵਿਚ ਰੁੱਝੇ, ਇਕ ਦੂਜੇ ਨੂੰ ਮਿਹਣੇ ਮਾਰਦੇ ਤੇ ਆਪਣੀ ਫੁੱਟੀ ਕਿਸਮਤ ਨੂੰ ਕੋਸਦੇ ਬਥੇਰੇ ਜਣੇ ਅਜਿਹੇ ਖ਼ੁਸ਼ੀ ਵਾਲੇ ਪਲ ਮਹਿਸੂਸ ਕਰ ਹੀ ਨਹੀਂ ਸਕਦੇ। ਇਸ ਦੇ ਨਾਲ ਜੁੜ ਜਾਂਦਾ ਹੈ ਦੂਜੇ ਨਾਲ ਆਪਣੇ ਆਪ ਨੂੰ ਮੇਚਣਾ! ਦੂਜੇ ਦੀ ਆਮਦਨ ਮੇਰੇ ਤੋਂ ਵੱਧ, ਦੂਜਾ ਮੇਰੇ ਤੋਂ ਵੱਧ ਖ਼ੁਸ਼, ਉਸ ਦੀ ਵਹੁਟੀ ਸੋਹਣੀ, ਉਸ ਦੀ ਬੇਟੀ ਵਧੀਆ ਨੌਕਰੀ 'ਤੇ, ਉਸ ਦਾ ਘਰ ਵੱਡਾ, ਉਸ ਦੀ ਕਾਰ ਵੱਡੀ, ਉਸ ਕੋਲ ਨੌਕਰ ਵੱਧ, ਰੁਤਬਾ ਵੱਡਾ, ਆਦਿ ਦੀ ਸੋਚ ਮਨ ਦੇ ਕਿਸੇ ਕੋਨੇ ਵਿਚ ਫਸੀ ਰਤਾ ਮਾਸਾ ਖ਼ੁਸ਼ੀ ਵੀ ਬਾਹਰ ਕੱਢ ਕੇ ਸਿਰਫ਼ ਨਿਰਾਸ਼ਾ ਭਰ ਦਿੰਦੇ ਹਨ। ਇੰਜ ਦੂਜੇ ਨੂੰ ਢਾਅ ਲਾਉਣ ਦਾ ਸਿਲਸਿਲਾ ਵੀ ਚਾਲੂ ਹੋ ਜਾਂਦਾ ਹੈ ਕਿ ਦੂਜੇ ਨੂੰ ਹੇਠਾਂ ਖਿੱਚਾਂਗੇ ਤਾਂ ਹੀ ਖ਼ੁਸ਼ੀ ਮਹਿਸੂਸ ਹੋਵੇਗੀ।

ਵੱਡੀ ਪੱਧਰ ਉੱਤੇ ਅਜਿਹੀ ਸੋਚ ਪਸਰੀ ਵੇਖ ਕੇ ਤਣਾਓ ਮੀਟਰ ਨੇ ਆਪੇ ਉੱਤੇ ਚੜ੍ਹ ਜਾਣਾ ਹੋਇਆ ਤੇ ਖ਼ੁਸ਼ੀ ਦੇ ਮੀਟਰ ਨੇ ਜ਼ੀਰੋ ਉੱਤੇ ਪਹੁੰਚ ਜਾਣਾ ਹੋਇਆ।

ਜਦੋਂ ਕਾਲੀ ਦਾਲ ਵੰਡਣ ਬਾਅਦ ਵੀ ਖ਼ੁਸ਼ੀ ਵਾਪਸ ਨਾ ਮਿਲੇ ਤਾਂ ਖਿਝ ਤੇ ਗੁੱਸੇ ਨਾਲ ਭਰੇ ਕੁਝ ਲੋਕ ਆਪਣੇ ਘਰ ਦੇ ਬੱਚਿਆਂ ਤੇ ਵਹੁਟੀ ਨੂੰ ਮਾਰਨ ਕੁੱਟਣ ਲੱਗ ਪੈਂਦੇ ਹਨ।

ਜਦੋਂ ਗੁੱਸੇ ਤੇ ਖਿਝ ਦੀ ਚਰਮ ਸੀਮਾ ਹੋਵੇ ਤਾਂ ਕਤਲ ਜਾਂ ਬਲਾਤਕਾਰ ਤਕ ਕਰ ਦਿੱਤਾ ਜਾਂਦਾ ਹੈ। ਇਹ ਸਭ ਕਰਨ ਬਾਅਦ ਵੀ ਖ਼ੁਸ਼ੀ ਨਦਾਰਦ! ਖ਼ੁਸ਼ੀ ਹੈ ਤਾਂ ਚੁਫ਼ੇਰੇ ਪਰ ਅਸੀਂ ਮਹਿਸੂਸ ਕਰਨਾ ਭੁੱਲ ਚੁੱਕੇ ਹਾਂ। 'ਹੋਰ' ਤੇ 'ਜਦੋਂ' ਦੇ ਚੱਕਰਵਿਊ ਵਿਚ ਸ਼ੁਕਰਾਨਾ ਕਿਧਰੇ ਗੁੰਮ ਹੋ ਗਿਆ ਹੈ। ਖ਼ੁਸ਼ੀ ਲੱਭਣ ਲਈ ਰਸਤਾ ਭਾਲਦਿਆਂ ਰਸਤੇ ਵਿਚ ਪਈ ਖ਼ੁਸ਼ੀ ਨੂੰ ਮਿੱਧ ਕੇ ਲੰਘ ਜਾਂਦੇ ਹਾਂ।

ਹਰ ਰੋਜ਼ ਸੂਰਜ ਦੀ ਪਹਿਲੀ ਕਿਰਨ ਨਾਲ ਸਾਰੇ ਘਰਾਂ ਵਿਚ ਖ਼ੁਸ਼ੀ ਵੜਦੀ ਹੈ, ਪਰ ਕਿੰਨੇ ਜਣੇ ਮਹਿਸੂਸ ਕਰ ਰਹੇ ਹਨ? ਲੱਖਾਂ ਅੱਜ ਦੇ ਦਿਨ ਦੁਨੀਆ ਭਰ ਵਿਚ ਕੂਚ ਕਰ ਚੁੱਕੇ ਹਨ ਜਾਂ ਜਾਣੇ ਹਨ, ਪਰ ਅਸੀਂ ਅੱਖਾਂ ਖੋਲ੍ਹ ਕੇ ਨਵਾਂ ਦਿਨ ਚੜ੍ਹਦੇ ਵੇਖਿਆ ਹੈ। ਹੋ ਗਏ ਨਾ ਅਸੀਂ ਵਿਲੱਖਣ! ਕਿੰਨੀ ਖ਼ੁਸ਼ੀ ਦੀ ਗੱਲ ਹੈ ਕਿ ਅਸੀਂ ਜ਼ਿੰਦਾ ਹਾਂ! ਜੇ ਜ਼ਿੰਦਾ ਹਾਂ, ਤਾਂ ਹੀ ਕੁਝ ਕਰ ਸਕਾਂਗੇ, ਵਰਨਾ ਤਾਂ ਘਰ ਵਿਚ ਮਾਤਮ ਹੁੰਦਾ! ਇਕ ਹੋਰ ਦਿਨ ਜ਼ਿੰਦਗੀ ਦਾ ਮਿਲ ਗਿਆ! ਜਸ਼ਨ ਦੀ ਗੱਲ ਹੋ ਗਈ। ਇਸ ਦਾ ਮਤਲਬ ਹੈ ਕਿ ਖ਼ੁਸ਼ੀ ਤਾਂ ਅੱਖਾਂ ਖੋਲ੍ਹਦੇ ਹੀ ਮਿਲ ਗਈ।

**ਵਰਲਡ ਇਕੋਨੌਮਿਕ ਫੋਰਮ ਵੱਲੋਂ '2019 ਵਰਲਡ ਹੈਪੀਨੈੱਸ' ਰਿਪੋਰਟ ਵਿਚ 156 ਮੁਲਕਾਂ ਉੱਤੇ ਕੀਤੇ ਸਰਵੇਖਣ ਅਨੁਸਾਰ :-**

| | |
|---|---|
| ਫਿਨਲੈਂਡ-ਪਹਿਲਾ ਨੰਬਰ | ਕਨੇਡਾ |
| ਡੈਨਮਾਰਕ | ਆਸਟ੍ਰੀਆ |
| ਨਾਰਵੇ | ਯੂ.ਕੇ. 15ਵੇਂ ਨੰਬਰ |
| ਆਈਸਲੈਂਡ | ਆਇਰਲੈਂਡ 16ਵੇਂ |
| ਨੀਦਰਲੈਂਡ/ਹੋਲੈਂਡ | ਯੂ.ਐਸ.ਏ. 19ਵੇਂ ਨੰਬਰ |
| ਸਵਿਟਜ਼ਰਲੈਂਡ | ਪਾਕਿਸਤਾਨ 67ਵੇਂ |
| ਸਵੀਡਨ | ਭਾਰਤ 140ਵੇਂ |
| ਨਿਊਜ਼ੀਲੈਂਡ | |

**ਕਿਸ ਆਧਾਰ ਉੱਤੇ :-**

1. ਜੀ.ਡੀ.ਪੀ
2. ਸਰਕਾਰੀ ਮਦਦ ਤੇ ਇਕ ਦੂਜੇ ਦਾ ਸਹਾਰਾ ਬਣਨਾ
3. ਲੰਮੀ ਉਮਰ ਭੋਗਣਾ
4. ਆਪਣੀ ਜ਼ਿੰਦਗੀ ਨੂੰ ਜਿਊਣ ਦਾ ਢੰਗ ਆਪਣੇ ਹਿਸਾਬ ਨਾਲ
5. ਭ੍ਰਿਸ਼ਟਾਚਾਰ
6. ਖੁੱਲ੍ਹਦਿਲੀ

ਦੂਜੀ ਵੱਡੀ ਗੱਲ! ਅਸੀਂ ਵੇਖ ਸਕਦੇ ਹਾਂ! ਕਿੰਨੇ ਅੱਜ ਦੇ ਦਿਨ ਉੱਠ ਕੇ ਵੇਖ ਨਹੀਂ ਸਕੇ! ਕੁਝ ਸੁਣ ਨਹੀਂ ਸਕੇ, ਕੁਝ ਤੁਰ ਨਹੀਂ ਸਕੇ! ਅਸੀਂ ਵੇਖਿਆ ਵੀ, ਚਿੜੀਆਂ ਦਾ ਚਹਿਕਣਾ ਸੁਣਿਆ ਵੀ ਤੇ ਆਪਣੇ ਪੈਰਾਂ ਉੱਤੇ ਖੜ੍ਹੇ ਵੀ ਹੋ ਸਕੇ ਹਾਂ! ਫਿਰ ਭਲਾ ਹੱਥ ਜੋੜ ਕੇ ਕੁਦਰਤ ਦਾ ਧੰਨਵਾਦ ਕਿਉਂ ਨਹੀਂ ਕੀਤਾ?

ਇਹ ਧੰਨਵਾਦ ਤੇ ਸ਼ੁਕਰਾਨਾ ਹੀ ਖ਼ੁਸ਼ੀ ਦੇ ਮੀਟਰ ਵਿਚ ਵਾਧਾ ਕਰਦਾ ਹੈ। ਅੱਜ ਪੂਰਾ ਦਿਨ ਅਸੀਂ ਤੁਰ ਫਿਰ ਕੇ, ਕੰਮ ਕਰ ਕੇ, ਪੈਸਾ ਕਮਾ ਕੇ ਰਾਤ ਮੰਜੇ ਉੱਤੇ ਪੈ ਸਕੇ ਹਾਂ। ਇਸ ਦਾ ਮਤਲਬ ਹੈ ਅਨੇਕ ਖ਼ੁਸ਼ੀ ਦੇ ਪਲ ਅਸੀਂ ਵੇਖੇ ਹੋਣਗੇ ਪਰ ਮਹਿਸੂਸ ਨਹੀਂ ਕੀਤੇ। ਇਸ ਦਾ ਮਤਲਬ ਹੈ ਕਿ ਰਾਤ ਨੂੰ ਸੌਣ ਤੋਂ ਪਹਿਲਾਂ ਵੀ ਆਪਣੇ ਜ਼ਿੰਦਾ ਰਹਿਣ ਤੇ ਤੰਦਰੁਸਤ ਰਹਿਣ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ।

ਖ਼ੁਸ਼ੀ ਹਾਸਲ ਕਰਨ ਲਈ ਤਾਂ ਏਨਾ ਹੀ ਬਥੇਰਾ ਹੁੰਦਾ ਹੈ ਕਿ ਲੰਘਦੇ ਜਾਂਦੇ ਬੰਦਿਆਂ ਵੱਲ ਵੇਖ ਕੇ ਮੁਸਕਰਾ ਲਿਆ ਜਾਏ। ਜਿਹੜਾ ਫ਼ੋਨ ਤੋਂ ਪਰ੍ਹਾਂ ਹੋਏਗਾ ਤੇ ਖਿੜਦਾ ਕ੍ਰਿੜਦਾ ਨਾ ਲੰਘਿਆ ਹੋਵੇਗਾ, ਉਨ੍ਹਾਂ ਵਿੱਚੋਂ ਕੋਈ ਇਕ ਹੋ ਸਕਦਾ ਹੈ, ਮੁਸਕਾਨ ਦੇ ਬਦਲੇ ਚਿਹਰੇ ਉੱਤੇ ਮੁਸਕਾਨ ਲੈ ਆਵੇ! ਲਓ ਜੀ ਹੋ ਗਿਆ ਸਿਲਸਿਲਾ ਸ਼ੁਰੂ ਖ਼ੁਸ਼ੀ ਹਾਸਲ ਕਰਨ ਦਾ!

ਨਾ ਦਾਲ ਵੰਡਣੀ ਪਈ, ਨਾ ਡੇਰੇ ਦੇ ਗੇੜੇ ਤੇ ਖ਼ੁਸ਼ੀ ਆਪਣੇ ਆਪ ਹਾਸਲ ਹੋ ਗਈ। ਕੰਮ ਕੀ ਕੀਤਾ? ਸਿਰਫ਼ ਮੱਥੇ ਉੱਤੇ ਪਈਆਂ ਤਿਊੜੀਆਂ ਹਟਾ ਕੇ ਬੁੱਲਾਂ ਨੂੰ ਫਰਕਣ ਦੀ ਖੁੱਲ੍ਹ ਦਿੱਤੀ!

ਘਰ ਵਾਪਸ ਪਹੁੰਚ ਕੇ ਬੱਚਿਆਂ ਨੂੰ ਘੁੱਟ ਕੇ ਪਾਈ ਜੱਫੀ ਤੇ ਵਹੁਟੀ ਨਾਲ ਕੀਤੀਆਂ ਦੋ ਪਿਆਰ ਦੀਆਂ ਗੱਲਾਂ ਜਾਂ ਦੋਸਤ ਨਾਲ ਕੀਤਾ ਖ਼ੁਸ਼ੀ ਦਾ ਇਜ਼ਹਾਰ ਹੀ ਮਨ ਨੂੰ ਮਹਿਕਾਉਣ ਲਈ ਬਥੇਰਾ ਹੁੰਦਾ ਹੈ।

ਕੁਦਰਤ ਨੇ ਤਾਂ ਚੁਫ਼ੇਰੇ ਜ਼ਿੰਦਗੀ ਜੀਊਣ ਦਾ ਢੰਗ ਸਮਝਾਉਣ ਦਾ ਜਤਨ ਕੀਤਾ ਪਿਆ ਹੈ। ਡੂੰਘਾ ਪਾਣੀ ਸ਼ਾਂਤ ਵਹਿੰਦਾ ਹੈ ਪਰ ਥੋੜ੍ਹਾ ਪਾਣੀ ਸ਼ੋਰ ਮਚਾਉਂਦਾ ਲੰਘਦਾ ਹੈ। ਇਹੀ ਵਧੀਆ ਸ਼ਖ਼ਸੀਅਤ ਵਾਲੇ ਇਨਸਾਨ ਦਾ ਗੁਣ ਹੋਣਾ ਚਾਹੀਦਾ ਹੈ। ਪਾਣੀ ਭਾਵੇਂ ਨਿਵਾਣ ਵੱਲ ਵਹੇ, ਪਰ ਉਸ ਵਿਚ ਤਾਕਤ ਹੈ ਕਿ ਸਾਹਮਣੇ ਪਏ ਪੱਥਰ ਨੂੰ ਚੀਰ ਕੇ ਆਪਣਾ ਰਾਹ ਬਣਾ ਸਕਦਾ ਹੈ। ਮਿੱਟੀ ਵੀ ਤਾਂ ਹਰ ਤਰ੍ਹਾਂ ਦੇ ਰੂਪ ਵਿਚ ਢਲ ਜਾਂਦੀ ਹੈ, ਭਾਵੇਂ ਫਸਲ ਹੋਵੇ ਤੇ ਭਾਵੇਂ ਨਦੀਨ, ਆਪਣੇ ਵਿਚ ਉੱਗ ਲੈਣ ਦਿੰਦੀ ਹੈ। ਸਾਰੇ ਜਣੇ ਰਲ ਮਿਲ ਕੇ ਖੇੜਾ ਵੰਡਦੇ ਰਹਿਣ ਤੇ ਇਕ ਦੂਜੇ ਨਾਲ ਮਿਲਵਰਤਣ ਰੱਖਣ। ਇਕ ਜਣਾ ਗੁੱਸੇ ਵਿਚ ਹੈ ਤਾਂ ਦੂਜਾ ਕੁਝ ਪਲ ਸ਼ਾਂਤ ਰਹਿ ਜਾਵੇ! ਜਿਉਂ ਹੀ ਪਹਿਲੇ ਦਾ ਗੁੱਸਾ ਘਟਿਆ, ਉਸ ਆਪੇ ਨੇੜੇ ਆ ਜਾਣਾ ਹੈ। ਪਰ, ਇਕ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ। ਜੋ ਬੀਜਿਆ ਜਾਵੇ, ਉੱਗਦਾ ਉਹੀ ਹੈ। ਧਤੂਰਾ ਬੀਜ ਕੇ ਅੰਬ ਨਹੀਂ ਲਾਹੇ ਜਾ ਸਕਦੇ।

ਇੰਜ ਹੀ ਗੁੱਸਾ ਵੰਡਣ ਨਾਲ ਪਿਆਰ ਹਾਸਲ ਨਹੀਂ ਹੋ ਸਕਦਾ ਤੇ ਨਾ ਹੀ ਖ਼ੁਸ਼ੀ! ਸੋ ਖ਼ੁਸ਼ੀ ਹਾਸਲ ਕਰਨ ਲਈ ਵੰਡਣੀ ਵੀ ਖ਼ੁਸ਼ੀ ਹੀ ਪੈਂਦੀ ਹੈ, ਕਾਲੀ ਦਾਲ ਨਹੀਂ! ਔਖੇ ਸਮੇਂ ਵਿਚ ਵੀ ਜ਼ਿੰਦਾ ਰਹਿਣ ਦਾ ਸ਼ੁਕਰਾਨਾ ਕਰਦੇ ਸਾਰ ਉਹ ਸਮਾਂ ਜਰ ਜਾਣ ਦੀ ਹਿੰਮਤ ਮਿਲ ਜਾਂਦੀ ਹੈ। ਫਿਰ ਉਡੀਕ ਕਾਹਦੀ ਹੈ? ਚਲੋ ਸਾਰੇ ਰਲ ਮਿਲ ਕੇ ਭਾਰਤੀ ਲੋਕਾਂ ਦੇ ਖ਼ੁਸ਼ੀ ਦੇ ਮੀਟਰ ਨੂੰ ਉਤਾਂਹ ਚੁੱਕੀਏ ਤੇ ਦੁਨੀਆ ਦੇ ਚੋਟੀ ਦੇ 10 ਮੁਲਕਾਂ ਵਿਚ ਸ਼ਾਮਲ ਹੋ ਜਾਈਏ!

ਇਹ ਵੀ ਚੇਤੇ ਰੱਖਣ ਦੀ ਗੱਲ ਹੈ ਕਿ ਸੰਨ 1990 ਵਿਚ ਫਿਨਲੈਂਡ ਵਿਚ ਆਤਮ ਹੱਤਿਆ ਕਰਨ ਦਾ ਰੁਝਾਨ ਚਰਮ ਸੀਮਾ ਉੱਤੇ ਸੀ। ਪਰ, ਅੱਜ ਉਹੀ ਮੁਲਕ ਖ਼ੁਸ਼ੀ ਦੇ ਮੀਟਰ ਵਿਚ ਪਹਿਲਾ ਨੰਬਰ ਹਾਸਲ ਕਰ ਚੁੱਕਿਆ ਹੈ। ਕਾਰਨ ਇਹ ਕਿ ਪਹਿਲਾਂ ਉਹ ਲੋਕ ਮਨ ਅੰਦਰ ਮਾੜੀਆਂ ਗੱਲਾਂ ਡੂੰਘੀਆਂ ਵਸਾਈ ਰੱਖਦੇ ਸਨ, ਪਰ ਹੁਣ ਢਹਿੰਦੀ ਕਲਾ ਦਾ ਇਲਾਜ ਛੇਤੀ ਕਰਵਾ ਕੇ ਪੈਸੇ ਵੱਧ ਕਮਾਉਣ ਨਾਲੋਂ ਖ਼ੁਸ਼ੀ ਵੱਧ ਮਹਿਸੂਸ ਕਰਨ ਨੂੰ ਤਰਜੀਹ ਦੇਣ ਲੱਗ ਪਏ ਹਨ। ਸਾਨੂੰ ਵੀ ਇਹੀ ਸਿੱਖਣ ਦੀ ਲੋੜ ਹੈ ਕਿ ਪੈਸੇ ਕਮਾਉਂਦਿਆਂ ਜ਼ਿੰਦਗੀ ਖ਼ਤਮ ਕਰਨ ਨਾਲੋਂ ਜਿੰਨੀ ਵੀ ਬਚੀ ਹੈ, ਉਸ ਜ਼ਿੰਦਗੀ ਨੂੰ ਜੀਅ ਕੇ ਵੇਖ ਲਈਏ! •



# ਹੱਸਣ ਦੀ ਆਦਤ ਪਾ ਸੱਜਣਾ

• ਇਕਵਾਕ ਸਿੰਘ ਪੱਟੀ

**ਹੱਸਣ ਦਾ ਸਿੱਧਾ ਸਬੰਧ ਸਾਡੇ ਸੁਭਾਅ ਅਤੇ ਆਲੇ ਦੁਆਲੇ ਦੇ ਮਾਹੌਲ 'ਤੇ ਨਿਰਭਰ ਕਰਦਾ ਹੈ ਪਰ ਵਿਗਿਆਨਕ ਤੌਰ 'ਤੇ ਹੱਸਣ ਦੇ ਬਹੁਤ ਸਾਰੇ ਫ਼ਾਇਦੇ ਹੁੰਦੇ ਹਨ। ਦੋਸਤੋ ਸਾਰ ਇਹ ਹੈ ਕਿ ਹੱਸਣਾ ਅਤੇ ਹਸਾਉਣਾ ਸਾਡੀ ਜ਼ਿੰਦਗੀ ਦਾ ਹਿੱਸਾ ਹੋਣਾ ਚਾਹੀਦਾ ਹੈ ਤੇ ਹੱਸਦੇ ਖੇਡਦੇ ਜ਼ਿੰਦਗੀ ਨੂੰ ਬਿਤਾਉਣਾ ਸਾਡਾ ਮਕਸਦ। ਪਰ ਯਾਦ ਰਹੇ ਸਾਡਾ ਹਾਸਾ ਕਿਸੇ ਹੋਰ ਵਿਅਕਤੀ ਦੇ ਦਿਲ ਨੂੰ ਰੁਆ ਨਾ ਗਿਆ ਹੋਵੇ। ਇਹ ਵੀ ਖਿਆਲ ਰੱਖਣਾ ਹੈ ਕਿ ਕਿਤੇ ਸਾਰੀ ਜ਼ਿੰਦਗੀ ਬਿਨਾਂ ਵਜ੍ਹਾ ਤੇ ਹੰਕਾਰ ਵਿਚ ਨਕਲੀ ਹਾਸਾ ਹੱਸਦਿਆਂ ਹੀ ਨਾ ਨਿਕਲ ਜਾਵੇ...**

ਖ਼ੁਸ਼ ਰਹਿਣ ਨੂੰ ਇਕ ਕਲਾ ਮੰਨਿਆ ਗਿਆ ਪਰ ਇਹ ਵੀ ਸੱਚ ਹੈ ਕਿ ਅਜੋਕੇ ਦੌਰ ਵਿਚ ਇਹ ਕਲਾ ਕਿਸੇ ਵਿਰਲੇ ਦੇ ਹੀ ਵੱਸ ਵਿਚ ਹੈ। ਜਿਸ ਦਾ ਮੁੱਖ ਕਾਰਨ ਪਦਾਰਥਵਾਦ ਵਿਚ ਮਨੁੱਖਤਾ ਦਾ ਖਚਿੱਤ ਹੋ ਜਾਣਾ, ਪੈਸੇ ਦੀ ਦੌੜ, ਚਮਕ-ਦਮਕ ਵਾਲੀ ਜ਼ਿੰਦਗੀ ਦੇ ਪਿੱਛੇ ਭੱਜਣਾ, ਰਿਸ਼ਤਿਆਂ ਵਿਚ ਖਟਾਸ ਪੈਦਾ ਹੋ ਜਾਣਾ, ਤਕਨਾਲੋਜੀ ਵਿਚ ਵਿਅਸਤ ਹੋ ਜਾਣਾ, ਦਿਸਣ ਵਾਲੀਆਂ ਮਹਿੰਗੀਆਂ ਸ਼ੈਆਂ ਨੂੰ ਖ਼ਰੀਦਣ ਜਾਂ ਅਪਨਾਉਣ ਬਾਰੇ ਸੋਚਦੇ ਰਹਿਣਾ, ਦੌਲਤ-ਸ਼ੋਹਰਤ ਨੂੰ ਹੀ ਜ਼ਿੰਦਗੀ ਦਾ ਮਕਸਦ ਮੰਨ ਬੈਠਣਾ ਆਦਿ। ਪਾਵਣ ਗੁਰੂ-ਬਾਣੀ ਸਮਝਾਉਂਦੀ ਹੈ, 'ਦ੍ਰਿਸਟਿਮਾਨ ਸਭੁ ਬਿਨਸੀਐ' ਭਾਵ ਜੋ ਕੁਝ ਵੀ ਤੂੰ ਇਸ ਸੰਸਾਰ ਵਿਚ ਦੇਖ ਰਿਹਾ ਹਾਂ, ਇਹ ਸਭ ਕੁਝ ਬਿਨਸਣਹਾਰ ਭਾਵ ਨਾਸ਼ਮਾਨ ਹੈ ਅਤੇ ਰਹੀ ਗੱਲ ਇਕ ਵਾਰ ਇਨ੍ਹਾਂ ਚੀਜ਼ਾਂ/ਪਦਾਰਥਾਂ ਨੂੰ ਆਪਣਾ ਬਣਾਉਣ ਦੀ ਤਾਂ ਜਪੁਜੀ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਬਚਨ ਬੜੇ ਕਮਾਲ ਦੇ ਹਨ, 'ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ' ਕਿ ਤ੍ਰਿਸ਼ਨਾ ਤਾਂ ਸਾਰੇ ਭਵਨਾਂ ਦੇ ਖ਼ਜ਼ਾਨੇ ਇਕੱਠੇ ਕਰਨ ਤੋਂ ਬਆਦ ਵੀ ਖ਼ਤਮ ਨਹੀਂ ਹੋਣੀ ਤਾਂ ਫਿਰ ਕਿਉਂ ਇਨ੍ਹਾਂ ਪਿੱਛੇ ਲੱਗ ਕੇ ਆਪ ਦੁਖੀ ਹੋਣਾ ਅਤੇ ਹੋਰਨਾਂ ਨੂੰ ਦੁਖੀ ਕਰਨਾ।

ਇਸ ਬਾਬਤ ਗੁਰਬਾਣੀ ਵਿਚ ਬਹੁਤ ਸੋਹਣਾ ਦ੍ਰਿਸ਼ਟਾਂਤ ਮਿਲਦਾ ਹੈ, 'ਵਿਣੁ ਤੁਧੁ ਹੋਰੁ ਜੇ ਮੰਗਣਾ ਸਿਰਿ ਦੁਖਾ ਕੈ ਦੁਖ॥ ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ' ਕਿ ਸੰਸਾਰ ਵਿਚ ਜਨਮ ਲੈਣ ਤੋਂ ਬਾਅਦ ਰੱਬੀ ਗੁਣਾਂ ਦੇ ਨਾਲ ਸਾਂਝ ਪਾ ਲੈਣੀ ਹੀ ਅਸਲ ਸੁੱਖ ਹੈ ਅਤੇ ਇਹੋ ਇਕ ਢੰਗ ਹੈ ਜਿਸ ਨਾਲ ਅਸੀਂ ਪਰਮਾਤਮਾ ਨਾਲ ਸਾਂਝ ਪਾ ਕੇ ਐਸਾ ਰੱਜ, ਸਬਰ, ਸੰਤੋਖ ਅਤੇ ਸਹਿਨਸ਼ੀਲਤਾ ਆਪਣੇ ਮਨ ਅੰਦਰ ਪੈਦਾ ਕਰ ਸਕਦੇ ਹਾਂ ਜੋ ਦੁਨਿਆਵੀ ਤੌਰ 'ਤੇ ਨਾ ਤਾਂ ਖ਼ਰੀਦਿਆ ਜਾ ਸਕਦਾ ਹੈ ਨਾ ਹੀ ਹੱਟਾਂ 'ਤੇ ਵਿਕਦਾ ਹੈ।

ਮੈਂ ਅਕਸਰ ਇਹ ਕਹਿੰਦਾ ਹੁੰਦਾ ਕਿ ਹੱਸਦੇ ਰਹਿਣ ਵਾਲਾ ਮਨੁੱਖ ਆਪਣੀ ਜ਼ਿੰਦਗੀ ਦੀਆਂ ਔਖੀਆਂ ਘੜੀਆਂ ਨੂੰ ਵੀ ਬੜੇ ਸਬਰ, ਸਹਿਣਸ਼ੀਲ਼ਤਾ ਅਤੇ ਠਰੰਮੇ ਨਾਲ ਲੰਘਾ ਲੈਂਦਾ ਹੈ ਜਦਕਿ ਇਸ ਦੀ ਉਲਟ ਉਦਾਸ ਅਤੇ ਚਿੰਤਾਤੁਰ ਰਹਿਣ ਵਾਲਾ ਵਿਅਕਤੀ ਆਪਣੇ ਸਮੇਂ ਦੇ ਨਾਲ ਸਿਹਤ ਦਾ ਵੀ ਵੱਡਾ ਨੁਕਸਾਨ ਕਰ ਬੈਠਦਾ ਹੈ। ਸ਼ਾਇਦ ਇਸੇ ਕਰਕੇ ਕਿਹਾ ਗਿਆ 'ਹੱਸਦਿਆਂ ਦੇ ਘਰ ਵਸਦੇ'। ਇਸ ਲਈ ਜ਼ਰੂਰੀ ਹੈ ਕਿ ਜ਼ਿੰਦਗੀ ਵਿਚਲੇ ਉਦਾਸੀ ਦੇ ਹਨੇਰਿਆਂ ਨੂੰ ਚੀਰ ਕੇ, ਖਿੜਖਿੜਾ ਕੇ ਹੱਸਦੇ ਹੋਏ, ਅਨੰਦ ਮੰਗਲ ਜੀਵਨ ਜਿਊਣ ਕੋਸ਼ਿਸ਼ ਹੀ ਨਹੀਂ ਬਲਕਿ ਖ਼ੁਸ਼ੀਆਂ ਖੇੜਿਆਂ ਭਰੀ ਜ਼ਿੰਦਗੀ ਜੀਵਿਆ ਕਰੀਏ। ਕਿਹਾ ਜਾਂਦਾ ਹੈ ਕਿ, 'ਜਦੋਂ ਤੁਸੀਂ ਹੱਸਦੇ ਹੋ ਤਾਂ ਪਰਮਾਤਮਾ ਦੀ ਪ੍ਰਾਥਨਾ ਕਰਨ ਦੇ ਬਰਾਬਰ ਹੈ ਅਤੇ ਜਦੋਂ ਤੁਸੀਂ ਕਿਸੇ ਨੂੰ ਹਸਾਉਂਦੇ ਹੋ ਤਾਂ ਇਵੇਂ ਹੈ ਕਿ ਪਰਮਾਤਮਾ ਤੁਹਾਡੇ ਲਈ ਪ੍ਰਾਥਨਾ ਕਰ ਰਿਹਾ ਹੈ।' ਇਹ ਮੰਨਿਆ ਜਾਂਦਾ ਹੈ ਕਿ, 'ਹਾਸਾ ਇਕ ਇਹੋ ਜਿਹਾ ਹਾਂ-ਪੱਖੀ ਅਤੇ ਸ਼ਕਤੀਸ਼ਾਲੀ ਅਹਿਸਾਸ ਹੈ, ਜੋ ਸਾਨੂੰ ਨਿੱਜੀ ਤੌਰ 'ਤੇ ਅਤੇ ਦੁਨੀਆ ਨੂੰ ਬੜੇ ਹੀ ਆਨੰਦਮਈ, ਸ਼ਾਂਤੀ ਭਰੇ ਅਤੇ ਹਾਂ ਪੱਖੀ ਰਸਤੇ 'ਤੇ ਲਿਜਾਣ ਦੀ ਸਮਰੱਥਾ ਰੱਖਦਾ ਹੈ। ਹੱਸਣਾ ਅਤੇ ਹਸਾਉਣਾ ਇਕ ਕਲਾ ਹੈ। ਇਸੇ ਹੀ ਸੰਦਰਭ ਵਿਚ ਪੰਜਾਬੀ ਦੀ ਇਕ ਕਹਾਵਤ ਵੀ ਬੜੀ ਮਸ਼ਹੂਰ ਹੈ ਕਿ, 'ਹਾਸਾ ਨਿਰਾ ਪਤਾਸਾ, ਰੋਣਾ ਉਮਰਾਂ ਦਾ ਧੋਣਾ।' ਅਫਸੋਸ ਕਿ ਹੱਸਣ ਨੂੰ ਅੰਧਵਿਸ਼ਵਾਸ ਨਾਲ ਜੋੜ ਕੇ ਬੱਚਿਆਂ ਤੋਂ ਲੈ ਕੇ ਵੱਡਿਆਂ ਤਕ ਦੀ ਮਾਨਸਿਕਤਾ ਨੂੰ ਤਾਲਾ ਲਗਾ ਦਿੱਤਾ, ਅਖੇ, ਜ਼ਿਆਦਾ ਹੱਸਣ ਤੋਂ ਬਾਅਦ ਜ਼ਿਆਦਾ ਹੀ ਰੋਣਾ ਪੈਂਦਾ ਹੈ।

ਜ਼ਿਕਰਯੋਗ ਹੈ ਕਿ ਹੱਸਣ ਦਾ ਸਿੱਧਾ ਸਬੰਧ ਸਾਡੇ ਸੁਭਾਅ ਅਤੇ ਆਲੇ ਦੁਆਲੇ ਦੇ ਮਾਹੌਲ 'ਤੇ ਨਿਰਭਰ ਕਰਦਾ ਹੈ ਪਰ ਵਿਗਿਆਨਕ ਤੌਰ 'ਤੇ ਹੱਸਣ ਦੇ ਬਹੁਤ ਸਾਰੇ ਫ਼ਾਇਦੇ ਹੁੰਦੇ ਹਨ। ਮੈਰੀਲੈਂਡ ਯੂਨੀਵਰਸਿਟੀ ਦੇ ਡਾ. ਜੂਡੀ ਅਨੁਸਾਰ ਹੱਸਣ ਨਾਲ ਦਿਲ, ਫੇਫੜੇ ਤੇ ਜਿਗਰ ਦੀ ਕਸਰਤ ਹੁੰਦੀ ਹੈ ਅਤੇ ਖੁੱਲ੍ਹ ਕੇ ਹੱਸਣ ਨਾਲ ਸਾਡੇ ਸਰੀਰ ਅੰਦਰ ਊਰਜਾ ਪੈਦਾ ਹੁੰਦੀ ਹੈ ਤੇ ਪਾਚਣ ਸ਼ਕਤੀ ਨਾਲ ਸਬੰਧਤ ਰੋਗ ਠੀਕ ਹੁੰਦੇ ਹਨ, ਇਸ ਦੇ ਨਾਲ ਹੀ ਪੱਠਿਆਂ ਦਾ ਖਿਚਾਅ, ਤਣਾਅ ਵਾਲੇ ਹਾਰਮੋਨਜ਼, ਬੀ ਪੀ ਅਤੇ ਦਿਲ ਦੇ ਦੌਰੇ ਦਾ ਖ਼ਤਰਾ ਵੀ ਘੱਟ ਜਾਂਦਾ ਹੈ। ਇਕ ਖੋਜ ਅਨੁਸਾਰ 'ਹਾਸਾ ਸਾਡੇ ਤਣਾਅ ਨੂੰ ਘੱਟ ਕਰ ਕੇ ਮਾਨਸਿਕ ਤੌਰ 'ਤੇ ਸੰਤੁਸ਼ਟੀ ਦਿੰਦਾ ਹੈ।' ਪੰਜਾਬੀ ਲੋਕ ਗੀਤਾਂ ਅਤੇ ਬੋਲੀਆਂ ਵਿਚ ਤਾਂ ਹਾਸੇ ਦੀ ਵਿਸ਼ੇਸ਼ ਥਾਂ ਹੈ :

*-ਇਹ ਦੁਨੀਆ ਮੰਡੀ ਪੈਸੇ ਦੀ,*
*ਹਰ ਚੀਜ਼ ਵਿਕਦੀ ਏ ਭਾਅ ਸੱਜਣਾ*
*ਇੱਥੇ ਰੋਂਦੇ ਚਿਹਰੇ ਨਹੀਂ ਵਿਕਦੇ,*
*ਹੱਸਣ ਦੀ ਆਦਤ ਪਾ ਸੱਜਣਾ।'*
*-ਚਿੱਟੇ ਦੰਦ ਹੱਸਣੋਂ ਨਾ ਰਹਿੰਦੇ,*
*ਲੋਕੀ ਭੈੜੇ ਸ਼ੱਕ ਕਰਦੇ।*
*-ਹੱਸਦਿਆਂ ਦੇ ਘਰ ਵੱਸਦੇ।*
*-ਹਾਸਾ ਨਿਰਾ ਪਤਾਸਾ,*
*ਰੋਣਾ ਉਮਰਾਂ ਦਾ ਧੋਣਾ।*

ਪੁਰਾਣੇ ਸਮੇਂ ਵਿਚ ਸਿਆਣੇ ਬਜ਼ੁਰਗ 'ਹਮੇਸ਼ਾਂ ਹੱਸਦੇ ਵਸਦੇ ਰਹੋ' ਦੀ ਆਸੀਸ ਦਿਆ ਕਰਦੇ ਸਨ। ਵੈਸੇ ਵੀ ਹਸਮੁੱਖ ਇਨਸਾਨ ਹਰ ਇਕ ਨੂੰ ਚੰਗਾ ਲਗਦਾ ਤੇ ਹਰ ਕੋਈ ਖ਼ੁਸ਼ ਰਹਿਣਾ ਚਾਹੁੰਦਾ। ਉਤਰਾਅ-ਚੜ੍ਹਾਅ ਜ਼ਿੰਦਗੀ ਦਾ ਹਿੱਸਾ ਹਨ ਤੇ ਸੁੱਖ-ਦੁੱਖ ਇਕ ਜ਼ਰੂਰੀ ਅਹਿਸਾਸ ਹੈ। ਦੁੱਖਾਂ ਵਿਚ ਦੁਖੀ ਹੋਣਾ ਜਾਂ ਰੋਣਾ ਵੀ ਜ਼ਰੂਰੀ ਹੈ। ਇਕ ਛੋਟੀ ਜਿਹੀ ਮੁਸਕਰਾਹਟ ਦੁੱਖਾਂ ਦੇ ਵੱਡੇ-ਵੱਡੇ ਪਹਾੜਾਂ ਨੂੰ ਪਾਰ ਕਰਨ ਦੀ ਸਮਰੱਥਾ ਬਖਸ਼ਣ ਦਾ ਬਲ ਰੱਖਦੀ ਹੈ। ਦੁੱਖ ਦੀ ਗੱਲ ਕਰੀਏ ਤਾਂ ਹਰ ਮਨੁੱਖ ਦੇ ਜੀਵਨ ਵਿਚ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹਨ, ਭਾਵੇਂ ਕਿ ਉਸਦਾ ਰੂਪ ਕਿਸੇ ਵੀ ਤਰ੍ਹਾਂ ਦਾ ਹੋਵੇ। ਦੁੱਖ ਤਾਂ ਦੁੱਖ ਹੈ, ਇਸ ਨੂੰ ਛੋਟਾ ਜਾਂ ਵੱਡਾ ਕਹਿ ਕੇ ਮਾਪਣਾ ਔਖਾ ਹੈ। ਇਸ ਗੱਲ ਦੀ ਗਵਾਹੀ ਬਾਬਾ ਫ਼ਰੀਦ ਜੀ ਨੇ ਗੁਰਬਾਣੀ ਅੰਦਰ ਬੜੀ ਕਮਾਲ ਦੀ ਦਿੱਤੀ ਹੈ 'ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥ ਊਚੇ ਚੜਿ ਕੇ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥' (ਅੰਗ 1382) ਉੱਥੇ ਜਗਤ ਗੁਰੂ, ਗੁਰੂ ਨਾਨਕ ਪਾਤਸ਼ਾਹ ਦੇ ਸ਼ਬਦ, 'ਨਾਨਕ ਦੁਖੀਆ ਸਭੁ ਸੰਸਾਰ' ਵੀ ਸੰਸਾਰ ਦੇ ਅੰਦਰਲੇ ਹਾਲਾਤ ਦੇਖਕੇ ਅੱਜ ਵੀ ਬੜੇ ਵਾਜਬ ਲੱਗਦੇ ਹਨ। ਤਾਂ ਹੀ ਕਿਹਾ ਜਾਂਦਾ ਹੈ ਹਾਸਾ ਵੰਡੀਏ ਤਾਂ ਹਾਸਾ ਦੁੱਗਣਾ ਵੱਧਦਾ ਹੈ ਅਤੇ ਦੁੱਖ ਵੰਡੀਏ ਤਾਂ ਦੁੱਖ ਘੱਟਦਾ ਹੈ।

ਗੁਰਬਾਣੀ ਅੰਦਰ ਜੀਵਨ ਜਾਚ ਸਮਝਾਉਂਦਿਆਂ ਪਰਮਾਤਮਾ ਦੀ ਪ੍ਰਾਪਤੀ ਕਰਨ ਹਿੱਤ ਬੜਾ ਖ਼ੂਬਸੂਰਤ ਜ਼ਿਕਰ ਕੀਤਾ ਹੈ ਕਿ, 'ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥' (ਅੰਗ 522) ਭਾਵ ਜੇ ਸੱਚੇ ਗੁਰੂ ਦੇ ਲੜ ਲੱਗ ਜਾਈਏ ਤਾਂ ਜੀਵਨ ਜਿਊਣ ਦੀ ਜਾਚ ਆ ਜਾਂਦੀ ਅਤੇ ਫਿਰ ਇਸ ਤਰ੍ਹਾਂ ਹੱਸਦਿਆਂ ਖੇਡਦਿਆਂ ਖਾਂਦਿਆਂ ਪਹਿਨਦਿਆਂ (ਭਾਵ ਦੁਨੀਆ ਦੇ ਸਾਰੇ ਕੰਮ ਕਾਰ ਕਰਦਿਆਂ) ਵਿਕਾਰਾਂ ਤੋਂ ਬਚੇ ਰਹੀਦਾ ਹੈ। ਸੋ ਇਹੀ ਉਦੇਸ਼ ਕਿ ਜ਼ਿੰਦਗੀ ਹੱਸ ਕੇ ਕੱਟਣੀ ਐਨੀ ਔਖੀ ਨਹੀਂ, ਜਿੰਨੀ ਦੁੱਖ ਤਕਲੀਫਾਂ ਦੀ ਨੁਮਾਇਸ਼ ਕਰ-ਕਰ ਕੇ ਝੂਠੀ ਹਮਦਰਦੀ ਹਾਸਲ ਕਰਦਿਆਂ ਕੱਟਣੀ ਔਖੀ ਹੈ। ਅੱਜ ਦੀ ਭੱਜ ਦੌੜ ਵਿਚ ਮਨੁੱਖ ਦੁਖੀ ਤਾਂ ਜ਼ਰੂਰ ਰਹਿੰਦਾ ਹੈ ਪਰ ਖ਼ੁਸ਼ ਰਹਿਣ ਲਈ ਕਦੇ ਉੱਦਮ ਨਹੀਂ ਕਰਦਾ। ਅਜੋਕੇ ਮਸ਼ੀਨੀ ਯੁੱਗ ਵਿਚ ਹਾਸਾ ਤਾਂ ਮਨੁੱਖੀ ਜੀਵਨ ਵਿੱਚੋਂ ਕਿਤੇ ਵਿਸਰ ਹੀ ਗਿਆ ਹੋਵੇ।

ਬਹੁਤ ਇਹ ਵਿਚਾਰ ਰੱਖਦੇ ਹਨ ਕਿ, 'ਜਦੋਂ ਬਹੁਤ ਪੈਸੇ ਹੋਣਗੇ ਤਾਂ ਅਸੀਂ ਘੁੰਮਣ ਫਿਰਨ ਜਾਵਾਂਗੇ' ਸਾਨੂੰ ਇਹ ਖ਼ਿਆਲ ਮੁੱਢ ਤੋਂ ਤਿਆਗ ਦੇਣਾ ਚਾਹੀਦਾ ਹੈ। ਬਿਨਾਂ ਜ਼ਿਆਦਾ ਪੈਸੇ ਖ਼ਰਚ ਕੀਤੇ, ਆਪਣੇ ਜਾਂ ਆਪਣੇ ਘਰ ਦੇ ਨੇੜਲੇ ਕਿਸੇ ਦੂਜੇ ਸ਼ਹਿਰ ਜਾ ਕੇ ਉੱਥੋਂ ਦੀ ਚਹਿਲ ਪਹਿਲ ਜਾਂ ਘੁੰਮਣ ਵਾਲੀਆਂ ਥਾਵਾਂ ਦਾ ਆਨੰਦ ਲਿਆ ਜਾ ਸਕਦਾ ਹੈ। ਨਹੀਂ ਤਾਂ ਖ਼ੁਸ਼ੀਆਂ ਨੂੰ ਨਜ਼ਰ ਅੰਦਾਜ਼ ਕਰਦੇ ਰਹਿਣ ਦੀ ਆਦਤ ਵੀ ਸਾਡੀ ਊਰਜਾ ਨੂੰ ਨਸ਼ਟ ਕਰ ਦਿੰਦੀ ਹੈ।

ਇਕ ਸਰਵੇ ਅਨੁਸਾਰ ਲਗਪਗ 65 ਫੀਸਦੀ ਤੋਂ ਜ਼ਿਆਦਾ ਲੋਕਾਂ ਕੋਲ ਹੱਸਣ ਦਾ ਸਮਾਂ ਹੀ ਨਹੀਂ ਹੈ। ਸ਼ਾਇਦ ਇਸੇ ਕਰਕੇ ਸ਼ੂਗਰ, ਦਿਲ ਦਾ ਦੌਰਾ, ਬਲੱਡ ਪ੍ਰੈਸ਼ਰ ਤੇ ਹੋਰ ਬਿਮਾਰੀਆਂ ਵਿਚ ਆਏ ਦਿਨ ਵਾਧਾ ਹੋ ਰਿਹਾ ਹੈ। ਜਦਕਿ ਡਾਕਟਰਾਂ ਦਾ ਮੰਨਣਾ ਹੈ ਕਿ ਹਰ ਦਿਨ ਸਵੇਰੇ ਹੱਸਿਆ ਜਾਵੇ ਤਾਂ ਦਿਮਾਗ਼ ਨੂੰ ਸਕੂਨ ਮਿਲਦਾ ਹੈ ਅਤੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਛੁਟਕਾਰਾ ਮਿਲ ਜਾਂਦਾ ਹੈ।

ਸ਼ਾਇਦ ਤਾਂ ਹੀ ਅੱਜ ਸੁਚੇਤ ਬੁੱਧੀਜੀਵੀਆਂ ਵੱਲੋਂ ਇਕ ਖ਼ਾਸ ਦਿਨ ਚੁਣ ਕੇ ਸਮੁੱਚੀ ਮਨੁੱਖਤਾ ਨੂੰ ਸਾਲ ਭਰ ਹੱਸਦੇ ਰਹਿਣ ਲਈ ਯਾਦ ਕਰਵਾਇਆ ਜਾਂਦਾ ਹੈ ਅਤੇ ਇਸ ਦਿਨ ਦਾ ਨਾਮ ਹੈ 'ਵਿਸ਼ਵ ਹਾਸਾ ਦਿਵਸ'। ਇਸਦੀ ਸ਼ੁਰੂਆਤ 11 ਜਾਂ 12 ਜਨਵਰੀ 1998 ਵਿਚ ਮੁੰਬਈ ਤੋਂ ਹੋਈ ਸੀ ਅਤੇ ਹੁਣ ਇਹ ਸਾਲ 2005 ਤੋਂ ਹਰ ਸਾਲ ਮਈ ਦੇ ਪਹਿਲੇ ਐਤਵਾਰ ਮਨਾਇਆ ਜਾਂਦਾ ਹੈ। ਇਸ ਨੂੰ ਸ਼ੁਰੂ ਕਰਨ ਵਿਚ ਸਭ ਤੋਂ ਅਹਿਮ ਯੋਗਦਾਨ ਡਾ. ਮਦਨ ਕਟਾਰੀਆ ਨੇ ਪਾਇਆ ਜਿਨ੍ਹਾਂ ਨੇ ਲਾਫਟਰ ਯੋਗਾ ਮੂਵਮੈਂਟ ਸ਼ੁਰੂ ਕੀਤੀ ਸੀ। ਇਕ ਅੰਦਾਜ਼ੇ ਅਨੁਸਾਰ ਦੁਨੀਆ ਭਰ ਵਿਚ 8000 ਦੇ ਕਰੀਬ ਲਾਫਟਰ ਕਲੱਬ ਹਨ ਜਿਸ ਵਿੱਚੋਂ ਭਾਰਤ 'ਚ ਇਨ੍ਹਾਂ ਦੀ ਗਿਣਤੀ 600 ਦੇ ਕਰੀਬ ਬਣਦੀ ਹੈ।

ਚੁਟਕਲਿਆਂ, ਲਤੀਫਿਆਂ, ਹਾਸਰਾਸ ਕਵਿਤਾਵਾਂ, ਹਾਸ ਵਿਅੰਗਾਂ ਰਾਹੀਂ ਵੀ ਮਨੁੱਖ ਨੂੰ ਹਸਾਉਣ ਦਾ ਯਤਨ ਕੀਤਾ ਜਾਂਦਾ ਰਿਹਾ ਹੈ ਅਤੇ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਪਿਛਲੇ ਕੁਝ ਸਮੇਂ ਤੋਂ ਖ਼ਾਸ ਕਰ ਕੇ ਪੰਜਾਬ ਵਿਚ ਵੱਡੇ ਪੱਧਰ 'ਤੇ ਹਾਸਰਾਸ (ਕਾਮੇਡੀ) ਵਿਸ਼ੇ ਉੱਤੇ ਵੱਡੀ ਗਿਣਤੀ ਵਿਚ ਫਿਲਮਾਂ ਦਾ ਨਿਰਮਾਣ ਹੋਇਆ ਹੈ ਅਤੇ ਰਾਸ਼ਟਰੀ ਅਤੇ ਸੂਬਾ ਪੱਧਰ ਤੇ ਚੈਨਲਾਂ 'ਤੇ ਵੀ ਕਈ ਤਰ੍ਹਾਂ ਦੇ ਕਾਮੇਡੀ ਸੀਰੀਅਲ ਵੇਖਣ ਨੂੰ ਮਿਲੇ ਅਤੇ ਮਿਲ ਰਹੇ ਹਨ, ਜਿਨ੍ਹਾਂ ਨੂੰ ਦੇਖ ਕੇ ਦਰਸ਼ਕਾਂ ਦੇ ਚਿਹਰੇ ਤੇ ਹਾਸਾ ਆਇਆ ਹੈ ਅਤੇ ਦਰਸ਼ਕਾਂ ਵੱਲੋਂ ਬੜੀ ਸ਼ਿੱਦਤ ਨਾਲ ਇਹ ਸੀਰੀਅਲ ਪਸੰਦ ਕੀਤੇ ਗਏ ਹਨ।



ਕਈ ਵਾਰ ਕਲਾਕਾਰ ਹਾਸੇ-ਹਾਸੇ ਵਿਚ ਵੀ ਜ਼ਿੰਦਗੀ ਦੇ ਕਈ ਅਹਿਮ ਸੱਚ/ਤੱਤ ਸਮਝਾ ਜਾਂਦਾ ਹੈ। ਸੋ ਦੋਸਤੋ ਸਾਰ ਇਹ ਹੈ ਕਿ ਹੱਸਣਾ ਅਤੇ ਹਸਾਉਣਾ ਇਹ ਸਾਡੀ ਜ਼ਿੰਦਗੀ ਦਾ ਹਿੱਸਾ ਹੋਣਾ ਚਾਹੀਦਾ ਹੈ ਤੇ ਹੱਸਦੇ ਖੇਡਦੇ ਜ਼ਿੰਦਗੀ ਨੂੰ ਬਿਤਾਉਣਾ ਸਾਡਾ ਮਕਸਦ। ਪਰ ਯਾਦ ਰਹੇ ਸਾਡਾ ਹਾਸਾ ਕਿਸੇ ਹੋਰ ਵਿਅਕਤੀ ਦੇ ਦਿਲ ਨੂੰ ਰੁਆ ਨਾ ਗਿਆ ਹੋਵੇ। ਇਹ ਵੀ ਖਿਆਲ ਰੱਖਣਾ ਹੈ ਕਿਤੇ ਸਾਰੀ ਜ਼ਿੰਦਗੀ ਬਿਨਾਂ ਵਜ੍ਹਾ ਤੇ ਹੰਕਾਰ ਵਿਚ ਨਕਲੀ ਹਾਸਾ ਹੱਸਦਿਆਂ ਹੀ ਨਾ ਨਿਕਲ ਜਾਵੇ। •

# ਸਮੱਸਿਆਵਾਂ ਤੋਂ ਕਾਹਦਾ ਡਰਨਾ

• ਕੈਲਾਸ਼ ਚੰਦਰ ਸ਼ਰਮਾ
98774-66607

**ਅਸੀਂ ਛੋਟੀਆਂ-ਛੋਟੀਆਂ ਗੱਲਾਂ ਆਪਣੇ ਦਿਮਾਗ਼ ਵਿਚ ਭਰੀ ਜਾਂਦੇ ਹਾਂ ਅਤੇ ਆਪਣੀ ਊਰਜਾ ਖ਼ਤਮ ਕਰਦੇ ਰਹਿੰਦੇ ਹਾਂ। ਮੁੱਖ ਗੱਲਾਂ ਲਈ ਸਾਡੇ ਕੋਲ ਵਕਤ ਹੀ ਨਹੀਂ ਹੁੰਦਾ ਜਿਸ ਕਾਰਨ ਅਸੀਂ ਸਮੱਸਿਆਵਾਂ ਵਿਚ ਘਿਰ ਜਾਂਦੇ ਹਾਂ...**



ਮਨੁੱਖੀ ਜੀਵਨ ਇਕ ਬੰਸਰੀ ਵਾਂਗ ਹੈ ਜਿਸ 'ਚ ਰੁਕਾਵਟਾਂ ਰੂਪੀ ਕਿੰਨੇ ਹੀ ਛੇਕ ਹਨ। ਜ਼ਿੰਦਗੀ ਕਿਸੇ ਦੀ ਵੀ ਕਦੇ ਸਿੱਧੀ ਨਹੀਂ ਚੱਲਦੀ। ਇਸ ਦੀਆਂ ਸੜਕਾਂ 'ਤੇ ਸਮੱਸਿਆਵਾਂ ਦੇ ਖੱਡੇ ਆਉਣੇ ਲਾਜ਼ਮੀ ਹਨ। ਨਹੀਂ ਤਾਂ ਇਹ ਰਾਹੀ ਨੂੰ ਬੇਪਰਵਾਹ ਅਤੇ ਅਵੇਸਲਾ ਬਣਾ ਦਿੰਦੀਆਂ ਹਨ। ਕਈ ਵਾਰ ਇਹ ਸਮੱਸਿਆਵਾਂ ਸਾਡੇ ਰਾਹਾਂ ਵਿਚ ਹਿੱਕ ਤਾਣ ਕੇ ਖਲੋ ਜਾਂਦੀਆਂ ਹਨ ਅਤੇ ਅਜਿਹਾ ਵਾਰ ਕਰਦੀਆਂ ਹਨ ਜੋ ਮਨੁੱਖ ਦੀ ਕਲਪਨਾ ਤੋਂ ਵੀ ਬਾਹਰ ਹੁੰਦਾ ਹੈ। ਇਨ੍ਹਾਂ ਸਮੱਸਿਆਵਾਂ ਦੀ ਭੀੜ ਵਿੱਚੋਂ ਕੇਵਲ ਉਹੀ ਇਨਸਾਨ ਅੱਗੇ ਨਿਕਲਦੇ ਹਨ ਜੋ ਇਨ੍ਹਾਂ ਨਾਲ ਮੱਥਾ ਲਾਉਂਦੇ ਹਨ। ਜਿਸ ਨੂੰ ਇਨ੍ਹਾਂ ਨੂੰ ਪਾਰ ਕਰਨਾ ਆ ਗਿਆ ਸਮਝੋ ਉਸ ਨੂੰ ਜਿਊਣਾ ਆ ਗਿਆ। ਜ਼ਿੰਦਗੀ ਦੀਆਂ ਸਮੱਸਿਆਵਾਂ ਆਸਾਨ, ਮੁਸ਼ਕਲ ਅਤੇ ਕਈ ਅਸੰਭਵ ਹੁੰਦੀਆਂ ਹਨ। ਜਿਨ੍ਹਾਂ ਵਿਅਕਤੀਆਂ ਨੂੰ ਅਸੰਭਵ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਨ੍ਹਾਂ ਨੂੰ ਲੋਕ ਸਾਰੀ ਉਮਰ ਯਾਦ ਕਰਦੇ ਹਨ।

ਜ਼ਿੰਦਗੀ 'ਚ ਆਉਣ ਵਾਲੀਆਂ ਸਮੱਸਿਆਵਾਂ ਦਾ ਪ੍ਰਭਾਵ ਸਾਡੇ 'ਤੇ ਜ਼ਰੂਰ ਪੈਂਦਾ ਹੈ ਪਰ ਮਹੱਤਵਪੂਰਨ ਇਹ ਹੈ ਕਿ ਅਸੀਂ ਉਨ੍ਹਾਂ ਨੂੰ ਕਿਸ ਰੂਪ ਵਿਚ ਲੈਂਦੇ ਹਾਂ। ਸਿਆਣੇ ਕਹਿੰਦੇ ਹਨ ਕਿ ਜ਼ਿੰਦਗੀ ਵਿਚ ਆਉਣ ਵਾਲੀਆਂ ਸਮੱਸਿਆਵਾਂ ਚਾਹ ਦੇ ਕੱਪ ਵਿਚ ਜੰਮੀ ਮਲਾਈ ਦੀ ਤਰ੍ਹਾਂ ਹੁੰਦੀਆਂ ਹਨ ਅਤੇ ਕਾਮਯਾਬ ਉਹੀ ਹੁੰਦੇ ਹਨ ਜਿਨ੍ਹਾਂ ਨੂੰ ਫੂਕ ਮਾਰ ਕੇ ਮਲਾਈ ਨੂੰ ਪਰ੍ਹਾਂ ਹਟਾ ਕੇ ਚਾਹ ਪੀਣਾ ਆਉਂਦਾ ਹੈ। ਸਮੱਸਿਆਵਾਂ ਆਉਣ 'ਤੇ ਨਿਰਾਸ਼ ਜਾਂ ਬੇਚੈਨ ਨਾ ਹੋਵੋ ਬਲਕਿ ਇਨ੍ਹਾਂ ਸਾਹਮਣੇ ਡਟਣ ਲਈ ਤਿਆਰ ਰਹੋ ਕਿਉਂਕਿ ਨਿਰਾਸ਼ਾ ਵਾਲੇ ਜੀਵਨ ਵਿਚ ਕਦੇ ਪ੍ਰਸੰਨਤਾ ਦਾ ਪ੍ਰਵੇਸ਼ ਨਹੀਂ ਹੁੰਦਾ। ਜਿਸ ਜੀਵਨ ਵਿਚ ਪ੍ਰਸੰਨਤਾ ਦਾ ਪ੍ਰਵੇਸ਼ ਨਹੀਂ ਹੁੰਦਾ ਉਸ ਦਾ ਵਿਕਾਸ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਹੁੰਦਾ। ਇਸ ਲਈ ਜ਼ਿੰਦਗੀ ਵਿਚ ਆਉਣ ਵਾਲੀਆਂ ਸਮੱਸਿਆਵਾਂ ਤੋਂ ਕਦੇ ਨਾ ਡਰੋ। ਇਹ ਤਾਂ ਉਸ ਬੈਗ ਵਾਂਗ ਹੁੰਦੀਆਂ ਹਨ ਜਿਸ ਵਿਚ ਕਪਾਹ ਭਰੀ ਹੁੰਦੀ ਹੈ।ਉਨ੍ਹਾਂ ਲੋਕਾਂ ਨੂੰ ਇਹ ਬੈਗ ਭਾਰਾ ਲੱਗਦਾ ਹੈ ਜੋ ਇਸ ਨੂੰ ਕੇਵਲ ਵੇਖਦੇ ਹਨ ਪਰ ਉਨ੍ਹਾਂ ਨੂੰ ਹਲਕਾ ਜੋ ਇਸ ਨੂੰ ਚੁੱਕਦੇ ਹਨ। ਦੁਨੀਆਂ ਦੀ ਕੋਈ ਵੀ ਪਰੇਸ਼ਾਨੀ ਤੁਹਾਡੀ ਹਿੰਮਤ ਤੋਂ ਵੱਡੀ ਨਹੀਂ ਹੈ।ਯਾਦ ਰੱਖੋ ਦੁਨੀਆਂ ਦੀਆਂ ਸਾਰੀਆਂ ਸ਼ਕਤੀਆਂ ਤੁਹਾਡੇ ਅੰਦਰ ਮੌਜੂਦ ਹਨ ਪਰ ਮੁਸ਼ਕਲ ਇਹ ਹੈ ਕਿ ਆਮ ਜ਼ਿੰਦਗੀ ਗੁਜ਼ਾਰਦੇ ਸਮੇਂ ਅਸੀਂ ਕਦੇ ਆਤਮ-ਚਿੰਤਨ ਨਹੀਂ ਕਰਦੇ ਜਿਸ ਦੇ ਸਿੱਟੇ ਵਜੋਂ ਜੀਵਨ ਵਿਚ ਮੁਸ਼ਕਲ ਆਈ ਨਹੀਂ ਕਿ ਭਵਿੱਖ ਦੀ ਚਿੰਤਾ ਵਿਚ ਸੋਚ-ਸੋਚ ਕੇ ਮਨੁੱਖ ਤਨੋ-ਮਨੋਂ ਕਮਜ਼ੋਰ ਹੁੰਦਾ ਜਾਂਦਾ ਹੈ। ਸਮੱਸਿਆਵਾਂ ਤਾਂ ਇੱਕ ਕੱਪੜੇ ਧੋਣ ਵਾਲੀ ਮਸ਼ੀਨ ਵਾਂਗ ਹੁੰਦੀਆਂ ਹਨ ਜੋ ਸਾਨੂੰ ਇੱਧਰ-ਉਧਰ ਹਿਲਾਉਂਦੀਆਂ ਹਨ ਅਤੇ ਅੰਤ ਵਿਚ ਅਸੀਂ ਚਮਕਦਾਰ ਅਤੇ ਪਹਿਲਾਂ ਨਾਲੋਂ ਵੀ ਸਾਫ ਹੋ ਕੇ ਨਿਕਲਦੇ ਹਾਂ। ਆਪਣੇ ਅੰਦਰ ਦੀਆਂ ਸ਼ਕਤੀਆਂ ਨੂੰ ਪਛਾਣੋ।ਮੁਸ਼ਕਲਾਂ ਨਾਲ ਲੋਹਾ ਲੈ ਕੇ ਹੀ ਮਨੁੱਖ ਦਾ ਚਰਿੱਤਰ ਚਮਕਦਾ ਹੈ। ਮੁਸ਼ਕਲਾਂ ਨਾਲ ਲੜਨ ਨਾਲ ਹੀ ਮਨੁੱਖ 'ਚ ਸ਼ਕਤੀ ਦਾ ਸੰਚਾਰ ਹੁੰਦਾ ਹੈ ਜਿਸ ਦੇ ਬਲਬੂਤੇ ਉਹ ਸਫਲਤਾ ਹਾਸਲ ਕਰਦਾ ਹੈ। ਸਮੱਸਿਆਵਾਂ ਵੇਲੇ ਯਾਦ ਰੱਖੋ ਕਿ ਜਿਵੇਂ ਸਰਦੀਆਂ ਵਿਚ ਧੁੰਦ ਸੂਰਜ ਦੀ ਰੋਸ਼ਨੀ ਦੇ ਰਾਹ 'ਚ ਵੱਡੀ ਰੁਕਾਵਟ ਬਣਦੀ ਹੈ ਪਰ ਸੂਰਜ ਇਸ ਨੂੰ ਮੇਟ ਕੇ ਆਪਣੀ ਲੋਅ ਧਰਤੀ ਤੱਕ ਲੈ ਆਉਂਦਾ ਹੈ, ਉਸੇ ਤਰ੍ਹਾਂ ਆਤਮ-ਚਿੰਤਨ ਕਰਕੇ ਇਨ੍ਹਾਂ ਦੇ ਕਾਰਨਾਂ ਨੂੰ ਸਮਝਦੇ ਹੋਏ ਅੱਗੇ ਵਧੋ, ਇਹ ਤੁਹਾਡੇ ਲਈ ਰਾਹ ਖਾਲੀ ਕਰੀ ਜਾਣਗੀਆਂ। ਜਦੋਂ ਕੁਦਰਤ ਨੇ ਸਾਨੂੰ ਚਮਕਾਉਣਾ ਹੋਵੇ ਤਾਂ ਸਾਡਾ ਦਾਖਲਾ ਉਹ ਮੁਸੀਬਤਾਂ ਦੇ ਸਕੂਲ ਵਿਚ ਕਰਵਾ ਦਿੰਦੀ ਹੈ। ਕਿਸੇ ਸਿਆਣੇ ਨੇ ਸੱਚ ਹੀ ਕਿਹਾ ਹੈ:

"ਚੱਲਣ ਦੀ ਕੋਸ਼ਿਸ਼ ਤਾਂ ਕਰੋ, ਦਿਸ਼ਾਏਂ ਬਹੁਤ ਹੈ।ਰਾਸਤੇ ਮੇਂ ਬਿਖਰੇ ਕਾਂਟੋਂ ਸੇ ਨਾ ਡਰੋ, ਤੁਮਹਾਰੇ ਸਾਥ ਦੁਆਏਂ ਬਹੁਤ ਹੈਂ"।

ਸਮੱਸਿਆਵਾਂ ਜ਼ਿਆਦਾਤਰ ਸਾਡੀ ਗੈਰਜ਼ਿੰਮੇਵਾਰੀ ਦਾ ਨਤੀਜਾ ਹੁੰਦੀਆਂ ਹਨ।ਉਹ ਕੰਮ ਜੋ ਸਾਨੂੰ ਉਸ ਸਮੇਂ ਕਰਨੇ ਚਾਹੀਦੇ ਸਨ ਜਦੋਂ ਉਨ੍ਹਾਂ ਦਾ ਵਕਤ ਸੀ ਨਹੀਂ ਕੀਤੇ, ਉਹ ਅੱਗੇ ਚੱਲ ਕੇ ਸਮੱਸਿਆਵਾਂ ਬਣ ਗਏ। ਬਹੁਤੇ ਵਾਰ ਸਮੱਸਿਆਵਾਂ ਸਾਡੇ ਆਪਣੇ ਵਿਵਹਾਰ ਦੀ ਹੀ ਦੇਣ ਹੁੰਦੀਆਂ ਹਨ। ਜੋ ਨਿਯਮਾਂ ਦੀ ਪਾਲਣਾ ਨਹੀਂ ਕਰਦਾ ਉਸ ਦਾ ਜੀਵਨ ਸੰਕਟਾਂ ਵਿੱਚ ਘਿਰ ਜਾਂਦਾ ਹੈ। ਨਿਯਮਾਂ ਦੀ ਪਾਲਣਾ ਨਾ ਕਰਨ ਵਾਲਾ ਮਨੁੱਖ ਅਨੁਸ਼ਾਸਨ ਗੁਆ ਬੈਠਦਾ ਹੈ ਜਿਸ ਕਰਕੇ ਉਸ ਦਾ ਜੀਵਨ ਚੁਣੌਤੀਆਂ ਵਿਚ ਫਸ ਜਾਂਦਾ ਹੈ। ਜਦੋਂ ਵਿਅਕਤੀ ਆਪਹੁਦਰੀਆਂ ਗੱਲਾਂ ਵਿਚ ਉਲਝਦਾ ਹੋਇਆ ਆਪਣੀਆਂ ਅੰਦਰਲੀਆਂ ਅਤੇ ਬਾਹਰਲੀਆਂ ਅੱਖਾਂ ਗੁਆ ਲੈਂਦਾ ਹੈ ਤਾਂ ਉਸ ਨੂੰ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵਿਅਕਤੀ ਦਾ ਦੂਹਰਾ ਆਚਰਣ ਵੀ ਸਾਡੀਆਂ ਸਮੱਸਿਆਵਾਂ ਦੀ ਜੜ੍ਹ ਹੈ। ਦੋਗਲੀ ਜ਼ਿੰਦਗੀ ਜਿਊਣ ਵਾਲੇ ਅਜਿਹੇ ਵਿਅਕਤੀ ਦੀ ਅੰਤਰ-ਆਤਮਾ ਉਸ ਨੂੰ ਹਰ ਵੇਲੇ ਦੁਰਕਾਰਦੀ ਰਹਿੰਦੀ ਹੈ ਜਿਸ ਕਾਰਨ ਉਸ ਨੂੰ ਇਨ੍ਹਾਂ ਸਮੱਸਿਆਵਾਂ ਤੋਂ ਨਿਜਾਤ ਪਾਉਣ ਦਾ ਕੋਈ ਹੱਲ ਨਹੀਂ ਲੱਭਦਾ।ਸਾਡੀਆਂ ਕੁਝ ਸਮੱਸਿਆਵਾਂ ਕੇਵਲ ਇਸ ਕਾਰਨ ਵੀ ਹਨ ਕਿ ਅਸੀਂ ਉਨ੍ਹਾਂ ਨੂੰ ਸੁਧਾਰਨ ਲਈ ਬਣਦੀ ਜ਼ਿੰਮੇਵਾਰੀ ਤੋਂ ਮੁਨਕਰ ਹੋ ਗਏ ਹਾਂ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜੇ ਤੈਰਣਾ ਸਿੱਖਣਾ ਹੈ ਤਾਂ ਪਾਣੀ ਵਿਚ ਉਤਰਨਾ ਹੀ ਪਵੇਗਾ।

ਅਸੀਂ ਜੀਵਨ ਵਿਚ ਛੋਟੀਆਂ-ਛੋਟੀਆਂ ਗੱਲਾਂ ਆਪਣੇ ਦਿਮਾਗ਼ ਵਿਚ ਭਰੀ ਜਾਂਦੇ ਹਾਂ ਅਤੇ ਉਨ੍ਹਾਂ ਵਿਚ ਹੀ ਆਪਣੀ ਊਰਜਾ ਖ਼ਤਮ ਕਰਦੇ ਰਹਿੰਦੇ ਹਾਂ ਜਿਸ ਕਾਰਨ ਮੁੱਖ ਗੱਲਾਂ ਲਈ ਸਾਡੇ ਕੋਲ ਵਕਤ ਹੀ ਨਹੀਂ ਹੁੰਦਾ ਜਿਸ ਕਾਰਨ ਵੀ ਅਸੀਂ ਸਮੱਸਿਆਵਾਂ ਵਿਚ ਘਿਰ ਜਾਂਦੇ ਹਾਂ। ਇਹ ਠੀਕ ਹੈ ਕਿ ਜਿਵੇਂ ਸਾਗਰ ਲਹਿਰਾਂ ਤੋਂ ਬਿਨਾ ਨਹੀਂ ਹੁੰਦਾ, ਓਵੇਂ ਜ਼ਿੰਦਗੀ ਵੀ ਤਕਲੀਫਾਂ, ਮੁਸ਼ਕਿਲਾਂ ਤੋਂ ਬਿਨਾ ਨਹੀਂ ਹੁੰਦੀ। ਸਤਰੰਗੀ ਪੀਂਘ ਬਣਾਉਣ ਲਈ ਮੀਂਹ ਅਤੇ ਧੁੱਪ ਦੋਵਾਂ ਦਾ ਹੋਣਾ ਜ਼ਰੂਰੀ ਹੈ ਪਰ ਸਮੱਸਿਆਵਾਂ ਕੋਈ ਇੰਨੀਆਂ ਤਾਕਤਵਰ ਨਹੀਂ ਹੁੰਦੀਆਂ ਜਿੰਨੀਆਂ ਅਸੀਂ ਉਨ੍ਹਾਂ ਨੂੰ ਸਮਝ ਲੈਂਦੇ ਹਾਂ।ਕਦੇ ਸੁਣਿਆ ਹੈ ਕਿ 'ਅੰਧੇਰੋਂ ਨੇ ਸੁਬਹ ਨਾ ਹੋਣੇ ਦੀ ਹੋ'।ਕਾਮਯਾਬੀ ਦਾ ਜਨੂੰਨ ਹੋਣਾ ਚਾਹੀਦਾ ਹੈ ਮੁਸ਼ਕਿਲਾਂ ਦੀ ਕੀ ਔਕਾਤ ਹੈ ਕਿ ਤੁਹਾਡਾ ਰਾਹ ਰੋਕ ਸਕਣ।ਜੇਕਰ ਜ਼ਿੰਦਗੀ ਦੇ ਉਤਰਾਵਾਂ ਨੂੰ ਸਬਰ ਨਾਲ ਸਹਿਣ ਕਰ ਲਿਆ ਜਾਵੇ ਤਾਂ ਸਮੱਸਿਆਵਾਂ ਨੂੰ ਸਲਝਾਉਣ ਵਿਚ ਵੀ ਆਨੰਦ ਮਿਲਦਾ ਹੈ। ਜ਼ਿੰਮੇਵਾਰ ਬਣਨ ਅਤੇ ਸਮਝ ਕੇ ਫੈਸਲੇ ਕਰਨ ਦੀ ਜਾਚ ਸਿੱਖਣ ਦੀ ਕੋਸ਼ਿਸ਼ ਕਰੀਏ। ਕੋਈ ਸਾਡੇ ਮਸਲੇ ਹੱਲ ਨਹੀਂ ਕਰੇਗਾ ਐਵੇਂ ਅਵੇਸਲੇ ਹੀ ਦਰਿਆ ਦੇ ਕਿਨਾਰੇ ਬੈਠ ਕੇ ਪਿਆਸੇ ਨਾ ਮਰੀਏ। ਦੁਨੀਆਂ ਦੀ ਸਭ ਤੋਂ ਵਧੀਆ ਕਿਤਾਬ ਅਸੀਂ ਖੁਦ ਹਾਂ। ਖੁਦ ਨੂੰ ਸਮਝ ਲਓ ਸਾਰੀਆਂ ਸਮੱਸਿਆਵਾਂ ਦਾ ਹੱਲ ਮਿਲ ਜਾਵੇਗਾ।ਜ਼ਿੰਦਗੀ ਦੀ ਗੁਣਾਤਮਕਤਾ ਓਨੀ ਦੇਰ ਨਹੀਂ ਸੁਧਰਦੀ ਜਿੰਨੀ ਦੇਰ ਤੱਕ ਸਾਡੇ ਵਿਚਾਰ ਅਤੇ ਸਾਡੇ ਸੋਚਣ ਦੇ ਤਰੀਕੇ ਨਹੀਂ ਸੁਧਰਦੇ। ਜਦੋਂ ਜੀਵਨ ਵਿਚ ਸਮੱਸਿਆਵਾਂ ਆਉਣ ਤਾਂ ਬੇਚੈਨ ਹੋਣ ਦੀ ਬਜਾਏ ਸ਼ਾਂਤ ਰਹਿ ਕੇ ਵਿਚਾਰ ਕਰੋ ਹੱਲ ਜ਼ਰੂਰ ਨਿਕਲੇਗਾ।

ਸਿਆਣੇ ਕਹਿੰਦੇ ਹਨ ਕਿ ਹਰ ਸਮੱਸਿਆ ਵਿਚ ਕੋਈ ਦਿਲਚਸਪ ਗੱਲ ਲੁਕੀ ਹੁੰਦੀ ਹੈ।ਮਜ਼ਾ ਇਸ ਵਿਚ ਹੈ ਕਿ ਅਸੀਂ ਉਸ ਨੂੰ ਲੱਭ ਲਈਏ। ਇਕ ਪ੍ਰੇਰਕ ਦੇ ਦੱਸਣ ਅਨੁਸਾਰ ਹਰ ਸਮੱਸਿਆ ਵਿਚ ਇਕ ਕਮਜ਼ੋਰ ਜਗ੍ਹਾ ਹੁੰਦੀ ਹੈ।ਇਹ ਤੁਹਾਡੇ ਵੱਲ ਵੇਖ ਕੇ ਲੁਕਣਮੀਟੀ ਖੇਡਣ ਲਈ ਬੁਲਾ ਰਹੀ ਹੁੰਦੀ ਹੈ। ਇਸ ਨੂੰ ਲੱਭ ਲੈਣ ਨਾਲ ਸਮੱਸਿਆ ਤਾਂ ਹੱਲ ਹੋ ਹੀ ਜਾਵੇਗੀ ਨਾਲ ਹੀ ਇਸ ਵਿਚੋਂ ਇੱਕ ਅਨੋਖੀ ਚੀਜ਼ ਵੀ ਨਿਕਲ ਕੇ ਆਉਂਦੀ ਹੈ ਜੋ ਜੀਵਨ ਵਿਚ ਸਾਡੇ ਕਦਮ ਅੱਗੇ ਤੋਂ ਅੱਗੇ ਵਧਾਉਣ ਲਈ ਲਾਹੇਵੰਦ ਹੁੰਦੀ ਹੈ। ਇਸ ਲਈ ਗਹਿਰਾਈ ਨਾਲ ਵਿਚਾਰ ਕਰਦੇ ਹੋਏ ਇਨ੍ਹਾਂ ਦਾ ਹੱਲ ਲਭੋ ਕਿਉਂਕਿ ਲਾਜਵਾਬ ਮੋਤੀ ਕਦੇ ਕਿਨਾਰਿਆਂ ਤੋਂ ਨਹੀਂ ਮਿਲਦੇ।ਤੁਸੀਂ ਜਿੰਨੀ ਮਿਹਨਤ ਅਤੇ ਵਿਸ਼ਵਾਸ ਨਾਲ ਕੰਮ ਕਰੋਗੇ ਹਰ ਪਲ ਵੀ ਓਨਾ ਹੀ ਬਿਹਤਰ ਅਤੇ ਮਿੱਠਾ ਮਿਲੇਗਾ। •

# ਮੰਤਰੀ ਸਮੂਹ ਨੇ ਆਉਣ ਵਾਲੇ ਕਣਕ ਖ਼ਰੀਦ ਸੀਜ਼ਨ ਦੇ ਪ੍ਰਬੰਧਾਂ ਦਾ ਲਿਆ ਜਾਇਜ਼ਾ

**➢ ਸਾਰੇ ਭਾਈਵਾਲਾਂ ਦੀ ਭਲਾਈ ਲਈ ਨਿਰਵਿਘਨ ਖ਼ਰੀਦ ਸੀਜ਼ਨ ਯਕੀਨੀ ਬਣਾਇਆ ਜਾਵੇ: ਮੰਤਰੀ ਸਮੂਹ ਵੱਲੋਂ ਅਫਸਰਾਂ ਨੂੰ ਨਿਰਦੇਸ਼ ➢ ਸਟੋਰੇਜ ਸਪੇਸ ਦਾ ਮੁੱਦਾ ਸੂਬਾ ਸਰਕਾਰ ਨੇ ਕੇਂਦਰ ਸਰਕਾਰ ਕੋਲ ਜ਼ੋਰਦਾਰ ਢੰਗ ਨਾਲ ਚੁੱਕਿਆ**



**ਚੰਡੀਗੜ੍ਹ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਫ਼ਸਲੀ ਖ਼ਰੀਦ ਸਬੰਧੀ ਤਿਆਰੀਆਂ ਦੀ ਨਿਗਰਾਨੀ ਲਈ ਗਠਿਤ ਮੰਤਰੀ ਸਮੂਹ(ਜੀਓਐਮ) ਜਿਸ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ, ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਅਤੇ ਆਵਾਜਾਈ ਮੰਤਰੀ ਲਾਲਜੀਤ ਸਿੰਘ ਭੁੱਲਰ ਸ਼ਾਮਿਲ ਹਨ, ਨੇ ਅੱਜ ਆਉਣ ਵਾਲੇ ਕਣਕ ਖਰੀਦ ਸੀਜ਼ਨ 2026-27 ਦੀ ਵਿਆਪਕ ਸਮੀਖਿਆ ਕਰਨ ਲਈ ਮੀਟਿੰਗ ਕੀਤੀ।

ਮੰਤਰੀ ਸਮੂਹ ਨੂੰ ਇਸ ਮੌਕੇ ਦੱਸਿਆ ਗਿਆ ਕਿ ਕਣਕ ਖ਼ਰੀਦ ਸੀਜ਼ਨ 1 ਅਪ੍ਰੈਲ ਤੋਂ ਸ਼ੁਰੂ ਹੋਣ ਦੀ ਸੰਭਾਵਨਾ ਹੈ ਅਤੇ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵੱਲੋਂ ਵਿਭਾਗ ਲਗਭਗ 132 ਲੱਖ ਮੀਟ੍ਰਿਕ ਟਨ (ਐਲ.ਐਮ.ਟੀ.) ਉਪਜ ਦੀ ਖ਼ਰੀਦ ਕੀਤੀ ਜਾਵੇਗੀ। ਇਸ ਤੋਂ ਇਲਾਵਾ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) 2585 ਰੁਪਏ ਪ੍ਰਤੀ ਕੁਇੰਟਲ ਨਿਰਧਾਰਿਤ ਕੀਤਾ ਗਿਆ ਹੈ।

ਭੰਡਾਰਨ ਦੀ ਜਗ੍ਹਾ ਦੇ ਮੁੱਦੇ ਸਬੰਧੀ ਮੰਤਰੀ ਸਮੂਹ ਦੇ ਧਿਆਨ ਵਿੱਚ ਇਹ ਲਿਆਂਦਾ ਗਿਆ ਕਿ ਭਾਰਤੀ ਖੁਰਾਕ ਨਿਗਮ ਵੱਲੋਂ ਅਗਸਤ 2025 ਤੋਂ ਹੁਣ ਤੱਕ ਹਰ ਮਹੀਨੇ 5 ਐਲ.ਐਮ.ਟੀ. ਕਣਕ ਅਤੇ 5 ਐਲਐਮਟੀ ਚੌਲ ਦੀ ਢੋਆ-ਢੁਆਈ ਕੀਤੀ ਜਾ ਰਹੀ ਹੈ, ਜਦੋਂ ਕਿ 2026-27 ਦੇ ਸੀਜ਼ਨ ਵਿੱਚ ਖਰੀਦੀ ਜਾਣ ਵਾਲੀ ਕਣਕ ਲਈ ਢੁਕਵੀਂ ਸਟੋਰੇਜ ਸਪੇਸ ਨੂੰ ਯਕੀਨੀ ਬਣਾਉਣ ਲਈ ਹਰ ਮਹੀਨੇ ਘੱਟੋ-ਘੱਟ 15 ਐਲਐਮਟੀ ਕਣਕ ਦੀ ਚੁਕਾਈ ਦੀ ਲੋੜ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਸਬੰਧ ਵਿੱਚ ਸਮੇਂ ਸਮੇਂ ਉੱਤੇ ਅਤੇ ਹਾਲ ਹੀ ਵਿੱਚ ਵੀ ਜ਼ੋਰਦਾਰ ਢੰਗ ਨਾਲ ਕੇਂਦਰ ਸਰਕਾਰ ਕੋਲ ਮੁੱਦਾ ਉਠਾਇਆ ਗਿਆ ਹੈ।

ਇਸ ਤੋਂ ਇਲਾਵਾ ਆਉਣ ਵਾਲੇ ਸੀਜ਼ਨ ਦੇ ਸਬੰਧੀ ਕਣਕ ਦੀ ਸੁਰੱਖਿਅਤ ਸਟੋਰੇਜ ਨੂੰ ਯਕੀਨੀ ਬਣਾਉਣ ਲਈ ਵਿਭਾਗ ਪਲਿੰਥ ਬਣਾਉਣ ਅਤੇ ਚੌਲ ਮਿੱਲਾਂ ਵਿੱਚ ਖਾਲੀ ਥਾਵਾਂ ਦੀ ਵਰਤੋਂ ਕਰਨ 'ਤੇ ਵਿਚਾਰ ਕਰ ਰਿਹਾ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰਸ਼ਾਸਨਾਂ ਨਾਲ ਖਰੀਦ ਪ੍ਰਬੰਧਾਂ ਦੀ ਨਿਯਮਿਤ ਸਮੀਖਿਆ ਕੀਤੀ ਜਾ ਰਹੀ ਹੈ। ਡੀਐਫਐਸਸੀਜ਼ ਵੱਲੋਂ ਸੰਕਟਕਾਲੀ ਯੋਜਨਾਵਾਂ ਅਤੇ ਬਦਲਵੇਂ ਪ੍ਰਬੰਧ ਤਿਆਰ ਕਰਨ ਲਈ ਐਫ.ਸੀ.ਆਈ. ਦੇ ਜ਼ਿਲ੍ਹਾ ਮੈਨੇਜਰਾਂ ਨਾਲ ਤਾਲਮੇਲ ਕੀਤਾ ਜਾ ਰਿਹਾ ਹੈ।

ਸੀਜ਼ਨ ਦੌਰਾਨ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਲਈ ਲੋੜੀਂਦੀਆਂ ਹੋਰ ਵਸਤਾਂ ਸਬੰਧੀ 391320 ਪਲਾਸਟਿਕ ਦੇ ਕਰੇਟਾਂ ਲਈ ਆਰਡਰ ਜਾਰੀ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 231055 ਪ੍ਰਾਪਤ ਹੋ ਚੁੱਕੇ ਹਨ ਜਦੋਂ ਕਿ ਬਾਕੀ ਮਾਰਚ ਤੱਕ ਪ੍ਰਾਪਤ ਹੋ ਜਾਣਗੇ। ਇਸ ਤੋਂ ਇਲਾਵਾ, 675000 ਲੱਕੜ ਦੇ ਕਰੇਟਾਂ ਦੀ ਸਪਲਾਈ ਲਈ ਆਰਡਰ ਦਿੱਤੇ ਗਏ ਹਨ ਅਤੇ ਕਣਕ ਨੂੰ ਸੁਰੱਖਿਅਤ ਢੰਗ ਨਾਲ ਸਟੋਰ ਕਰਨ ਲਈ ਲੋੜੀਂਦੇ ਐਲਪੀਈਡੀ ਕਵਰ (ਤਰਪਾਲਾਂ) ਵੀ ਉਪਲਬਧ ਹਨ।

ਆੜ੍ਹਤੀਆਂ ਵੱਲੋਂ ਕਮਿਸ਼ਨ ਦੀਆਂ ਦਰਾਂ 45 ਰੁਪਏ ਪ੍ਰਤੀ ਕੁਇੰਟਲ ਤੋਂ ਵਧਾ ਕੇ 64 ਰੁਪਏ ਪ੍ਰਤੀ ਕੁਇੰਟਲ ਕਰਨ ਦੀ ਮੰਗ ਸਬੰਧੀ ਮੰਤਰੀ ਸਮੂਹ ਦੇ ਇਹ ਵੀ ਧਿਆਨ ਵਿੱਚ ਲਿਆਂਦਾ ਗਿਆ ਕਿ ਸੂਬਾ ਸਰਕਾਰ ਵੱਲੋਂ ਹਰ ਸੰਭਵ ਮੌਕੇ 'ਤੇ ਕੇਂਦਰ ਸਰਕਾਰ ਕੋਲ ਇਹ ਮਾਮਲਾ ਜ਼ੋਰ ਸ਼ੋਰ ਨਾਲ ਉਠਾਇਆ ਜਾ ਰਿਹਾ ਹੈ।

ਖਰੀਦ ਪ੍ਰਕਿਰਿਆ ਨਾਲ ਜੁੜੇ ਹਰੇਕ ਭਾਈਵਾਲੀ ਦੀ ਭਲਾਈ ਲਈ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਮੰਤਰੀ ਸਮੂਹ ਨੇ ਅਧਿਕਾਰੀਆਂ ਨੂੰ ਹਰ ਕਦਮ 'ਤੇ ਪਾਰਦਰਸ਼ਤਾ ਨਾਲ ਨਿਰਵਿਘਨ ਖ਼ਰੀਦ ਸੀਜ਼ਨ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਮੁੱਖ ਸਕੱਤਰ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਰਾਹੁਲ ਤਿਵਾੜੀ, ਡਾਇਰੈਕਟਰ ਵਰਿੰਦਰ ਕੁਮਾਰ ਸ਼ਰਮਾ, ਵਧੀਕ ਡਾਇਰੈਕਟਰ ਡਾ. ਅੰਜੁਮਨ ਭਾਸਕਰ ਅਤੇ ਅਜੈਵੀਰ ਸਿੰਘ ਸਰਾਓ, ਅਤੇ ਜੀ.ਐਮ. ਵਿੱਤ ਸਰਵੇਸ਼ ਕੁਮਾਰ ਮੌਜੂਦ ਸਨ।

# ਸਟੇਟ ਕਾਲਜ ਆਫ਼ ਐਜੂਕੇਸ਼ਨ ਵਿਖੇ ਐਨ ਐਸ ਐਸ ਕੈਂਪ ਦੇ ਪੰਜਵੇਂ ਦਿਨ ਪਾਰਕਿੰਗ ਦੀ ਸਫ਼ਾਈ ਕਰਕੇ ਦਿੱਤਾ ਸਵੱਛਤਾ ਦਾ ਸੁਨੇਹਾ



**ਪਟਿਆਲਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸਟੇਟ ਕਾਲਜ ਆਫ਼ ਐਜੂਕੇਸ਼ਨ, ਪਟਿਆਲਾ ਵਿਖੇ ਪ੍ਰਿੰਸੀਪਲ ਪ੍ਰੋਫੈਸਰ ਵਨੀਤਾ ਰਾਣੀ ਜੀ ਦੀ ਯੋਗ ਅਗਵਾਈ ਹੇਠ ਚੱਲ ਰਹੇ ਐਨ.ਐਸ.ਐਸ. ਦੇ ਸੱਤ ਰੋਜ਼ਾ ਕੈਂਪ ਦੇ ਪੰਜਵੇਂ ਦਿਨ ਵਲੰਟੀਅਰਾਂ ਵੱਲੋਂ ਕਾਲਜ ਕੈਂਪਸ ਵਿੱਚ ਵਿਸ਼ੇਸ਼ ਸਫ਼ਾਈ ਮੁਹਿੰਮ ਚਲਾਈ ਗਈ। ਇਸ ਮੁਹਿੰਮ ਤਹਿਤ ਕਾਲਜ ਦੇ ਸਾਹਮਣੇ ਵਾਲੀ ਪਾਰਕਿੰਗ ਦੀ ਮੁਕੰਮਲ ਸਫ਼ਾਈ ਕੀਤੀ ਗਈ, ਜਿਸ ਦੀ ਅਗਵਾਈ ਪ੍ਰੋਗਰਾਮ ਅਫ਼ਸਰ ਸ੍ਰੀ ਜਗਦੇਵ ਢਿੱਲੋ ਅਤੇ ਮਿਸ ਮੂਰਤੀ ਕੌਰ ਵੱਲੋਂ ਕੀਤੀ ਗਈ।

ਦੱਸਣਯੋਗ ਹੈ ਕਿ ਇਹ ਪਾਰਕਿੰਗ ਪਿਛਲੇ ਲੰਬੇ ਸਮੇਂ ਤੋਂ ਬੰਦ ਪਈ ਸੀ ਅਤੇ ਗੰਦਗੀ ਕਾਰਨ ਵਰਤਣ ਯੋਗ ਨਹੀਂ ਸੀ। ਇਸ ਸਫ਼ਾਈ ਅਭਿਆਨ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਸਫ਼ਾਈ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅਤੇ ਕੈਂਪਸ ਨੂੰ ਸਾਫ਼-ਸੁਥਰਾ ਤੇ ਹਰਿਆ-ਭਰਿਆ ਰੱਖਣਾ ਸੀ।

ਅਭਿਆਨ ਦੌਰਾਨ ਉਤਸ਼ਾਹੀ ਵਲੰਟੀਅਰਾਂ ਨੇ ਪਾਰਕਿੰਗ ਵਿੱਚ ਖਿਲਰਿਆ ਕੂੜਾ-ਕਰਕਟ, ਪਲਾਸਟਿਕ ਦੀਆਂ ਬੋਤਲਾਂ, ਕਾਗਜ਼ ਅਤੇ ਹੋਰ ਗੰਦਗੀ ਨੂੰ ਇਕੱਠਾ ਕਰਕੇ ਉਸ ਦਾ ਸਹੀ ਤਰੀਕੇ ਨਾਲ ਨਿਪਟਾਰਾ ਕੀਤਾ। ਵਿਦਿਆਰਥੀਆਂ ਨੇ ਐਨ.ਐਸ.ਐਸ. ਦੇ ਮੂਲ ਮੰਤਰ 'ਮੈਂ ਨਹੀਂ, ਤੂੰ' 'ਤੇ ਪਹਿਰਾ ਦਿੰਦਿਆਂ ਬੜੀ ਲਗਨ ਅਤੇ ਜ਼ਿੰਮੇਵਾਰੀ ਨਾਲ ਸੇਵਾ ਨਿਭਾਈ।

ਕਾਲਜ ਪ੍ਰਬੰਧਕਾਂ ਨੇ ਦੱਸਿਆ ਕਿ ਸੰਸਥਾ ਵੱਲੋਂ ਸਮੇਂ-ਸਮੇਂ 'ਤੇ ਗੋਦ ਲਏ ਗਏ ਇਲਾਕਿਆਂ ਵਿੱਚ ਵੀ ਸਫ਼ਾਈ ਅਤੇ ਸਮਾਜਿਕ ਬੁਰਾਈਆਂ ਵਿਰੁੱਧ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ ਤਾਂ ਜੋ ਵਿਦਿਆਰਥੀਆਂ ਵਿੱਚ ਸਮਾਜ ਸੇਵਾ ਦੀ ਭਾਵਨਾ ਪ੍ਰਬਲ ਹੋ ਸਕੇ। ਇਸ ਮੌਕੇ ਸਮੂਹ ਸਟਾਫ਼ ਅਤੇ ਵਲੰਟੀਅਰ ਹਾਜ਼ਰ ਸਨ।

# ਭੂ ਮਾਫੀਆ ਨੇ ਮਾਲ ਵਿਭਾਗ ਦੇ ਅਧਿਕਾਰੀਆਂ ਨਾਲ ਮਿਲ ਕੇ ਕਰਵਾਈਆਂ ਰਜਿਸਟਰੀਆਂ ਮਾਮਲਾ : ਰਸੂਲਪੁਰ ਸੈਦਾਂ ਦੀ ਸ਼ਾਮਲਾਟ ਜ਼ਮੀਨ ਹੜੱਪਣ ਦਾ

**ਸ਼ਾਮਲਾਤ ਜ਼ਮੀਨ 'ਤੇ ਭੂ ਮਾਫੀਆ ਕਰ ਰਿਹਾ ਕਬਜ਼ਾ : ਐਡਵੋਕੇਟ ਪ੍ਰਭਜੀਤ ਪਾਲ ਸਿੰਘ, ਦਲਜੀਤ ਸਿੰਘ ਛੀਨਾ**



**ਪਟਿਆਲਾ, 1 ਮਾਰਚ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਵਾਰਡ ਨੰ. 18 ਅਧੀਨ ਪੈਂਦੇ ਪਿੰਡ ਰਸੂਲਪੁਰ ਸੈਦਾਂ ਦੇ 111 ਵਿੱਘੇ ਪਿੰਡ ਦੀ ਸ਼ਾਮਲਾਟ ਜ਼ਮੀਨ ਵਿਚ ਜਿਥੇ ਛੱਪੜ ਅਤੇ ਗਊ ਚਰਾਂਦ ਦੀ ਸਾਂਝੀ ਜਗ੍ਹਾ ਸੀ, ਜਿਸ ਨੂੰ ਭੂ ਮਾਫੀਆ ਵਲੋਂ ਹੜੱਪਣ ਦੀ ਸਾਜਿਸ਼ ਰਚੀ ਗਈ ਹੈ। ਜਿਸ ਨੂੰ ਲੈ ਕੇ ਹੁਣ ਪ੍ਰਸ਼ਾਸਨ ਦੇ ਖਿਲਾਫ ਪਿੰਡ ਵਾਸੀਆਂ ਨੇ ਮੋਰਚਾ ਖੋਲ੍ਹ ਦਿੱਤਾ ਹੈ। ਇਹ ਜ਼ਮੀਨ ਪਿੰਡ ਦੇ ਸ਼ਾਮਲਾਟ ਰਕਬੇ ਦੇ ਮਕਸੂਸ ਨੰਬਰਾਂ ਵਾਲੀ ਜ਼ਮੀਨ ਹੈ, ਜਿਸ ਨੂੰ ਮਾਲ ਵਿਭਾਗ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਭੂ ਮਾਫੀਆ ਹੜੱਪਣ ਦੀ ਤਾਕ ਵਿਚ ਲੱਗਿਆ ਹੋਇਆ ਹੈ ਅਤੇ ਜੋ ਰਜਿਸਟਰੀਆਂ ਕਰਵਾਈਆਂ ਗਈਆਂ ਹਨ, ਉਸ ਵਿਚ ਸਿਰਫ ਤੇ ਸਿਰਫ ਮਿਲੀਭੁਗਤ ਜਾਹਰ ਹੁੰਦੀ ਹੈ, ਜਿਸ ਨੂੰ ਹੁਣ ਪਿੰਡ ਵਾਸੀ ਬਰਦਾਸ਼ਤ ਨਹੀਂ ਕਰਨਗੇ। ਪਿੰਡ ਦੇ ਲੋਕਾਂ ਦੀ ਸਾਂਝੀ ਜ਼ਮੀਨ ਹੈ, ਜਿਸ ਵਿਚ ਪਾਰਕ ਅਤੇ ਪਿੰਡ ਲਈ ਹੋਰ ਸਾਂਝੀ ਜਗ੍ਹਾ ਬਣਾਈ ਜਾ ਸਕਦੀ ਹੈ ਪਰ ਮਾਲ ਵਿਭਾਗ ਦੇ ਅਧਿਕਾਰੀ ਭੂ ਮਾਫੀਆ ਨਾਲ ਰਲੇ ਹੋਣ ਕਰਕੇ ਇਸ ਜ਼ਮੀਨ ਨੂੰ ਗਲਤ ਰਜਿਸਟਰੀਆਂ ਕਰਵਾ ਕੇ ਹੜੱਪ ਰਹੇ ਹਨ, ਜਿਸ ਖਿਲਾਫ ਪਿੰਡ ਵਾਸੀਆਂ ਨੇ ਮੋਰਚਾ ਖੋਲ੍ਹਦੇ ਹੋਏ ਮਿੰਨੀ ਸਕੱਤਰੇਤ ਵਿਖੇ ਡਿਪਟੀ ਕਮਿਸ਼ਨਰ ਨਾਲ ਮੁਲਾਕਾਤ ਕੀਤੀ ਅਤੇ ਮੰਗ ਪੱਤਰ ਦੇ ਕੇ ਇਨ੍ਹਾਂ ਭੂ ਮਾਫੀਆ ਖਿਲਾਫ ਤੁਰੰਤ ਕਾਰਵਾਈ ਕਰਨ ਦੀ ਮੰਗ ਕੀਤੀ। ਪਿੰਡ ਵਾਸੀਆਂ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਜੇਕਰ ਭੂ ਮਾਫੀਆ ਇਸ ਜ਼ਮੀਨ 'ਤੇ ਕਬਜਾ ਕਰਦਾ ਹੈ ਤਾਂ ਇਥੇ ਖੂਨ ਖਰਾਬਾ ਹੋਣਾ ਲਾਜਮੀ ਹੈ ਕਿਉਂਕਿ ਪਿੰਡ ਵਾਲਿਆਂ ਵਿਚ ਇਸ ਨੂੰ ਲੈ ਕੇ ਕਾਫੀ ਰੋਸ ਪਾਇਆ ਜਾ ਰਿਹਾ ਹੈ। ਇਸ ਮੌਕੇ ਐਡਵੋਕੇਟ ਪ੍ਰਭਜੀਤਪਾਲ ਸਿੰਘ ਅਤੇ ਦਲਜੀਤ ਸਿੰਘ ਛੀਨਾ ਨੇ ਦੱਸਿਆ ਕਿ ਨਗਰ ਨਿਗਮ ਵਲੋਂ ਮਾਲ ਰਿਕਾਰਡ ਮੁਤਾਬਿਕ ਸਾਫ ਜਵਾਬ ਦਿੱਤਾ ਗਿਆ ਕਿ ਇਹ ਸਭ ਮਾਲ ਮਹਿਕਮੇ ਦੀ ਮਿਲੀ ਭੁਗਤ ਹੈ। ਇਨ੍ਹਾਂ ਮਾਲ ਅਫਸਰਾਂ ਖਿਲਾਫ ਮੁਕੱਦਮੇ ਦਰਜ ਕੀਤੇ ਜਾਣ ਅਤੇ ਜਗ੍ਹਾ ਨਗਰ ਨਿਗਮ ਨੂੰ ਦਵਾਈ ਜਾਵੇ। ਇਸ ਤੋਂ ਬਾਅਦ ਹਾਈਕੋਰਟ ਵਿਚ ਡੀ. ਸੀ. - ਸਟੇਟ ਵਲੋਂ ਇਹ ਕਹਿ ਕੇ ਦੋ ਵਾਰ ਤਾਰੀਖ ਲੈ ਗਏ ਕੇ ਰਿਕਾਰਡ ਪੁਰਾਣਾ ਹੈ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਜੇਕਰ ਰਿਕਾਰਡ ਪੁਰਾਣਾ ਹੈ ਤਾਂ ਨਗਰ ਨਿਗਮ ਨੇ ਵੀ ਮਾਲ ਮਹਿਕਮੇ, ਪਟਵਾਰੀ, ਕਾਨੂੰਨਗੋ ਦੀ ਰਿਪੋਰਟ 'ਤੇ ਰਿਪੋਰਟ ਦਿੱਤੀ ਹੈ ਕਿ ਇਹ ਜ਼ਮੀਨ ਸਰਕਾਰੀ ਛੱਪੜ ਅਤੇ ਗਊ ਚਰਾਂਦ ਦੀ ਹੈ, ਜਿਸ ਨੂੰ ਕਦੇ ਵੀ ਖਰੀਦਿਆ ਵੇਚਿਆ ਜਾਂ ਕਿਸੀ ਹੋਰ ਵਰਤੋਂ ਵਿਚ ਨਹੀਂ ਲਿਆਂਦਾ ਜਾ ਸਕਦਾ ਕਿਉਕਿ ਇਹ ਮੁਰੱਬੇਬੰਦੀ ਦੇ ਸਮੇਂ ਤੋਂ ਪਿੰਡ ਦੀ ਰਾਖਵੀਂ ਜਗ੍ਹਾ ਹੈ। ਗਊ ਚਰਾਂਦ ਦੀ 40-50 ਵਿੱਘੇ ਜ਼ਮੀਨ 'ਤੇ ਹੁਣ ਪਿੰਡ ਦਾ ਕਬਜ਼ਾ ਹੈ, ਜਿਸ ਉਪਰ ਭੂ ਮਾਫੀਆ ਦੀ ਨਜਾਇਜ ਮਿਲੀਭੁਗਤ ਨਾਲ ਉਹ ਕਬਜ਼ਾ ਕਰਨਾ ਚਾਹੁੰਦੇ ਹਨ। ਪਿੰਡ ਵਾਸੀਆਂ ਦਾ ਕਹਿਣਾ ਹੈ ਪ੍ਰਸ਼ਾਸਨ ਸੁਣਵਾਈ ਨਹੀਂ ਕਰ ਰਿਹਾ ਜਦੋਂ ਕਿ ਨਗਰ ਨਿਗਮ ਵਲੋਂ ਸਾਫ ਰਿਪੋਰਟ ਦਿੱਤੀ ਗਈ ਹੈ ਕਿ ਇਹ ਜਗ੍ਹਾ ਖਾਲੀ ਹੋਣੀ ਚਾਹੀਦੀ ਹੈ ਕਿਉਂਕਿ ਇਹ ਜਗ੍ਹਾ ਸਰਕਾਰੀ ਹੈ ਅਤੇ ਹੁਣ ਨਗਰ ਨਿਗਮ ਦੀ ਮਾਲਕੀ ਬਣਦੀ ਹੈ, ਜਿਸ ਉਪਰ ਜਾਲੀ ਰਜਿਸਟਰੀ ਕੀਤੀ ਜਾ ਰਹੀ ਹੈ। ਪਿੰਡ ਵਾਸੀਆਂ ਨੇ ਮੰਗ ਕੀਤੀ ਕਿ ਨਗਰ ਨਿਗਮ ਇਸ ਜਗ੍ਹਾ 'ਤੇ ਆਪਣਾ ਬੋਰਡ ਲਗਾਵੇ ਕਿ ਇਹ ਜਮੀਨ ਸਰਕਾਰੀ ਹੈ। ਉਨ੍ਹਾਂ ਕਿਹਾ ਕਿ ਇਸ ਜ਼ਮੀਨ ਨੂੰ ਲੈ ਕੇ ਕਦੇ ਵੀ ਪਿੰਡ ਵਾਸੀਆਂ ਅਤੇ ਭੂ ਮਾਫੀਆ ਵਿਚ ਵੱਡਾ ਟਕਰਾਅ ਹੋ ਸਕਦਾ ਹੈ। ਇਸ ਮੌਕੇ ਲਲਿਤ ਭਾਂਖਰ, ਚਿਰਾਗ ਸਿੰਗਲਾ, ਗੁਰਿੰਦਰ ਸਿੰਘ, ਚਰਨਜੀਤ ਸਿੰਘ ਫੌਜੀ, ਪਰਮਜੀਤ ਸਿੰਘ ਢਿੱਲੋਂ, ਚਰਨਜੀਤ ਸਿੰਘ ਢਿੱਲੋਂ, ਡੀ.ਡੀ. ਸ਼ਰਮਾ, ਗੁਰਦੀਪ ਸਿੰਘ ਫੌਜੀ, ਗੁਰਚਰਚਰਨ ਸਿੰਘ ਪਨੇਸਰ, ਸੁਖਦੇਵ ਸਿੰਘ ਛੀਨਾ, ਦਰਸ਼ਨ ਸਿੰਘ ਧਾਲੀਵਾਲ, ਨਰਿੰਦਰ ਸਿੰਘ ਸਕੱਤਰ, ਜਰਨੈਲ ਸਿੰਘ ਭਾਰਤਨਗਰ, ਤਰਨਜੀਤ ਸਿੰਘ ਵਿੱਕੀ, ਚੌਧਰੀ ਰਣਧੀਰ ਸਿੰਘ, ਸੁਰਿੰਦਰਪਾਲ ਸਿੰਘ ਚਹਿਲ, ਚਰਨਜੀਤ ਸਿੰਘ ਸੇਠੀ ਤੋਂ ਇਲਾਵਾ ਭਾਰੀ ਗਿਣਤੀ ਵਿਚ ਪਿੰਡ ਵਾਸੀ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਸ਼ਾਹੀ ਸ਼ਹਿਰ ਪਟਿਆਲਾ ਨਾਲ ਲੱਗਦੇ ਅਰਬਨ ਅਸਟੇਟ ਦੇ ਸਾਹਿਬ ਨਗਰ ਥੇੜੀ ਵਿਖੇ ਵੀ 505 ਕਨਾਲ ਸ਼ਾਮਲਾਟ ਜ਼ਮੀਨ ਨੂੰ ਭੂ ਮਾਫੀਆ ਵਲੋਂ ਹੜੱਪਣ ਦੀ ਕੋਸ਼ਿਸ਼ ਕੀਤੀ ਗਈ ਸੀ, ਜਿਥੇ ਪਿੰਡ ਵਾਸੀਆਂ ਅਤੇ ਸਮਾਜ ਸੇਵਕ ਵਿਜੇ ਸ਼ਰਮਾ ਥੇੜੀ ਵਲੋਂ ਸਮੁੱਚੇ ਮਾਮਲੇ ਨੂੰ ਮਾਣਯੋਗ ਹਾਈਕੋਰਟ ਵਿਚ ਲੈ ਕੇ ਗਏ ਸਨ, ਜਿਥੇ ਮਾਣਯੋਗ ਅਦਾਲਤ ਨੇ ਪਿੰਡ ਸਾਹਿਬ ਨਗਰ ਥੇੜੀ ਦੇ ਲੋਕਾਂ ਦੇ ਹੱਕ ਵਿਚ ਫੈਸਲਾ ਸੁਣਾਉਂਦੇ ਹੋਏ ਪ੍ਰਸ਼ਾਸਨ ਨੂੰ ਭੂ ਮਾਫੀਆ ਵਲੋਂ ਹੜੱਪ ਕੀਤੀ ਗਈ ਜ਼ਮੀਨ ਵਾਪਸ ਦਵਾਈ ਗਈ ਸੀ।

# ਸ਼ਾਸਕ ਯੂਟੀ ਚੰਡੀਗੜ੍ਹ ਨੇ ਚੰਡੀਗੜ੍ਹ ਪ੍ਰਦੂਸ਼ਣ ਕੰਟਰੋਲ ਕਮੇਟੀ ਦੀ ਤਿਮਾਹੀ ਵਾਤਾਵਰਣ ਮੈਗਜ਼ੀਨ ਜਾਰੀ ਕੀਤੀ



**ਚੰਡੀਗੜ੍ਹ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਣਯੋਗ ਪ੍ਰਸ਼ਾਸਕ, ਯੂਟੀ ਚੰਡੀਗੜ੍ਹ, ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਮੁੱਖ ਸਕੱਤਰ, ਗ੍ਰਹਿ ਸਕੱਤਰ-ਅਤੇ-ਚੇਅਰਮੈਨ, ਸੀਪੀਸੀਸੀ, ਮੈਂਬਰ ਸਕੱਤਰ, ਸੀਪੀਸੀਸੀ, ਅਤੇ ਕਮੇਟੀ ਦੇ ਹੋਰ ਸੀਨੀਅਰ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਚੰਡੀਗੜ੍ਹ ਪ੍ਰਦੂਸ਼ਣ ਕੰਟਰੋਲ ਕਮੇਟੀ (ਸੀਪੀਸੀਸੀ/3♦33) ਦੀ ਪਹਿਲੀ ਤਿਮਾਹੀ ਵਾਤਾਵਰਣ ਮੈਗਜ਼ੀਨ ਜਾਰੀ ਕੀਤੀ।

ਤਿਮਾਹੀ ਮੈਗਜ਼ੀਨ ਨੂੰ ਚੰਡੀਗੜ੍ਹ ਦੀ ਵਾਤਾਵਰਣ ਸਥਿਤੀ ਨੂੰ ਪੇਸ਼ ਕਰਨ ਲਈ ਇੱਕ ਪਾਰਦਰਸ਼ੀ ਅਤੇ ਨਾਗਰਿਕ-ਹਿਤੈਸ਼ੀ ਮੰਚ ਵਜੋਂ ਵਿਕਸਿਤ ਕੀਤਾ ਗਿਆ ਹੈ। ਇਹ ਤਿਮਾਹੀ ਦੌਰਾਨ ਕੀਤੀ ਗਈ ਵਾਤਾਵਰਣ ਨਿਗਰਾਨੀ ਦੀ ਸੰਖੇਪ ਜਾਣਕਾਰੀ ਪ੍ਰਦਾਨ ਕਰਦੀ ਹੈ, ਜਿਸ ਵਿੱਚ ਪ੍ਰਮੁੱਖ ਝੀਲਾਂ ਦੀ ਪਾਣੀ ਦੀ ਗੁਣਵੱਤਾ, ਸੀਵਰੇਜ ਟ੍ਰੀਟਮੈਂਟ ਪਲਾਂਟਾਂ (ਐੱਸਟੀਪੀ/STP) ਦੀ ਕਾਰਗੁਜ਼ਾਰੀ, ਭੂਮੀਗਤ ਪਾਣੀ ਦੀ ਨਿਗਰਾਨੀ, ਚੋਇਆਂ ਦਾ ਮੁੱਲਾਂਕਣ, ਅਤੇ ਸ਼ਹਿਰ ਵਿੱਚ ਵਾਤਾਵਰਣ ਦੀ ਵਾਯੂ ਗੁਣਵੱਤਾ ਦੀ ਨਿਗਰਾਨੀ ਸ਼ਾਮਲ ਹੈ। ਦੀਵਾਲੀ ਅਤੇ ਛਠ ਪੂਜਾ ਦੇ ਦੌਰਾਨ ਕੀਤੀ ਗਈ ਵਿਸ਼ੇਸ਼ ਨਿਗਰਾਨੀ ਨੂੰ ਵੀ ਰੇਖਾਂਕਿਤ ਕੀਤਾ ਗਿਆ ਹੈ।

ਇਸ ਪ੍ਰਕਾਸ਼ਨ ਵਿੱਚ ਚੰਡੀਗੜ੍ਹ ਦੀ ਵਾਯੂ ਗੁਣਵੱਤਾ ਬਾਰੇ ਇੱਕ ਵਿਸ਼ੇਸ਼ ਰਿਪੋਰਟ ਅਤੇ ਪ੍ਰਤੀਕੂਲ ਵਾਯੂ ਗੁਣਵੱਤਾ ਦੀ ਸਥਿਤੀ ਵਿੱਚ ਗ੍ਰੇਡੇਡ ਰਿਸਪਾਂਸ ਐਕਸ਼ਨ ਪਲਾਨ (ਜੀਆਰਏਪੀ/GRAP) ਦੇ ਲਾਗੂਕਰਨ ਦਾ ਵੇਰਵਾ ਵੀ ਦਿੱਤਾ ਗਿਆ ਹੈ। ਇਸ ਤੋਂ ਇਲਾਵਾ, ਵਿਭਿੰਨ ਵਾਤਾਵਰਣਕ ਕਾਨੂੰਨਾਂ ਦੇ ਤਹਿਤ ਸੀਪੀਸੀਸੀ (CPCC) ਦੀ ਰੈਗੂਲੇਟਰੀ ਕਾਰਵਾਈ, ਲਾਗੂਕਰਨ ਦੀਆਂ ਗਤੀਵਿਧੀਆਂ ਅਤੇ ਅਨੁਪਾਲਨ ਉਪਾਵਾਂ ਦੀ ਜਾਣਕਾਰੀ ਵੀ ਸ਼ਾਮਲ ਹੈ।

ਮੈਗਜ਼ੀਨ ਵਿੱਚ ਪਲਾਸਟਿਕ ਵੇਸਟ ਮੈਨੇਜਮੈਂਟ, ਠੋਸ ਵੇਸਟ ਮੈਨੇਜਮੈਂਟ, ਹਵਾ ਪ੍ਰਦੂਸ਼ਣ ਨਿਯੰਤਰਣ 'ਤੇ ਕੀਤੀਆਂ ਗਈਆਂ ਜਾਗਰੂਕਤਾ ਮੁਹਿੰਮਾਂ ਦੇ ਨਾਲ-ਨਾਲ ਤਿਮਾਹੀ ਦੇ ਦੌਰਾਨ ਸੀਪੀਸੀਸੀ (CPCC) ਦੀਆਂ ਪ੍ਰਮੁੱਖ ਉਪਲਬਧੀਆਂ ਅਤੇ ਨਵੀਆਂ ਪਹਿਲਾਂ ਨੂੰ ਵੀ ਦਰਸਾਇਆ ਗਿਆ ਹੈ। ਮਾਣਯੋਗ ਪ੍ਰਸ਼ਾਸਕ ਨੇ ਵਾਤਾਵਰਣਕ ਨਿਗਰਾਨੀ, ਪਾਰਦਰਸ਼ਤਾ ਅਤੇ ਜਨ-ਜਾਗਰੂਕਤਾ ਨੂੰ ਮਜ਼ਬੂਤ ਕਰਨ ਲਈ ਸੀਪੀਸੀਸੀ (CPCC) ਦੇ ਯਤਨਾਂ ਦੀ ਸ਼ਲਾਘਾ ਕੀਤੀ। ਇਸ ਮੈਗਜ਼ੀਨ ਦਾ ਪ੍ਰਕਾਸ਼ਨ ਚੰਡੀਗੜ੍ਹ ਵਿੱਚ ਸੂਚਿਤ ਫ਼ੈਸਲੇ ਲੈਣ ਅਤੇ ਟਿਕਾਊ ਵਾਤਾਵਰਣ ਪ੍ਰਬੰਧਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

# NCERT 8ਵੀਂ ਜਮਾਤ ਦੇ ਪਾਠਕ੍ਰਮ ਵਿੱਚ CORRUPTION IN JUDICIARY ਭਾਗ ਸ਼ਾਮਲ ਕਰਨ ਤੇ ਸੁਪਰੀਮ ਕੋਰਟ ਨੇ ਲਿਆ ਨੋਟਿਸ

**ਨਵੀਂ ਦਿੱਲੀ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਨੈਸ਼ਨਲ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ (NCERT) ਦੀ ਅੱਠਵੀਂ ਜਮਾਤ ਦੀ ਪਾਠ ਪੁਸਤਕ ਵਿੱਚ ਨਿਆਂਪਾਲਿਕਾ ਵਿੱਚ ਭ੍ਰਿਸ਼ਟਾਚਾਰ ਬਾਰੇ ਧਾਰਾ ਦਾ ਆਪਣੇ ਆਪ ਨੋਟਿਸ ਲਿਆ, ਅਤੇ ਕਿਹਾ ਕਿ ਇਹ ਇੱਕ 'ਸੋਚ-ਸਮਝ ਕੇ ਚੁੱਕਿਆ ਗਿਆ ਕਦਮ' ਜਾਪਦਾ ਹੈ।

ਸੀਨੀਅਰ ਵਕੀਲ ਕਪਿਲ ਸਿੱਬਲ ਵੱਲੋਂ ਇਹ ਮੁੱਦਾ ਚੁੱਕਣ ਅਤੇ ਕਾਰਵਾਈ ਦੀ ਬੇਨਤੀ ਕਰਨ ਤੋਂ ਬਾਅਦ, ਭਾਰਤ ਦੇ ਚੀਫ਼ ਜਸਟਿਸ ਸੂਰਿਆ ਕਾਂਤ ਨੇ ਕਿਹਾ, ਮੈਂ ਕਿਸੇ ਨੂੰ ਵੀ ਸੰਸਥਾ ਨੂੰ ਬਦਨਾਮ ਕਰਨ ਦੀ ਇਜਾਜ਼ਤ ਨਹੀਂ ਦੇਵਾਂਗਾ। ਮੈਂ ਜਾਣਦਾ ਹਾਂ ਕਿ ਇਸ ਨਾਲ ਕਿਵੇਂ ਨਜਿੱਠਣਾ ਹੈ ਇਹ ਇੱਕ ਸੋਚ-ਸਮਝ ਕੇ ਚੁੱਕਿਆ ਗਿਆ ਕਦਮ ਜਾਪਦਾ ਹੈ।

ਸਿੱਬਲ ਨੇ ਕਿਹਾ, ਅਸੀਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਇਹ ਸਿਖਾਏ ਜਾਣ ਤੋਂ ਬਹੁਤ ਪਰੇਸ਼ਾਨ ਹਾਂ ਕਿ ਨਿਆਂਪਾਲਿਕਾ ਵਿੱਚ ਭ੍ਰਿਸ਼ਟਾਚਾਰ ਹੈ ਇਹ ਬਹੁਤ ਚਿੰਤਾ ਦਾ ਵਿਸ਼ਾ ਹੈ।

ਸੀਜੇਆਈ ਨੇ ਕਿਹਾ ਕਿ ਉਹ ਪਹਿਲਾਂ ਹੀ ਇਸ ਮਾਮਲੇ ਦਾ ਨੋਟਿਸ ਲੈ ਚੁੱਕੇ ਹਨ ਅਤੇ ਇਸ ਮੁੱਦੇ ਤੋਂ ਜਾਣੂ ਹਨ ਅਤੇ ਉਹ ਕਾਰਵਾਈ ਕਰਨਗੇ। ਸੀਜੇਆਈ ਕਾਂਤ ਨੇ ਇਹ ਵੀ ਕਿਹਾ, ਕਿਰਪਾ ਕਰਕੇ ਕੁਝ ਦਿਨ ਇੰਤਜ਼ਾਰ ਕਰੋ। ਬਾਰ ਅਤੇ ਬੈਂਚ ਸਾਰੇ ਚਿੰਤਤ ਹਨ। ਹਾਈ ਕੋਰਟ ਦੇ ਸਾਰੇ ਜੱਜ ਚਿੰਤਤ ਹਨ। ਸੰਸਥਾ ਦੇ ਮੁਖੀ ਹੋਣ ਦੇ ਨਾਤੇ, ਮੈਂ ਆਪਣਾ ਫਰਜ਼ ਨਿਭਾਇਆ ਹੈ ਅਤੇ ਨੋਟਿਸ ਲਿਆ ਹੈ। ਮੈਂ ਜ਼ਿਆਦਾ ਕੁਝ ਨਹੀਂ ਕਹਾਂਗਾ,ਕਾਨੂੰਨ ਆਪਣਾ ਕੰਮ ਕਰੇਗਾ।

# ਮੇਅਰ ਅਤੇ ਕਮਿਸ਼ਨਰ ਵੱਲੋਂ ਹਾਈ-ਪ੍ਰੈਸ਼ਰ ਜੈਟਿੰਗ ਸੀਵਰ ਮਸ਼ੀਨ ਨੂੰ ਕੀਤਾ ਲੋਕ ਅਰਪਣ



**ਪਟਿਆਲਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਾਹੀ ਸ਼ਹਿਰ ਪਟਿਆਲਾ ਵਿੱਚ ਲੰਮੇ ਸਮੇਂ ਤੋਂ ਚੱਲ ਰਹੀਆਂ ਸੀਵਰੇਜ ਜਾਮ ਅਤੇ ਗੰਦੇ ਪਾਣੀ ਦੀ ਨਿਕਾਸੀ ਸਬੰਧੀ ਸਮੱਸਿਆਵਾਂ ਦੇ ਸਥਾਈ ਹੱਲ ਵੱਲ ਨਗਰ ਨਿਗਮ ਨੇ ਇੱਕ ਹੋਰ ਵੱਡਾ ਕਦਮ ਚੁੱਕਿਆ ਹੈ। ਨਗਰ ਨਿਗਮ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਅਤੇ ਨਿਗਮ ਕਮਿਸ਼ਨਰ ਪਰਮਜੀਤ ਸਿੰਘ ਵੱਲੋਂ ਅੱਜ ਨਵੀਂ ਹਾਈ-ਪ੍ਰੈਸ਼ਰ ਜੈਟਿੰਗ ਸੀਵਰ ਮਸ਼ੀਨ ਦਾ ਉਦਘਾਟਨ ਕਰਕੇ ਇਸਨੂੰ ਲੋਕ ਸੇਵਾ ਲਈ ਸਮਰਪਿਤ ਕੀਤਾ ਗਿਆ।

ਇਸ ਮੌਕੇ ਮੇਅਰ ਅਤੇ ਕਮਿਸ਼ਨਰ ਨੇ ਦੱਸਿਆ ਕਿ ਇਹ ਅਧੁਨਿਕ ਮਸ਼ੀਨ ਖ਼ਾਸ ਤੌਰ 'ਤੇ ਸ਼ਹਿਰ ਦੇ ਪੁਰਾਣੇ, ਤੰਗ ਅਤੇ ਭੀੜ ਵਾਲੇ ਇਲਾਕਿਆਂ ਲਈ ਬਹੁਤ ਲਾਭਦਾਇਕ ਸਾਬਤ ਹੋਵੇਗੀ, ਜਿੱਥੇ ਪਹਿਲਾਂ ਸੀਵਰੇਜ ਸਫਾਈ ਦੌਰਾਨ ਕਾਫੀ ਮੁਸ਼ਕਲਾਂ ਆਉਂਦੀਆਂ ਸਨ। ਹਾਈ-ਪ੍ਰੈਸ਼ਰ ਤਕਨੀਕ ਨਾਲ ਇਹ ਮਸ਼ੀਨ ਸੀਵਰੇਜ ਲਾਈਨਾਂ ਵਿੱਚ ਜਮੀ ਮਿੱਟੀ, ਕੂੜਾ ਅਤੇ ਹੋਰ ਅਵਰੋਧਾਂ ਨੂੰ ਤੁਰੰਤ ਸਾਫ਼ ਕਰਨ ਦੇ ਸਮਰਥ ਹੈ।

ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਨਗਰ ਨਿਗਮ ਦਾ ਮੁੱਖ ਉਦੇਸ਼ ਸ਼ਹਿਰ ਵਾਸੀਆਂ ਨੂੰ ਸਾਫ਼, ਸਿਹਤਮੰਦ ਅਤੇ ਬਿਮਾਰੀਆਂ ਤੋਂ ਮੁਕਤ ਵਾਤਾਵਰਣ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਸੀਵਰੇਜ ਜਾਮ ਕਾਰਨ ਲੋਕਾਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਨਿਗਮ ਵੱਲੋਂ ਮਸ਼ੀਨਰੀ ਵਿੱਚ ਲਗਾਤਾਰ ਵਾਧਾ ਕੀਤਾ ਜਾ ਰਿਹਾ ਹੈ। ਨਵੀਂ ਜੈਟਿੰਗ ਮਸ਼ੀਨ ਨਾਲ ਸ਼ਿਕਾਇਤਾਂ ਦਾ ਨਿਪਟਾਰਾ ਹੁਣ ਤੇਜ਼ੀ ਨਾਲ ਕੀਤਾ ਜਾਵੇਗਾ।

ਨਿਗਮ ਕਮਿਸ਼ਨਰ ਪਰਮਜੀਤ ਸਿੰਘ ਨੇ ਕਿਹਾ ਕਿ ਸਿਰਫ਼ ਨਵੀਆਂ ਮਸ਼ੀਨਾਂ ਹੀ ਨਹੀਂ ਖਰੀਦੀਆਂ ਜਾ ਰਹੀਆਂ, ਸਗੋਂ ਮੌਜੂਦਾ ਸਫਾਈ ਸੰਦਾਂ ਅਤੇ ਵਾਹਨਾਂ ਦੀ ਮੁਰੰਮਤ ਅਤੇ ਸੰਭਾਲ 'ਤੇ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਿਗਮ ਦੀ ਟੀਮ ਨੂੰ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਸੀਵਰੇਜ ਸਬੰਧੀ ਮਿਲਣ ਵਾਲੀ ਹਰ ਸ਼ਿਕਾਇਤ 'ਤੇ ਤੁਰੰਤ ਕਾਰਵਾਈ ਯਕੀਨੀ ਬਣਾਈ ਜਾਵੇ।

ਮੇਅਰ ਅਤੇ ਕਮਿਸ਼ਨਰ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਫਾਈ ਮੁਹਿੰਮ ਵਿੱਚ ਨਗਰ ਨਿਗਮ ਦਾ ਸਹਿਯੋਗ ਕਰਨ ਅਤੇ ਸੀਵਰੇਜ ਲਾਈਨਾਂ ਵਿੱਚ ਕੂੜਾ, ਪਲਾਸਟਿਕ ਜਾਂ ਹੋਰ ਅਣਚਾਹੀਆਂ ਵਸਤਾਂ ਨਾ ਸੁੱਟਣ। ਉਨ੍ਹਾਂ ਕਿਹਾ ਕਿ ਨਗਰ ਨਿਗਮ ਅਤੇ ਲੋਕਾਂ ਦੇ ਸਾਂਝੇ ਯਤਨਾਂ ਨਾਲ ਹੀ ਪਟਿਆਲਾ ਨੂੰ ਇੱਕ ਸਾਫ਼, ਸੁੰਦਰ ਅਤੇ ਸਿਹਤਮੰਦ ਸ਼ਹਿਰ ਬਣਾਇਆ ਜਾ ਸਕਦਾ ਹੈ।

# ਐਸ.ਡੀ.ਐਮ. ਧੰਮ ਸੰਭਾਲਿਆ ਚਾਰਜ; ਮੁਲਾਜ਼ਮਾਂ ਨੇ ਫੁੱਲਾਂ ਦਾ ਬੁਕਾ ਦੇ ਕੇ ਕੀਤਾ ਧੰਮ ਦਾ ਸਵਾਗਤ



**ਪਟਿਆਲਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਵਿਖੇ ਨਵੇਂ ਐਸ. ਡੀ. ਐਮ. ਗੁਰਦੇਵ ਸਿੰਘ ਧੰਮ ਮੁੜ ਤੋਂ ਚਾਰਜ ਸੰਭਾਲ ਲਿਆ ਹੈ। ਜਿਥੇ ਉਨ੍ਹਾਂ ਨੂੰ ਚਾਰਜ ਸੰਭਾਲਣ ਮੌਕੇ ਦਫ਼ਤਰ ਦੇ ਮੁਲਾਜ਼ਮਾਂ ਵਲੋਂ ਫੁੱਲਾਂ ਦਾ ਬੁਕਾ ਦੇ ਕੇ ਨਿੱਘਾ ਸਵਾਗਤ ਕੀਤਾ ਗਿਆ। ਜਿਕਰਯੋਗ ਹੈ ਕਿ ਗੁਰਦੇਵ ਸਿੰਘ ਧੰਮ ਇਸ ਤੋਂ ਪਹਿਲਾਂ ਬਤੌਰ ਤਹਿਸੀਲਦਾਰ ਅਤੇ ਫਿਰ ਪਟਿਆਲਾ ਵਿਖੇ ਬਤੌਰ ਐਸ. ਡੀ. ਐਮ. ਲੰਮਾ ਸਮਾਂ ਸੇਵਾਵਾਂ ਨਿਭਾ ਚੁੱਕੇ ਹਨ। ਧੰਮ ਆਮ ਲੋਕਾਂ ਦੇ ਕੰਮ ਕਰਨ ਵਾਲੇ ਨਿਧੜਕ ਅਫਸਰ ਵਜੋਂ ਜਾਣੇ ਜਾਂਦੇ ਹਨ। ਕਿਉਂਕਿ ਬਤੌਰ ਦੋ ਆਹੁਦਿਆਂ 'ਤੇ ਅਧਿਕਾਰੀ ਰਹਿਣ ਦਾ ਸਰਕਾਰ ਅਤੇ ਲੋਕਾਂ ਦੇ ਕੰਮ ਕਰਨ ਦਾ ਖਾਸ ਤਜ਼ਰਬਾ ਹੈ। ਜਿਸ ਕਰਕੇ ਦਫਤਰ ਵਿਚ ਆਮ ਲੋਕਾਂ ਦੀ ਖੱਜਲ ਖੁਆਰੀ ਨੂੰ ਕਿਸੇ ਵੀ ਤਰ੍ਹਾਂ ਬਰਦਾਸ਼ਤ ਨਹੀਂ ਕਰਦੇ। ਸਮੁੱਚੇ ਕੰਮ ਸਮਾਂਬੱਧ ਤਰੀਕੇ ਨਾਲ ਨੇਪਰੇ ਚੜ੍ਹਾਉਣ ਦਾ ਤਜ਼ਰਬਾ ਹਾਸਲ ਹੈ। ਇਸ ਮੌਕੇ ਐਸ. ਡੀ. ਐਮ. ਧੰਮ ਨੇ ਕਿਹਾ ਕਿ ਮੁਲਾਜ਼ਮਾਂ ਨੂੰ ਲੋਕਾਂ ਦੇ ਕੰਮ ਸਮਾਂਬੱਧ ਤਰੀਕੇ ਵਿਚ ਕੀਤੇ ਜਾਣ ਤਾਂ ਜੋ ਲੋਕਾਂ ਦੀ ਦਫ਼ਤਰ ਵਿਚ ਖੱਜਲ ਖੁਆਰੀ ਨਾ ਹੋਵੇ। ਉਨ੍ਹਾਂ ਕਿਹਾ ਕਿ ਸਰਕਾਰ ਦੇ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਦੇ ਹੋਏ ਲੋਕਾਂ ਦੇ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ। ਇਸ ਮੌਕੇ ਐਸ. ਡੀ. ਐਮ. ਧੰਮ ਨੇ ਦੋਨੋ ਬਲਾਕਾਂ ਦੇ ਸਬ ਰਜਿਸਟਰਾਰ, ਨਾਇਬ ਤਹਿਸੀਲਦਾਰ, ਕਾਨੂੰਨਗੋ, ਪਟਵਾਰੀ ਆਦਿ ਸਮੁੱਚੇ ਮੁਲਾਜ਼ਮਾਂ ਨਾਲ ਮੀਟਿੰਗਾਂ ਵੀ ਕੀਤੀਆਂ। ਇਸ ਮੌਕੇ ਸਬ ਰਜਿਸਟਰਾਰ ਪਟਿਆਲਾ ਬਲਾਕ ਨੰ. 1 ਪਵਨ ਕੁਮਾਰ, ਡਾਟਾ ਐਂਟਰੀ ਆਪਰੇਟਰ ਰਮਨਪ੍ਰੀਤ ਸਿੰਘ, ਸੁਖਪ੍ਰੀਤ ਸਿੰਘ, ਸਬ ਰਜਿਸਟਰਾਰ ਬਲਾਕ 2 ਤੋਂ ਗੁਰਮੇਲ ਸਿੰਘ ਕਾਨੂੰਨਗੋ, ਐਡਵੋਕੇਟ ਮਨਪ੍ਰੀਤ ਚੀਮਾ, ਡਾਟਾ ਐਂਟਰੀ ਆਪਰੇਟਰ ਅਮਨਦੀਪ ਸਿੰਘ, ਪਰਮਵੀਰ ਸਿੰਘ ਆਦਿ ਹਾਜ਼ਰ ਸਨ।

# ਪਟਿਆਲਾ ਦੇ ਰਸੂਲਪੁਰ ਸੈਦਾ 'ਚ 111 ਬੀਘੇ ਸਰਕਾਰੀ ਜ਼ਮੀਨ ਉੱਤੇ ਭੂ-ਮਾਫੀਆ ਦੀ ਨਜ਼ਰ !



**ਪਟਿਆਲਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਰਸੂਲਪੁਰ ਸੈਦਾ ਦੀ ਸ਼ਾਮਲਾਤ ਅਤੇ ਗਊ-ਚਰਾਂਦ ਦੀ ਕੀਮਤੀ ਜ਼ਮੀਨ 'ਤੇ ਭੂ-ਮਾਫੀਆ ਵੱਲੋਂ ਕਬਜ਼ੇ ਦੇ ਗੰਭੀਰ ਦੋਸ਼ ਲਗਾਉਂਦਿਆਂ ਪਿੰਡ ਵਾਸੀਆਂ ਨੇ ਬੁੱਧਵਾਰ ਨੂੰ ਭਾਰੀ ਗਿਣਤੀ ਵਿੱਚ ਇਕੱਠੇ ਹੋ ਕੇ ਡਿਪਟੀ ਕਮਿਸ਼ਨਰ ਦਫ਼ਤਰ ਪਟਿਆਲਾ ਵਿਖੇ ਰੋਸ ਪ੍ਰਦਰਸ਼ਨ ਕੀਤਾ ਅਤੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਸੌਂਪਿਆ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਰਸੂਲਪੁਰ ਸੈਦਾ ਦੀ ਲਗਭਗ 111 ਬੀਘੇ ਸ਼ਾਮਲਾਤ ਜ਼ਮੀਨ—ਜਿਸ ਵਿੱਚ ਪਿੰਡ ਦਾ ਰਾਖਵਾਂ ਛੱਪੜ ਅਤੇ ਗਊ-ਚਰਾਂਦ ਸ਼ਾਮਲ ਹੈ—ਨਗਰ ਨਿਗਮ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਹੀ ਖੁਰਦ-ਬੁਰਦ ਹੋ ਗਈ ਸੀ। ਇਸ ਸਬੰਧੀ ਪਿੰਡ ਵੱਲੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ CWP-38163-2025 ਤਹਿਤ ਜਨਹਿਤ ਯਾਚਿਕਾ (PIL) ਵੀ ਦਾਇਰ ਕੀਤੀ ਗਈ ਹੈ।

**ਰਿਕਾਰਡ ਪੁਰਾਣਾ ਕਹਿ ਕੇ ਤਾਰੀਖਾਂ ਪਿੰਡ ਵਾਸੀਆਂ ਦਾ ਇਤਰਾਜ਼**

ਹਾਈਕੋਰਟ ਵਿੱਚ ਸੁਣਵਾਈ ਦੌਰਾਨ ਨਗਰ ਨਿਗਮ ਵੱਲੋਂ ਮਾਲ ਰਿਕਾਰਡ ਦੇ ਆਧਾਰ 'ਤੇ ਸਾਫ਼ ਕਿਹਾ ਗਿਆ ਕਿ ਇਹ ਜ਼ਮੀਨ ਸਰਕਾਰੀ ਛੱਪੜ ਅਤੇ ਗਊ-ਚਰਾਂਦ ਦੀ ਹੈ, ਜਿਸ ਨੂੰ ਨਾ ਤਾਂ ਵੇਚਿਆ ਜਾ ਸਕਦਾ ਹੈ ਅਤੇ ਨਾ ਹੀ ਕਿਸੇ ਹੋਰ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ। ਇਸ ਦੇ ਬਾਵਜੂਦ ਡੀਸੀ/ਸਟੇਟ ਵੱਲੋਂ ਦੋ ਵਾਰ ਇਹ ਕਹਿ ਕੇ ਤਾਰੀਖ ਲਈ ਗਈ ਕਿ ਰਿਕਾਰਡ ਪੁਰਾਣਾ ਹੈ , ਜਿਸ 'ਤੇ ਪਿੰਡ ਵਾਸੀਆਂ ਨੇ ਸਖ਼ਤ ਐਤਰਾਜ਼ ਜਤਾਇਆ।

ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਜੇ ਰਿਕਾਰਡ ਪੁਰਾਣਾ ਦੱਸਿਆ ਜਾ ਰਿਹਾ ਹੈ, ਤਾਂ ਨਗਰ ਨਿਗਮ ਨੇ ਵੀ ਮਾਲ ਮਹਿਕਮੇ ਦੇ ਪਟਵਾਰੀ ਅਤੇ ਕਾਨੂੰਨਗੋ ਦੀ ਰਿਪੋਰਟ ਦੇ ਆਧਾਰ 'ਤੇ ਇਹ ਮੰਨਿਆ ਹੈ ਕਿ ਜ਼ਮੀਨ ਸਰਕਾਰੀ ਹੈ। ਇਸ ਦੇ ਬਾਵਜੂਦ ਜਾਅਲੀ ਰਜਿਸਟਰੀਆਂ ਕਰ ਕੇ ਭੂ-ਮਾਫੀਆ ਕਬਜ਼ੇ ਦੀ ਕੋਸ਼ਿਸ਼ ਕਰ ਰਿਹਾ ਹੈ।

**ਟਕਰਾਅ ਦਾ ਖ਼ਤਰਾ, ਬੋਰਡ ਲਗਾਉਣ ਦੀ ਮੰਗ**

ਪਿੰਡ ਵਾਸੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਤੁਰੰਤ ਕਾਰਵਾਈ ਨਾ ਹੋਈ ਤਾਂ ਪਿੰਡ ਵਾਸੀਆਂ ਅਤੇ ਭੂ-ਮਾਫੀਆ ਵਿਚਕਾਰ ਵੱਡਾ ਟਕਰਾਅ ਹੋ ਸਕਦਾ ਹੈ। ਇਸ ਲਈ ਡੀਸੀ ਅਤੇ ਨਗਰ ਨਿਗਮ ਨੂੰ ਤੁਰੰਤ ਉਸ ਜਗ੍ਹਾ 'ਤੇ ਬੋਰਡ ਲਗਾ ਕੇ ਐਲਾਨ ਕਰਨਾ ਚਾਹੀਦਾ ਹੈ ਕਿ ਇਹ ਜ਼ਮੀਨ ਸਰਕਾਰੀ ਹੈ।

ਪਿੰਡ ਵਾਸੀਆਂ ਨੇ ਇਹ ਵੀ ਮੰਗ ਕੀਤੀ ਕਿ ਗਊ-ਚਰਾਂਦ ਅਤੇ ਛੱਪੜ ਦੀ ਜ਼ਮੀਨ ਨੂੰ ਮਾਫੀਆ ਤੋਂ ਬਚਾ ਕੇ ਉੱਥੇ ਖੇਡ ਸਟੇਡੀਅਮ ਜਾਂ ਪਾਰਕ ਵਰਗੀ ਜਨਹਿਤ ਸਹੂਲਤ ਵਿਕਸਤ ਕੀਤੀ ਜਾਵੇ।

**ਵਕੀਲਾਂ ਅਤੇ ਪਿੰਡ ਦੇ ਮਾਣਯੋਗ ਨਾਗਰਿਕਾਂ ਦੀ ਹਾਜ਼ਰੀ :**

ਇਸ ਮੌਕੇ ਐਡਵੋਕੇਟ ਪ੍ਰਭਜੀਤ ਪਾਲ ਸਿੰਘ, ਐਡਵੋਕੇਟ ਦਲਜੀਤ ਸਿੰਘ ਛੀਨਾ ਸਮੇਤ ਕਈ ਵਕੀਲਾਂ ਅਤੇ ਪਿੰਡ ਦੇ ਸਾਬਕਾ ਫ਼ੌਜੀਆਂ, ਸਮਾਜਿਕ ਆਗੂਆਂ ਅਤੇ ਭਾਰੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਰਹੇ। ਪਿੰਡ ਵਾਸੀਆਂ ਨੇ ਦੋ ਟੂਕ ਕਹਿਆ ਕਿ ਜਦੋਂ ਮਾਮਲਾ ਹਾਈਕੋਰਟ ਵਿੱਚ ਲੰਬਿਤ ਹੈ ਅਤੇ ਨਗਰ ਨਿਗਮ ਵੱਲੋਂ ਸਪਸ਼ਟ ਰਿਪੋਰਟ ਆ ਚੁੱਕੀ ਹੈ, ਤਾਂ ਪ੍ਰਸ਼ਾਸਨ ਦੀ ਚੁੱਪੀ ਕਈ ਸਵਾਲ ਖੜ੍ਹੇ ਕਰ ਰਹੀ ਹੈ।

# ਸਰਕਾਰੀ ਵਿਕਾਸ ਪ੍ਰੋਜੈਕਟਾਂ 'ਚ ਦੇਰੀ ਜਾਂ ਲਾਪਰਵਾਹੀ 'ਤੇ ਸਖਤ ਕਾਰਵਾਈ ਦੀ ਚੇਤਾਵਨੀ : ਸਿਹਤ ਮੰਤਰੀ

**➢ ਸ਼ਹਿਰ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਸਰਕਾਰ ਵਚਨਬੱਧ**
**➢ ਏਕਤਾ ਵਿਹਾਰ ਅਤੇ ਸਨੀ ਐਨਕਲੇਵ ਨੂੰ ਮਿਲਿਆ ਵਿਕਾਸ ਦਾ ਤੋਹਫ਼ਾ**



**ਪਟਿਆਲਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦਿਹਾਤੀ ਦੇ ਵੱਖ-ਵੱਖ ਪਿੰਡਾਂ ਦਾ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਅਚਾਨਕ ਦੌਰਾ ਕੀਤਾ ਗਿਆ। ਇਸ ਦੌਰਾਨ ਉਹ ਪਟਿਆਲਾ ਜ਼ਿਲ੍ਹੇ ਅਧੀਨ ਆਉਂਦੇ ਪਿੰਡ ਲਚਕਾਣੀ ਪਹੁੰਚੇ, ਜਿੱਥੇ ਉਨ੍ਹਾਂ ਨੇ ਚੱਲ ਰਹੇ ਵਿਕਾਸ ਕਾਰਜਾਂ ਅਤੇ ਸਿਹਤ ਸਹੂਲਤਾਂ ਦਾ ਜਾਇਜ਼ਾ ਲਿਆ। ਦੌਰੇ ਦੌਰਾਨ ਜਿੱਥੇ ਵੀ ਕਮੀਆਂ ਜਾਂ ਲਾਪਰਵਾਹੀ ਸਾਹਮਣੇ ਆਈ, ਉੱਥੇ ਸਿਹਤ ਮੰਤਰੀ ਨੇ ਮੌਕੇ 'ਤੇ ਹੀ ਸੰਬੰਧਤ ਅਧਿਕਾਰੀਆਂ ਨੂੰ ਫੋਨ ਕਰਕੇ ਤੁਰੰਤ ਬੁਲਾਇਆ। ਉਨ੍ਹਾਂ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਦਿੰਦਿਆਂ ਕਿਹਾ ਕਿ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਵਿੱਚ ਕੋਈ ਕੋਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਸਿਹਤ ਮੰਤਰੀ ਨੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਜਾਰੀ ਕੀਤੇ ਕਾਰਡਾਂ ਦੀ ਸਮੀਖਿਆ ਕੀਤੀ ਅਤੇ ਅਧਿਕਾਰੀਆਂ ਨੂੰ ਹੁਕਮ ਦਿੱਤੇ ਕਿ ਯੋਗ ਲਾਭਪਾਤਰੀਆਂ ਤੱਕ ਯੋਜਨਾ ਦਾ ਪੂਰਾ ਲਾਭ ਪਹੁੰਚਾਇਆ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਲੋਕ-ਹਿਤੈਸ਼ੀ ਯੋਜਨਾਵਾਂ ਦਾ ਫਾਇਦਾ ਹਰ ਘਰ ਤੱਕ ਪਹੁੰਚਣਾ ਚਾਹੀਦਾ ਹੈ। ਸਿਹਤ ਮੰਤਰੀ ਨੇ ਪਟਿਆਲਾ ਸ਼ਹਿਰ ਦੇ ਏਕਤਾ ਵਿਹਾਰ ਅਤੇ ਸਨੀ ਐਨਕਲੇਵ ਇਲਾਕਿਆਂ ਵਿੱਚ ਕਰੀਬ 6 ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵੱਖ-ਵੱਖ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ। ਇਸ ਮੌਕੇ ਉਨ੍ਹਾਂ ਦੇ ਨਾਲ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ, ਡਿਪਟੀ ਮੇਅਰ ਹਰਿੰਦਰ ਕੋਹਲੀ ਅਤੇ ਸਥਾਨਕ ਪਾਰਟੀ ਆਗੂ ਵੀ ਮੌਜੂਦ ਸਨ। ਇਨ੍ਹਾਂ ਵਿਕਾਸ ਪ੍ਰੋਜੈਕਟਾਂ ਵਿੱਚ ਸੜਕਾਂ ਦੀ ਮੁਰੰਮਤ, ਨਵੀਆਂ ਗਲੀਆਂ ਦੀ ਤਿਆਰੀ, ਸੀਵਰੇਜ ਪ੍ਰਣਾਲੀ ਦੀ ਸੁਧਾਰ, ਪੀਣ ਵਾਲੇ ਪਾਣੀ ਦੀ ਸਹੂਲਤ ਮਜ਼ਬੂਤ ਕਰਨਾ ਅਤੇ ਸਟਰੀਟ ਲਾਈਟਾਂ ਦੀ ਵਿਵਸਥਾ ਸ਼ਾਮਲ ਹੈ।

ਸਿਹਤ ਮੰਤਰੀ ਨੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਪਟਿਆਲਾ ਨੂੰ ਵਿਕਾਸ ਪੱਖੋਂ ਨੰਬਰ ਵਨ ਸ਼ਹਿਰ ਬਣਾਉਣ ਲਈ ਸਰਕਾਰ ਵਚਨਬੱਧ ਹੈ ਅਤੇ ਹਰ ਵਾਰਡ ਵਿੱਚ ਲੋੜ ਅਨੁਸਾਰ ਕੰਮ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸ਼ਹਿਰ ਵਿੱਚ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਕਈ ਕਦਮ ਚੁੱਕੇ ਗਏ ਹਨ।

ਸਿਹਤ ਮੰਤਰੀ ਨੇ ਕਿਹਾ ਕਿ ਪਟਿਆਲਾ ਵਿੱਚ ਜਗ੍ਹਾ-ਜਗ੍ਹਾ ਮੁਹੱਲਾ ਕਲੀਨਿਕ ਖੋਲ੍ਹੇ ਗਏ ਹਨ, ਜਿੱਥੇ ਲੋਕਾਂ ਨੂੰ ਮੁਫ਼ਤ ਇਲਾਜ, ਟੈਸਟ ਅਤੇ ਦਵਾਈਆਂ ਦੀ ਸਹੂਲਤ ਮਿਲ ਰਹੀ ਹੈ। ਇਸ ਤੋਂ ਇਲਾਵਾ ਪਟਿਆਲਵੀਆਂ ਲਈ ਰਾਜਿੰਦਰਾ ਹਸਪਤਾਲ ਅਤੇ ਮਾਤਾ ਕੌਸ਼ਲਿਆ ਹਸਪਤਾਲ ਵਰਗੀਆਂ ਵੱਡੀਆਂ ਸਿਹਤ ਸੰਸਥਾਵਾਂ ਵੀ ਸੇਵਾਵਾਂ ਦੇ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਹਸਪਤਾਲਾਂ ਵਿੱਚ ਢਾਂਚਾਗਤ ਸੁਧਾਰ ਅਤੇ ਸਾਜ਼ੋ-ਸਮਾਨ ਦੀ ਉਪਲਬਧਤਾ ਵਧਾਉਣ ਲਈ ਵੀ ਯਤਨ ਜਾਰੀ ਹਨ। ਡਾ. ਬਲਬੀਰ ਸਿੰਘ ਨੇ ਇਹ ਵੀ ਕਿਹਾ ਕਿ ਸਰਕਾਰ ਵੱਲੋਂ ਔਰਤਾਂ ਨੂੰ ਪ੍ਰਤੀ ਮਹੀਨਾ ਇੱਕ ਹਜਾਰ ਰੁਪਏ ਦੀ ਆਰਥਿਕ ਸਹਾਇਤਾ ਦੇਣ ਦਾ ਵਾਅਦਾ ਜਲਦੀ ਹੀ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਨਿਭਾਉਣ ਲਈ ਵਚਨਬੱਧ ਹੈ ਅਤੇ ਵਿਕਾਸ ਕਾਰਜਾਂ ਦੀ ਰਫ਼ਤਾਰ ਆਉਣ ਵਾਲੇ ਸਮੇਂ ਵਿੱਚ ਹੋਰ ਤੇਜ਼ ਕੀਤੀ ਜਾਵੇਗੀ।ਇਸ ਮੌਕੇ ਐਮ ਸੀ ਰੁਪਾਲੀ ਗਰਗ , ਪਰਦੀਪ ਗਰਗ ਤੋਂ ਇਲਾਵਾ ਇਲਾਕਾ ਵਾਸੀ ਮੌਜੂਦ ਸਨ।

# ਇਜ਼ਰਾਈਲ ਵੱਲੋਂ ਇਰਾਨ ਦੀ ਰਾਜਧਾਨੀ ਤਹਿਰਾਨ ਤੇ ਹੋਰ ਸ਼ਹਿਰਾਂ ’ਤੇ ਹਮਲਾ; ਇਰਾਨ ਨੇ ਹਵਾਈ ਖੇਤਰ ਬੰਦ ਕੀਤਾ; ਮੋਬਾਈਲ ਫੋਨ ਸੇਵਾਵਾਂ ਬੰਦ

## ਇਜ਼ਰਾਈਲੀ ਹਵਾਈ ਹਮਲੇ ਤੋਂ ਬਾਅਦ ਇਰਾਨ ਜਵਾਬੀ ਹਮਲੇ ਲਈ ਤਿਆਰ; US ਦੀ ਗੱਲਬਾਤ ਦੇ ਦਰਮਿਆਨ ਹੀ ਕੀਤਾ ਹਮਲਾ; ਇਜ਼ਰਾਈਲ ਨੇ ਅਮਰੀਕਾ ਦੇ ਸਹਿਯੋਗ ਨਾਲ ਕੀਤੇ ਹਮਲੇ; ਕਈ ਸ਼ਹਿਰਾਂ ਵਿਚ ਧਮਾਕੇ



**ਤਲ ਅਵੀਵ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇਜ਼ਰਾਈਲ ਨੇ ਇਰਾਨ ਦੀ ਰਾਜਧਾਨੀ ਤਹਿਰਾਨ ਤੇ ਹੋਰ ਸ਼ਹਿਰਾਂ ’ਤੇ ਮਿਜ਼ਾਈਲਾਂ ਨਾਲ ਹਮਲੇ ਕੀਤੇ ਜਿਸ ਕਾਰਨ ਕਈ ਥਾਈਂ ਅੱਗ ਲੱਗ ਗਈ। ਇਸ ਵੇਲੇ ਤਹਿਰਾਨ ਤੇ ਹੋਰ ਸ਼ਹਿਰਾਂ ਵਿਚ ਧੂੰਏਂ ਦੇ ਬੱਦਲ ਦੇਖੇ ਜਾ ਰਹੇ ਹਨ। ਇਹ ਹਮਲਾ ਅਮਰੀਕਾ ਨਾਲ ਪ੍ਰਮਾਣੂ ਮਾਮਲੇ ’ਤੇ ਕੀਤੀ ਗਈ ਗੱਲਬਾਤ ਦਰਮਿਆਨ ਹੀ ਕੀਤਾ ਗਿਆ ਹੈ। ਇਜ਼ਰਾਈਲ ਨੇ ਇਹ ਹਮਲਾ ਅਮਰੀਕਾ ਦੇ ਸਹਿਯੋਗ ਨਾਲ ਕੀਤਾ ਹੈ। ਇਸ ਦੌਰਾਨ ਇਰਾਨ ’ਤੇ ਕਈ ਮਿਜ਼ਾਈਲਾਂ ਦਾਗੀਆਂ ਗਈਆਂ। ਇਸ ਤੋਂ ਬਾਅਦ ਸੁਪਰੀਮ ਆਗੂ ਖਾਮੇਨੇਈ ਨੂੰ ਸੁਰੱਖਿਅਤ ਥਾਂ ’ਤੇ ਭੇਜਿਆ ਗਿਆ ਹੈ। ਇਹ ਹਮਲਾ ਭਾਰਤੀ ਸਮੇਂ ਅਨੁਸਾਰ ਸਵੇਰ ਵੇਲੇ ਕੀਤਾ ਗਿਆ। ਇਸ ਤੋਂ ਬਾਅਦ ਇਰਾਨ ਨੇ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਤੇ ਏਅਰਸਪੇਸ ਨੂੰ ਪੂਰੀ ਤਰ੍ਹਾਂ ਖਾਲੀ ਕਰਵਾ ਲਿਆ। ਇਸ ਦੌਰਾਨ ਖਾਮੇਨੇਈ ਦੇ ਦਫ਼ਤਰ ਨੇੜੇ ਵੀ ਹਮਲਾ ਕੀਤਾ ਗਿਆ। ਇਸ ਦੌਰਾਨ ਕਈ ਸ਼ਹਿਰਾਂ ਵਿਚ ਧਮਾਕੇ ਸੁਣਾਈ ਦਿੱਤੇ। ਅਮਰੀਕਾ ਤੇ ਇਜ਼ਰਾਈਲ ਵਲੋਂ ਕੀਤੇ ਗਏ ਹਮਲਿਆਂ ਤੋਂ ਬਾਅਦ ਇਰਾਨ ਨੇ ਕਿਹਾ ਕਿ ਉਹ ਜਵਾਬੀ ਕਾਰਵਾਈ ਲਈ ਤਿਆਰ ਹੈ ਤੇ ਜਲਦੀ ਹੀ ਹਮਲੇ ਕੀਤੇ ਜਾਣਗੇ। ਦੂਜੇ ਪਾਸੇ ਇਰਾਨ ਨੇ ਕਿਹਾ ਕਿ ਹਸਪਤਾਲਾਂ ਨੂੰ ਹਾਈ ਅਲਰਟ ’ਤੇ ਰੱਖ ਦਿੱਤਾ ਗਿਆ ਹੈ ਪਰ ਹਾਲੇ ਤਕ ਜ਼ਖਮੀਆਂ ਦੀ ਗਿਣਤੀ ਬਾਰੇ ਪਤਾ ਨਹੀਂ ਲੱਗ ਸਕਿਆ। ਇਰਾਨੀ ਮੀਡੀਆ ਅਤੇ ਐਸੋਸੀਏਟਡ ਪ੍ਰੈੱਸ (1♦) ਦੀਆਂ ਰਿਪੋਰਟਾਂ ਅਨੁਸਾਰ ਇਜ਼ਰਾਈਲ ਨੇ ਇਰਾਨ ਦੇ ਵੱਖ-ਵੱਖ ਹਿੱਸਿਆਂ ਵਿੱਚ ਹਵਾਈ ਹਮਲੇ ਸ਼ੁਰੂ ਕਰ ਦਿੱਤੇ ਹਨ। ਇਰਾਨੀ ਸਰੋਤਾਂ ਦਾ ਕਹਿਣਾ ਹੈ ਕਿ ਇਹ ਹਮਲੇ ਸਿਰਫ ਇੱਕ ਇਲਾਕੇ ਤੱਕ ਸੀਮਤ ਨਹੀਂ ਹਨ ਸਗੋਂ ਪੂਰੇ ਦੇਸ਼ ਵਿੱਚ ਕਈ ਮਹੱਤਵਪੂਰਨ ਥਾਵਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਜ਼ਰਾਈਲ ਵੱਲੋਂ ਕੀਤੀ ਗਈ ਇਸ ਵੱਡੀ ਫ਼ੌਜੀ ਕਾਰਵਾਈ ਨੇ ਖੇਤਰ ਵਿੱਚ ਜੰਗ ਦੇ ਹਾਲਾਤ ਪੈਦਾ ਕਰ ਦਿੱਤੇ ਹਨ ਅਤੇ ਇਰਾਨ ਦੇ ਕਈ ਸ਼ਹਿਰਾਂ ਵਿੱਚ ਧਮਾਕਿਆਂ ਦੀਆਂ ਆਵਾਜ਼ਾਂ ਸੁਣੀਆਂ ਗਈਆਂ ਹਨ।

**ਇਰਾਕ ਵਲੋਂ ਹਵਾਈ ਖੇਤਰ ਬੰਦ; ਲੋਕਾਂ ਨੂੰ ਚੌਕਸ ਰਹਿਣ ਲਈ ਕਿਹਾ**

ਇਸ ਦੌਰਾਨ ਇਰਾਨ ਨੇ ਮੋਬਾਈਲ ਸੇਵਾਵਾਂ ਬੰਦ ਕਰ ਦਿੱਤੀਆਂ ਹਨ। ਇਸ ਤੋਂ ਇਲਾਵਾ ਇਰਾਕ ਨੇ ਵੀ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਹੈ।

ਇਰਾਨ ਦੇ ਰੱਖਿਆ ਮੰਤਰੀ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੇ ਦੇਸ਼ ਨੇ ਇਰਾਨ ਖ਼ਿਲਾਫ਼ ਬਚਾਅ ਵਜੋਂ ਮਿਜ਼ਾਈਲ ਹਮਲਾ ਕੀਤਾ ਹੈ। ਇਸ ਹਮਲੇ ਦਾ ਮਕਸਦ ਇਰਾਨ ਵੱਲੋਂ ਹੋਣ ਵਾਲੇ ਕਿਸੇ ਸੰਭਾਵੀ ਖਤਰੇ ਨੂੰ ਰੋਕਣਾ ਦੱਸਿਆ ਜਾ ਰਿਹਾ ਹੈ। ਇਜ਼ਰਾਈਲੀ ਫੌਜ ਨੇ ਸ਼ਨਿਚਰਵਾਰ ਨੂੰ ਪੂਰੇ ਦੇਸ਼ ਵਿੱਚ ਹਵਾਈ ਹਮਲੇ ਦੇ ਸਾਇਰਨ ਵਜਾ ਕੇ ਲੋਕਾਂ ਨੂੰ ਚੌਕਸ ਕਰ ਦਿੱਤਾ ਹੈ। ਫੌਜ ਅਨੁਸਾਰ ਇਹ ਕਦਮ ਜਨਤਾ ਨੂੰ ਤਿਆਰ ਰੱਖਣ ਲਈ ਚੁੱਕਿਆ ਗਿਆ ਹੈ ਕਿਉਂਕਿ ਇਜ਼ਰਾਈਲ ਦੇ ਇਸ ਹਮਲੇ ਦੇ ਜਵਾਬ ਵਿੱਚ ਇਰਾਨ ਵੱਲੋਂ ਵੀ ਮਿਜ਼ਾਈਲ ਹਮਲੇ ਕੀਤੇ ਜਾਣ ਦੀ ਪੂਰੀ ਸੰਭਾਵਨਾ ਹੈ।

ਇਹ ਹਮਲਾ ਮੱਧ ਪੂਰਬ ਵਿੱਚ ਪਹਿਲਾਂ ਤੋਂ ਹੀ ਚੱਲ ਰਹੇ ਤਣਾਅ ਨੂੰ ਹੋਰ ਵਧਾ ਸਕਦਾ ਹੈ। ਇਜ਼ਰਾਈਲ ਨੇ ਸਪਸ਼ਟ ਕਰ ਦਿੱਤਾ ਹੈ ਕਿ ਉਹ ਆਪਣੀ ਸੁਰੱਖਿਆ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਦੂਜੇ ਪਾਸੇ, ਪੂਰੀ ਦੁਨੀਆ ਦੀ ਨਜ਼ਰ ਹੁਣ ਇਰਾਨ ਦੇ ਅਗਲੇ ਕਦਮ ’ਤੇ ਟਿਕੀ ਹੋਈ ਹੈ। ਕਈ ਦੇਸ਼ਾਂ ਨੇ ਇਸ ਸਥਿਤੀ ’ਤੇ ਚਿੰਤਾ ਪ੍ਰਗਟਾਈ ਹੈ ਕਿਉਂਕਿ ਇਹ ਸਿੱਧਾ ਟਕਰਾਅ ਇੱਕ ਵੱਡੀ ਜੰਗ ਦਾ ਰੂਪ ਲੈ ਸਕਦਾ ਹੈ। ਫਿਲਹਾਲ ਇਜ਼ਰਾਈਲ ਵਿੱਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ ਅਤੇ ਲੋਕਾਂ ਨੂੰ ਸੁਰੱਖਿਅਤ ਥਾਵਾਂ ਦੇ ਨੇੜੇ ਰਹਿਣ ਦੀ ਸਲਾਹ ਦਿੱਤੀ ਗਈ ਹੈ।

# ਪੰਜਾਬ ’ਚ ਕਤਲ ਹੋ ਰਹੇ ਪਰ ਫਿਰ ਵੀ ਇਥੋਂ ਦੀ ਸਰਕਾਰ ਚੁੱਪ: ਮਲਿਕਾਰਜੁਨ ਖੜਗੇ

## ਪੰਜਾਬ ਕਾਂਗਰਸ ਦੇ ਕਾਟੋ-ਕਲੇਸ਼ ’ਤੇ ਰਾਹੁਲ ਗਾਂਧੀ ਦੀ ਸਿੱਧੀ ਚੇਤਾਵਨੀ



**ਬਰਨਾਲਾ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

: ਕਾਂਗਰਸ ਪਾਰਟੀ ਦੇ ਸੀਨੀਅਰ ਲੀਡਰ ਰਾਹੁਲ ਗਾਂਧੀ ਨੇ ਆਪਣੇ ਪੰਜਾਬ ਦੌਰੇ ਦੌਰਾਨ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਨੂੰ ਸਿੱਧੀ ਚੇਤਾਵਨੀ ਦੇ ਦਿੱਤੀ ਹੈ। ਬਰਨਾਲਾ ਵਿਖੇ ਰੈਲੀ ਨੂੰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਸਾਰਿਆਂ ਨੂੰ ਇਕਜੁੱਟ ਹੋ ਕੇ ਕੰਮ ਕਰਨ ਲਈ ਕਿਹਾ ਤੇ ਨਾਲ ਹੀ ਗੜਬੜ ਕਰਨ ਵਾਲਿਆਂ ਨੂੰ ਵੱਡੀ ਚੇਤਾਵਨੀ ਵੀ ਦੇ ਗਏ।

ਰਾਹੁਲ ਗਾਂਧੀ ਨੇ ਕਿਹਾ ਕਿ, ਕੰਮ ਟੀਮ ਵਰਕ ਦੇ ਨਾਲ ਹੁੰਦਾ ਹੈ। ਇਕੱਲਾ ਖਿਡਾਰੀ ਖੇਡ ਨੂੰ ਜਿਤਾ ਨਹੀਂ ਸਕਦਾ। ਇਸ ਲਈ ਟੀਮ ਪਲੇਅਰ ਬਣੋ, ਨਹੀਂ ਤਾਂ ਰਿਜ਼ਰਵ ’ਚ ਬਿਠਾ ਦਿਆਂਗੇ, ਭਾਵੇਂ ਕੋਈ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ।÷ ਰਾਹੁਲ ਗਾਂਧੀ ਨੇ ਆਖਿਆ ਕਿ ਲੀਡਰ ਭਾਵੇਂ ਜਿੰਨਾ ਮਰਜ਼ੀ ਵੱਡਾ ਹੋਵੇ, ਪਾਰਟੀ ਤੋਂ ਵੱਡਾ ਕੋਈ ਨਹੀਂ ਹੈ। ਇਸ ਦੇ ਨਾਲ ਹੀ ਰਾਹੁਲ ਗਾਂਧੀ ਨੇ ਕਿਹਾ ਕਿ ਸਾਡੇ ਵਰਕਰ ਹੀ ਸਾਡੀ ਅਸਲ ਸ਼ਕਤੀ ਹਨ, ਪੰਜਾਬ ਵਿਚ ਜੋ ਵੀ ਕੁਝ ਹੋਵੇਗਾ, ਵਰਕਰਾਂ ਦੀ ਸ਼ਮੂਲੀਅਤ ਦੇ ਨਾਲ ਹੀ ਹੋਵੇਗਾ।

ਆਪਣੇ ਸੰਬੋਧਨ ਦੌਰਾਨ ਰਾਹੁਲ ਗਾਂਧੀ ਨੇ ਆਖਿਆ ਕਿ ਪੰਜਾਬ ਸਾਡੀ ਤਾਕਤ ਹੈ। ਉਨ੍ਹਾਂ ਨੂੰ ਪੰਜਾਬ ਆ ਕੇ ਬਹੁਤ ਚੰਗਾ ਲੱਗਦਾ ਹੈ, ਕਿਉਂਕਿ ਉਨ੍ਹਾਂ ਨੂੰ ਇੱਥੇ ਹਿੰਦੁਸਤਾਨ ਦੀ ਸ਼ਕਤੀ ਤੇ ਨੀਂਹ ਦਿਸਦੀ ਹੈ। ਉਨ੍ਹਾਂ ਕਿਹਾ ਕਿ ਉਹ ਪੰਜਾਬ ਅਤੇ ਪੰਜਾਬ ਦੀ ਜਨਤਾ ਨੂੰ ਬਹੁਤ ਪਿਆਰ ਕਰਦੇ ਹਨ। ਤੁਸੀਂ ਸਾਡੇ ਰੱਖਿਅਕ ਹੋ। ਕਿਸਾਨ ਮਜ਼ਦੂਰ ਦੇਸ਼ ਦੀ ਨੀਂਹ ਹੁੰਦੇ ਹਨ, ਇਨ੍ਹਾਂ ਬਿਨਾਂ ਦੇਸ਼ ਮਜ਼ਬੂਤ ਨਹੀਂ ਹੋ ਸਕਦਾ। ਜੇ ਦੇਸ਼ ਵਿਚ ਹਰੀ ਕ੍ਰਾਂਤੀ ਆਈ ਸੀ ਤਾਂ ਇਹ ਪੰਜਾਬ ਦੇ ਕਿਸਾਨਾਂ-ਮਜ਼ਦੂਰਾਂ ਦੀ ਮਿਹਨਤ ਸਦਕਾ ਹੀ ਆਈ ਸੀ। ਆਪਣੇ ਸੰਬੋਧਨ ਦੌਰਾਨ ਰਾਹੁਲ ਗਾਂਧੀ ਨੇ ਅਮਰੀਕਾ-ਭਾਰਤ ਵਪਾਰ ਸਮਝੌਤੇ ਰਾਹੀਂ ਅਮਰੀਕਾ ਦੇ ਖੇਤੀਬਾੜੀ ਉਤਪਾਦਾਂ ਲਈ ਭਾਰਤੀ ਬਾਜ਼ਾਰ ਖੋਲ੍ਹੇ ਜਾਣ ਦਾ ਡਟ ਕੇ ਵਿਰੋਧ ਕਰਦਿਆਂ ਆਖਿਆ ਕਿ ਇਸ ਨਾਲ ਪੰਜਾਬ, ਹਿਮਾਚਲ, ਮਹਾਰਾਸ਼ਟਰ ਸਣੇ ਹੋਰ ਕਈ ਸੂਬਿਆਂ ਦੇ ਕਿਸਾਨ ਬਰਬਾਦ ਹੋ ਜਾਣਗੇ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਕਿਸਾਨਾਂ-ਮਜ਼ਦੂਰਾਂ ਤੇ ਛੋਟੇ ਵਪਾਰੀਆਂ ਨਾਲ ਡਟ ਕੇ ਖੜ੍ਹੀ ਹੈ।

ਕਾਂਗਰਸ ਪਾਰਟੀ ਵੱਲੋਂ ਬਰਨਾਲਾ ’ਚ ਵਿਸ਼ਾਲ ‘ਮਨਰੇਗਾ ਮਜ਼ਦੂਰ ਅਤੇ ਕਿਸਾਨ ਬਚਾਓ ਰੈਲੀ’ ਕੀਤੀ ਗਈ। ਇਸ ਦੌਰਾਨ ਰਾਹੁਲ ਗਾਂਧੀ, ਮਲਿਕਾਰਜੁਨ ਖੜਗੇ, ਪ੍ਰਤਾਪ ਸਿੰਘ ਬਾਜਵਾ, ਰਾਜਾ ਵੜਿੰਗ ਸਮੇਤ ਸਮੂਚੀ ਕਾਂਗਰਸ ਦੀ ਲੀਡਰਸ਼ਿਪ ਮੌਜੂਦ ਰਹੀ। ਰੈਲੀ ਦੌਰਾਨ ਪਾਰਟੀ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਮੈਨੂੰ ਅੱਜ ਖ਼ੁਸ਼ੀ ਹੋ ਰਹੀ ਹੈ ਜੋ ਪੰਜਾਬ ਦੀ ਇਸ ਧਰਤੀ ’ਤੇ ਕਿਸਾਨ ਅਤੇ ਮਜ਼ਦੂਰਾਂ ਦੀ ਮਹਾਰੈਲੀ ਹੋ ਰਹੀ ਹੈ। ਇਥੇ ਗੱਲਾਂ ਕਿਸਾਨਾਂ ਦੇ ਪੱਖ ਵਿਚ ਹੋਣਗੀਆਂ। ਜਿਵੇਂ ਤੁਸੀਂ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਲੜੇ ਸੀ, ਉਸੇ ਤਰ੍ਹਾਂ ਹੀ ਤੁਹਾਨੂੰ ਇਸ ਦੇ ਖ਼ਿਲਾਫ਼ ਲੜਨਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਦੋ ਮੋਰਚਿਆਂ ’ਤੇ ਵੱਡੀ ਲੜਾਈ ਲੜਨੀ ਹੈ। ਇਕ ਪਾਸੇ ਮੋਦੀ ਸਰਕਾਰ ਤਾਂ ਦੂਜੇ ਪਾਸੇ ਪੰਜਾਬ ਸਰਕਾਰ ਨਾਲ ਲੜਨਾ ਹੈ।

ਪੰਜਾਬ ਦੀ ਕਾਨੂੰਨ ਵਿਵਸਥਾ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ’ਤੇ ਵਰ੍ਹਦੇ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਪੰਜਾਬ ਦੀ ਧਰਤੀ ਨੇ ਸਾਨੂੰ ਸਮਾਜਿਕ ਨਿਆਂ ਦਾ ਸੰਦੇਸ਼ ਦਿੱਤਾ ਹੈ ਪਰ ਅੱਜ ਇਸ ਧਰਤੀ ’ਤੇ ਬਹੁਤ ਖ਼ੂਨ-ਖਰਾਬਾ ਹੋ ਰਿਹਾ ਹੈ। ਲੋਕਾਂ ਦੇ ਕਤਲ ਹੋ ਰਹੇ ਹਨ, ਰੋਜ਼ਾਨਾ ਗੋਲ਼ੀਆਂ ਚੱਲ ਰਹੀਆਂ ਹਨ ਅਤੇ ਜਬਰ-ਜ਼ਿਨਾਹ ਵਰਗੀਆਂ ਘਟਨਾਵਾਂ ਹੋ ਰਹੀਆਂ ਹਨ, ਫਿਰ ਵੀ ਇਥੇ ਦੀ ਪੰਜਾਬ ਸਰਕਾਰ ਚੁੱਪ ਹੈ। ਇਹ ਸਰਕਾਰ ਭਾਜਪਾ ਦੀ ਬੀ-ਟੀਮ ਹੈ।

# ਅਮਰੀਕਾ ਨੇ ਇਰਾਨ ਵਿੱਚ ਵੱਡੀ ਜੰਗੀ ਕਾਰਵਾਈ ਸ਼ੁਰੂ ਕੀਤੀ: ਟਰੰਪ



**ਵਾਸ਼ਿੰਗਟਨ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਸੰਯੁਕਤ ਰਾਜ ਅਮਰੀਕਾ ਨੇ ਇਰਾਨ ਵਿੱਚ ਵੱਡੀ ਜੰਗੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਟਰੰਪ ਦਾ ਇਹ ਬਿਆਨ ਇਜ਼ਰਾਈਲ ਵੱਲੋਂ ਇਰਾਨ ’ਤੇ ਕੀਤੇ ਗਏ ਹਵਾਈ ਹਮਲਿਆਂ ਤੋਂ ਤੁਰੰਤ ਬਾਅਦ ਆਇਆ ਹੈ।

ਟਰੰਪ ਦੇ ਇਸ ਐਲਾਨ ਦਾ ਮਤਲਬ ਹੈ ਕਿ ਹੁਣ ਅਮਰੀਕੀ ਫ਼ੌਜ ਸਿੱਧੇ ਤੌਰ ’ਤੇ ਇਰਾਨ ਵਿਰੁੱਧ ਜੰਗ ਦੇ ਮੈਦਾਨ ਵਿੱਚ ਉਤਰ ਚੁੱਕੀ ਹੈ। ਇਸ ਫੈਸਲੇ ਨੇ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ ਅਤੇ ਮੱਧ ਪੂਰਬ ਵਿੱਚ ਵੱਡੇ ਪੱਧਰ ’ਤੇ ਜੰਗ ਦਾ ਖ਼ਤਰਾ ਪੈਦਾ ਹੋ ਗਿਆ ਹੈ। ਅਮਰੀਕਾ ਤੇ ਇਜ਼ਰਾਈਲ ਨੇ ਇਰਾਨ ’ਤੇ ਹਵਾਈ ਤੇ ਸਮੁੰਦਰੀ ਰਸਤੇ ਹਮਲੇ ਸ਼ੁਰੂ ਕਰ ਦਿੱਤੇ ਹਨ।

# ਇਜ਼ਰਾਈਲ ਅਤੇ ਅਮਰੀਕਾ ਵੱਲੋਂ ਈਰਾਨ ’ਤੇ ਬੰਬਾਰੀ ਤੋਂ ਬਾਅਦ ਭਾਰਤ ਨੇ ਜਾਰੀ ਕੀਤੀ ਐਡਵਾਈਜ਼ਰੀ

**ਨਵੀਂ ਦਿੱਲੀ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇਜ਼ਰਾਈਲ ਵੱਲੋਂ ਅਮਰੀਕਾ ਨਾਲ ਮਿਲ ਕੇ ਈਰਾਨ ਵਿਰੁੱਧ ਹਮਲੇ ਤੋਂ ਬਾਅਦ, ਭਾਰਤ ਨੇ ਇਜ਼ਰਾਈਲ ਵਿੱਚ ਰਹਿ ਰਹੇ ਆਪਣੇ ਨਾਗਰਿਕਾਂ ਲਈ ਇੱਕ ਐਡਵਾਈਜ਼ਰੀ ਜਾਰੀ ਕਰਦਿਆਂ ਬੇਹੱਦ ਸਾਵਧਾਨੀ ਵਰਤਣ ਅਤੇ ਹਰ ਸਮੇਂ ਚੌਕਸ ਰਹਿਣ ਲਈ ਕਿਹਾ ਹੈ।

ਆਪਣੀ ਐਡਵਾਈਜ਼ਰੀ ਵਿੱਚ ਭਾਰਤ ਨੇ ਕਿਹਾ, ਖੇਤਰ ਵਿੱਚ ਮੌਜੂਦਾ ਸੁਰੱਖਿਆ ਸਥਿਤੀ ਦੇ ਮੱਦੇਨਜ਼ਰ, ਇਜ਼ਰਾਈਲ ਵਿੱਚ ਸਾਰੇ ਭਾਰਤੀ ਨਾਗਰਿਕਾਂ ਨੂੰ ਬੇਹੱਦ ਸਾਵਧਾਨੀ ਵਰਤਣ ਅਤੇ ਹਰ ਸਮੇਂ ਚੌਕਸ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ। ਐਕਸ ’ਤੇ ਕੀਤੀ ਗਈ ਪੋਸਟ ਵਿੱਚ ਕਿਹਾ ਗਿਆ, ਭਾਰਤੀ ਨਾਗਰਿਕਾਂ ਨੂੰ ਸਖ਼ਤ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਜ਼ਰਾਈਲੀ ਅਧਿਕਾਰੀਆਂ ਅਤੇ ਹੋਮ ਫਰੰਟ ਕਮਾਂਡ ਵੱਲੋਂ ਜਾਰੀ ਸੁਰੱਖਿਆ ਦਿਸ਼ਾ-ਨਿਰਦੇਸ਼ਾਂ ਅਤੇ ਹਦਾਇਤਾਂ ਦੀ ਪਾਲਣਾ ਕਰਨ।

ਇਸ ਵਿੱਚ ਅੱਗੇ ਕਿਹਾ ਗਿਆ, ਸਾਰੇ ਭਾਰਤੀ ਨਾਗਰਿਕਾਂ ਨੂੰ ਨਿਰਧਾਰਤ ਸ਼ੈਲਟਰਾਂ (ਸੁਰੱਖਿਅਤ ਥਾਵਾਂ) ਦੇ ਨੇੜੇ ਰਹਿਣਾ ਚਾਹੀਦਾ ਹੈ ਅਤੇ ਆਪਣੇ ਰਹਿਣ ਜਾਂ ਕੰਮ ਵਾਲੇ ਖੇਤਰ ਵਿੱਚ ਨਜ਼ਦੀਕੀ ਸੁਰੱਖਿਅਤ ਥਾਵਾਂ ਬਾਰੇ ਜਾਣਕਾਰੀ ਰੱਖਣੀ ਚਾਹੀਦੀ ਹੈ।

# ਮੋਦੀ ਵੱਲੋਂ 14 ਸਾਲਾ ਲੜਕੀਆਂ ਲਈ ਦੇਸ਼ ਵਿਆਪੀ HPV ਟੀਕਾਕਰਨ ਮੁਹਿੰਮ ਦਾ ਆਗਾਜ਼




**ਅਜਮੇਰ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਜਸਥਾਨ ਦੇ ਅਜਮੇਰ ਤੋਂ 14 ਸਾਲਾ ਲੜਕੀਆਂ ਲਈ ਦੇਸ਼ ਵਿਆਪੀ ਹਿਊਮਨ ਪੈਪੀਲੋਮਾ ਵਾਇਰਸ (8♦᪤) ਟੀਕਾਕਰਨ ਮੁਹਿੰਮ ਦੀ ਸ਼ੁਰੂਆਤ ਕੀਤੀ। ਸਰਵਾਈਕਲ ਕੈਂਸਰ ਵਿਰੁੱਧ ਇਹ ਮੁਹਿੰਮ ਰਸਮੀ ਤੌਰ ’ਤੇ ਅਜਮੇਰ ਦੇ ਕਾਇਆਡ ਵਿੱਚ ਰੱਖੇ ਇੱਕ ਪ੍ਰੋਗਰਾਮ ਦੌਰਾਨ ਸ਼ੁਰੂ ਕੀਤੀ ਗਈ, ਜਿੱਥੇ ਕਈ ਲੜਕੀਆਂ ਨੂੰ ਇਹ ਟੀਕਾ ਲਗਾਇਆ ਗਿਆ। ਇਸ ਮੌਕੇ ਪ੍ਰਧਾਨ ਮੰਤਰੀ ਨੇ ਵੈਕਸੀਨ ਲਗਵਾਉਣ ਵਾਲਿਆਂ ਨਾਲ ਗੱਲਬਾਤ ਵੀ ਕੀਤੀ।

ਅਧਿਕਾਰੀਆਂ ਅਨੁਸਾਰ, ਇਸ ਮੁਹਿੰਮ ਤਹਿਤ ਸਿੰਗਲ-ਡੋਜ਼ ’ਗਾਰਡਾਸਿਲ ਵੈਕਸੀਨ, ਜੋ ਕਿ ਇੱਕ ਕਵਾਡਰੀਵੈਲੈਂਟ ਵੈਕਸੀਨ ਹੈ, ਦੀ ਵਰਤੋਂ ਕੀਤੀ ਜਾਵੇਗੀ। ਇਹ ਇੰਜੈਕਸ਼ਨ HPV ਟਾਈਪ 16 ਅਤੇ 18 ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ, ਜੋ ਸਰਵਾਈਕਲ ਕੈਂਸਰ ਲਈ ਜ਼ਿੰਮੇਵਾਰ ਹਨ, ਨਾਲ ਹੀ ਟਾਈਪ 6 ਅਤੇ 11 ਤੋਂ ਵੀ ਬਚਾਅ ਕਰਦਾ ਹੈ।

ਕੇਂਦਰੀ ਸਿਹਤ ਮੰਤਰਾਲੇ ਨੇ 25 ਫਰਵਰੀ ਨੂੰ ਸਾਰੇ ਸੂਬਿਆਂ ਨੂੰ ਭੇਜੀ ਇੱਕ ਅਧਿਕਾਰਤ ਸੂਚਨਾ ਵਿੱਚ ਕਿਹਾ, ÷ਦੇਸ਼ ਭਰ ਦੀਆਂ ਸਾਰੀਆਂ 14 ਸਾਲਾ ਲੜਕੀਆਂ ਨੂੰ ਸਰਕਾਰੀ ਸਿਹਤ ਸਹੂਲਤਾਂ ਵਿੱਚ ’ਗਾਰਡਾਸਿਲ 4’ ਵੈਕਸੀਨ ਦੀ ਇੱਕ ਡੋਜ਼ ਦਿੱਤੀ ਜਾਵੇਗੀ, ਜਿਸ ਵਿੱਚ ਆਯੁਸ਼ਮਾਨ ਅਰੋਗਿਆ ਮੰਦਰ (ਪ੍ਰਾਇਮਰੀ ਹੈਲਥ ਸੈਂਟਰ), ਕਮਿਊਨਿਟੀ ਹੈਲਥ ਸੈਂਟਰ, ਸਬ-ਡਿਸਟ੍ਰਿਕਟ ਅਤੇ ਜ਼ਿਲ੍ਹਾ ਹਸਪਤਾਲ ਅਤੇ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਸ਼ਾਮਲ ਹਨ।

# ਪੰਜਾਬ ’ਚੋਂ ਡਰੱਗ ਮਾਫ਼ੀਆ ਨੂੰ ਕੱਢਣ ਲਈ ਅਸੀਂ ਕਾਨੂੰਨ ਲੈ ਕੇ ਆਵਾਂਗੇ: ਸੁਖਬੀਰ ਸਿੰਘ ਬਾਦਲ

**ਬਠਿੰਡਾ,1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**





ਸ਼੍ਰੋਮਣੀ ਅਕਾਲੀ ਵੱਲੋਂ ਰਾਮਪੁਰਾ ਫੂਲ ਵਿਚ ਪੰਜਾਬ ਬਚਾਓ ਰੈਲੀ ਕੀਤੀ। ਇਸ ਦੌਰਾਨ ਉਨ੍ਹਾਂ ਕਿਹਾ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਕੌਮ ਖਾਤਿਰ 16 ਸਾਲ ਜੇਲ੍ਹਾਂ ਕੱਟੀਆਂ ਸਨ। ਜਦੋਂ ਵੀ ਪੰਜਾਬ ਦੀ ਜਨਤਾ ਨੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਮੌਕਾ ਦਿੱਤਾ ਤਾਂ ਅਕਾਲੀ ਦਲ ਦੀ ਸਰਕਾਰ ਬਣੀ। ਫਿਰ ਬਾਦਲ ਸਾਬ੍ਹ ਨੇ ਪੰਜਾਬ ਦੇ ਲੋਕਾਂ ਦੇ ਸੁਫ਼ਨੇ ਪੂਰੇ ਕਰਨ ਦੀ ਕੋਸ਼ਿਸ਼ ਕੀਤੀ। ਜੇਕਰ ਪਿਛਲੇ 50 ਸਾਲਾਂ ਦਾ ਹਿਸਾਬ ਲਾਇਆ ਜਾਵੇ ਤਾਂ ਇਸ ਵਿਚ 25 ਸਾਲ ਕਾਂਗਰਸ ਦੀ ਪਾਰਟੀ ਨੇ ਰਾਜ ਕੀਤਾ ਹੈ ਪਰ ਕਾਂਗਰਸ ਦੀ ਪਾਰਟੀ ਇਕ ਵੀ ਨਿਸ਼ਾਨੀ ਵੀ ਨਹੀਂ ਦੱਸ ਸਕਦੀ ਹੈ, ਜੋ ਬਅੰਤ ਸਿੰਘ ਜਾਂ ਦਰਬਾਰਾ ਸਿੰਘ ਨੇ ਬਣਾਈ ਹੋਵੇ ਜਾਂ ਪੰਜਾਬ ਲਈ ਕੋਈ ਵੱਡੀ ਦੇਣ ਉਨ੍ਹਾਂ ਨੇ ਦਿੱਤੀ ਹੋਵੇ। ਕਾਂਗਰਸ ਵਾਲੇ ਤਾਂ ਸਿਰਫ਼ ਆਪਣੇ ਆਪਣੀ ਚੌਧਰ ਲਈ ਮੁੱਖ ਮੰਤਰੀ ਬਣਦੇ ਰਹੇ ਹਨ ਨਾ ਕਿ ਪੰਜਾਬ ਦੀ ਸੇਵਾ ਕਰਨ ਲਈ ਬਣਦੇ ਰਹੇ ਹਨ।

ਉਨ੍ਹਾਂ ਭਗਵੰਤ ਮਾਨ ਨੂੰ ‘ਮਲੰਗ’ ਕਹਿੰਦੇ ਹੋਏ ਕਿਹਾ ਕਿ ਮਲੰਗ ਵਾਲੇ ਵੀ ਪੰਜ ਸਾਲ ਤੋਂ ਪੰਜਾਬ ਵਿਚ ਰਾਜ ਕਰ ਰਹੇ ਹਨ ਪਰ ਉਨ੍ਹਾਂ ਨੇ ਵੀ ਪੰਜਾਬ ਲਈ ਕੁਝ ਨਹੀਂ ਕੀਤਾ। ਜੋ ਕੁਝ ਵੀ ਪੰਜਾਬ ਵਿਚ ਬਣਾਇਆ ਹੈ, ਉਹ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੇਲੇ ਹੀ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਪੰਜਾਬ ਵਿਚ ਸਰਕਾਰ ਬਣਾਉਣ ਲਈ ਇਕ ਮੌਕਾ ਮਕਦੇ ਸਨ। ਇਕ ਮੌਕਾ ਮੰਗ ਕੇ ਹੀ ਪੰਜਾਬ ਨੂੰ ਭਗਵੰਤ ਮਾਨ ਨੇ ਤਬਾਹ ਕਰਕੇ ਰੱਖ ਦਿੱਤਾ ਹੈ।

ਪੰਜਾਬ ਵਿਚ ਲਗਾਤਾਰ ਫਿਰੌਤੀ ਲਈ ਕਾਲਾਂ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਆਵੇਗੀ ਤਾਂ ਪੰਜਾਬ ਵਿਚ ਡਰੱਗ ਮਾਫ਼ੀਆ ਨੂੰ ਕੱਢਣ ਲਈ ਕਾਨੂੰਨ ਲਿਆਂਦਾ ਜਾਵੇਗਾ ਅਤੇ ਗੈਂਗਸਟਰ ਨੂੰ ਅੱਤਵਾਦ ਦਾ ਟੈਗ ਦਿੱਤਾ ਜਾਵੇਗਾ। ਗੈਂਗਸਟਰਾਂ ਦੀਆਂ ਸਾਰੀਆਂ ਜਾਇਦਾਦਾਂ ਨੂੰ ਕੁਰਕ ਕੀਤਾ ਜਾਵੇਗਾ।

ਜੇ ਪੰਜਾਬ ਵਿਚੋਂ ਗੈਂਗਸਰਵਾਦ ਖ਼ਤਮ ਹੋਵੇਗਾ ਤਾਂ ਹੀ ਪੰਜਾਬ ਬਚੇਗਾ। ਉਨ੍ਹਾਂ ਕਿਹਾ ਕਿ ਜਿਵੇਂ ਵੱਡੇ ਬਾਦਲ ਨੇ ਸਰਕਾਰ ਚਲਾਈ ਸੀ, ਉਸੇ ਤਰ੍ਹਾਂ ਹੀ ਅਸੀਂ ਵੀ ਸਰਕਾਰ ਬਣਾਵਾਂਗੇ। ਪੰਜਾਬ ਵਿਚ ਅਜਿਹੀ ਸ਼ਾਂਤੀ ਹੋਵੇਗੀ ਕਿਸੇ ਵੀ ਗੈਂਗਸਟਰ ਨੂੰ ਖੰਘਣ ਨਹੀਂ ਦਿੱਤਾ ਜਾਵੇਗਾ।

# ਕਰੰਸੀ ਲੈ ਕੇ ਜਾ ਰਿਹਾ ਜਹਾਜ਼ ਹਾਦਸਾਗ੍ਰਸਤ; 15 ਮੌਤਾਂ; 30 ਜ਼ਖ਼ਮੀ

**ਲਾ ਪਾਜ਼, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬੋਲੀਵੀਆ ਦੀ ਰਾਜਧਾਨੀ ਲਾ ਪਾਜ਼ ਦੇ ਨੇੜੇ ਸ਼ੁੱਕਰਵਾਰ ਨੂੰ ਇੱਕ ਮਾਲਵਾਹਕ ਜਹਾਜ਼ ਉਡਾਣ ਭਰਨ ਦੇ ਤੁਰੰਤ ਬਾਅਦ ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ ਵਿੱਚ 15 ਲੋਕਾਂ ਦੀ ਮੌਤ ਹੋ ਗਈ ਹੈ। ਫਾਇਰ ਬ੍ਰਿਗੇਡ ਦੇ ਅਧਿਕਾਰੀਆਂ ਅਨੁਸਾਰ ਜਹਾਜ਼ ਰਨਵੇਅ ਤੋਂ ਫਿਸਲ ਗਿਆ ਅਤੇ ਨੇੜਲੀ ਹਾਈਵੇਅ ’ਤੇ ਜਾ ਰਹੇ ਵਾਹਨਾਂ ਨਾਲ ਟਕਰਾ ਗਿਆ। ਇਹ ਜਹਾਜ਼ ਬੋਲੀਵੀਆ ਦੀ ਹਵਾਈ ਸੈਨਾ ਦਾ ’ਹਰਕੂਲਸ’ ਜਹਾਜ਼ ਸੀ, ਜੋ ਕੇਂਦਰੀ ਬੈਂਕ ਦੇ ਨਵੇਂ ਨੋਟ ਦੂਜੇ ਸ਼ਹਿਰਾਂ ਵਿੱਚ ਲੈ ਕੇ ਜਾ ਰਿਹਾ ਸੀ।ਜਹਾਜ਼ ਦੇ ਟਕਰਾਉਣ ਕਾਰਨ ਹਾਈਵੇਅ ’ਤੇ ਮੌਜੂਦ 15 ਗੱਡੀਆਂ ਨੁਕਸਾਨੀਆਂ ਗਈਆਂ। ਸੋਸ਼ਲ ਮੀਡੀਆ ’ਤੇ ਸਾਹਮਣੇ ਆਈਆਂ ਤਸਵੀਰਾਂ ਵਿੱਚ ਸੜਕ ’ਤੇ ਜਹਾਜ਼ ਦਾ ਮਲਬਾ, ਸੜੀਆਂ ਹੋਈਆਂ ਕਾਰਾਂ ਅਤੇ ਲਾਸ਼ਾਂ ਖਿਲਰੀਆਂ ਦਿਖਾਈ ਦੇ ਰਹੀਆਂ ਹਨ। ਅਜੇ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਮਰਨ ਵਾਲੇ ਲੋਕ ਜਹਾਜ਼ ਵਿੱਚ ਸਵਾਰ ਸਨ ਜਾਂ ਸੜਕ ’ਤੇ ਜਾ ਰਹੀਆਂ ਕਾਰਾਂ ਵਿੱਚ। ਅੱਗ ਬੁਝਾਊ ਦਸਤੇ ਨੇ ਕਾਫੀ ਮੁਸ਼ੱਕਤ ਤੋਂ ਬਾਅਦ ਜਹਾਜ਼ ਨੂੰ ਲੱਗੀ ਅੱਗ ’ਤੇ ਕਾਬੂ ਪਾਇਆ।ਹਾਦਸੇ ਤੋਂ ਬਾਅਦ ਜਹਾਜ਼ ਵਿੱਚ ਮੌਜੂਦ ਵੱਡੀ ਮਾਤਰਾ ਵਿੱਚ ਨਕਦੀ ਹਵਾਈ ਅੱਡੇ ਦੇ ਬਾਹਰ ਖਿੱਲਰ ਗਈ। ਖ਼ਬਰਾਂ ਅਨੁਸਾਰ ਸੈਂਕੜੇ ਲੋਕ ਖਿੱਲਰੇ ਹੋਏ ਨੋਟਾਂ ਨੂੰ ਇਕੱਠਾ ਕਰਨ ਲਈ ਮੌਕੇ ’ਤੇ ਪਹੁੰਚ ਗਏ। ਸਥਿਤੀ ਇੰਨੀ ਵਿਗੜ ਗਈ ਕਿ ਪੁਲਿਸ ਨੂੰ ਭੀੜ ਨੂੰ ਖਿੰਡਾਉਣ ਲਈ ਦੰਗਾ ਵਿਰੋਧੀ ਸਾਜ਼ੋ-ਸਾਮਾਨ ਦੀ ਵਰਤੋਂ ਕਰਨੀ ਪਈ।ਇਸ ਹਾਦਸੇ ਤੋਂ ਬਾਅਦ ਪ੍ਰਸ਼ਾਸਨ ਨੇ ਸੁਰੱਖਿਆ ਦੇ ਮੱਦੇਨਜ਼ਰ ਹਵਾਈ ਅੱਡੇ ਤੋਂ ਆਉਣ-ਜਾਣ ਵਾਲੀਆਂ ਸਾਰੀਆਂ ਉਡਾਣਾਂ ਨੂੰ ਅਸਥਾਈ ਤੌਰ ’ਤੇ ਰੋਕ ਦਿੱਤਾ ਹੈ। ਅਧਿਕਾਰੀ ਹਾਦਸੇ ਦੇ ਅਸਲ ਕਾਰਨਾਂ ਦੀ ਜਾਂਚ ਕਰ ਰਹੇ ਹਨ ਤਾਂ ਜੋ ਪਤਾ ਲਗਾਇਆ ਜਾ ਸਕੇ ਕਿ ਉਡਾਣ ਭਰਦੇ ਸਮੇਂ ਜਹਾਜ਼ ਵਿੱਚ ਕੀ ਨੁਕਸ ਪਿਆ ਸੀ।

# ਏਯੂ ਸਮਾਲ ਫਾਈਨੈਂਸ ਬੈਂਕ ਹੋਲੀ ’ਤੇ ਤਿਉਹਾਰਾਂ ਦੀ ਖੁਸ਼ੀ ਲੈ ਕੇ ਆ ਰਿਹਾ ਹੈ; ਕਰਿਆਨੇ, ਖਰੀਦਦਾਰੀ ਅਤੇ ਯਾਤਰਾ ਪੇਸ਼ਕਸ਼ਾਂ ਵਿੱਚ ਵਿਸ਼ੇਸ਼ ਬੱਚਤ ਦੇ ਮੌਕੇ

**ਚੰਡੀਗੜ੍ਹ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

AU SMALL FINANCE BANK

ਏਯੂ ਸਮਾਲ ਫਾਈਨੈਂਸ ਬੈਂਕ, ਭਾਰਤ ਦਾ ਸਭ ਤੋਂ ਵੱਡਾ ਸਮਾਲ ਫਾਈਨੈਂਸ ਬੈਂਕ ਅਤੇ ਰਿਜ਼ਰਵ ਬੈਂਕ ਆਫ਼ ਇੰਡੀਆ ਤੋਂ ਇੱਕ ਯੂਨੀਵਰਸਲ ਬੈਂਕ ਵਿੱਚ ਬਦਲਣ ਲਈ ਸਿਧਾਂਤਕ ਪ੍ਰਵਾਨਗੀ ਪ੍ਰਾਪਤ ਕਰਨ ਵਾਲਾ ਪਹਿਲਾ, ਨੇ ਅੱਜ ਕਰਿਆਨੇ, ਖਰੀਦਦਾਰੀ ਅਤੇ ਯਾਤਰਾ ਸ਼੍ਰੇਣੀਆਂ ਵਿੱਚ ਵਿਸ਼ੇਸ਼ ਹੋਲੀ ਪੇਸ਼ਕਸ਼ਾਂ ਦਾ ਐਲਾਨ ਕੀਤਾ। ਇਹ ਮੌਸਮੀ ਪੇਸ਼ਕਸ਼ਾਂ ਗਾਹਕਾਂ ਨੂੰ ਜ਼ਰੂਰੀ ਅਤੇ ਰੋਜ਼ਾਨਾ ਖਰਚਿਆਂ ’ਤੇ ਸਮਝਦਾਰੀ ਨਾਲ ਬੱਚਤ ਕਰਨ ਅਤੇ ਰੰਗਾਂ ਦੇ ਇਸ ਤਿਉਹਾਰ ਨੂੰ ਮਨਾਉਣ ਵਿੱਚ ਮਦਦ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ। ਤਿਉਹਾਰੀ ਪੇਸ਼ਕਸ਼ਾਂ ਖਾਸ ਤੌਰ ’ਤੇ ਏਯੂ ਸਮਾਲ ਫਾਈਨੈਂਸ ਬੈਂਕ ਦੇ ਡੈਬਿਟ ਅਤੇ ਕ੍ਰੈਡਿਟ ਕਾਰਡ ਗਾਹਕਾਂ ਲਈ ਤਿਆਰ ਕੀਤੀਆਂ ਗਈਆਂ ਹਨ। ਜਿਵੇਂ ਕਿ ਪਰਿਵਾਰ ਤਿਉਹਾਰਾਂ, ਖਰੀਦਦਾਰੀ, ਤੋਹਫ਼ੇ ਅਤੇ ਯਾਤਰਾ ਯੋਜਨਾਬੰਦੀ ਦੀ ਤਿਆਰੀ ਕਰਦੇ ਹਨ, ਏਯੂ ਸਮਾਲ ਫਾਈਨੈਂਸ ਬੈਂਕ ਦੀਆਂ ਹੋਲੀ ਪੇਸ਼ਕਸ਼ਾਂ ਆਧੁਨਿਕ ਭਾਰਤ ਵਿੱਚ ਵਿਆਪਕ ਤੌਰ ’ਤੇ ਵਰਤੇ ਜਾਂਦੇ ਪਲੇਟਫਾਰਮਾਂ ’ਤੇ ਮਹੱਤਵਪੂਰਨ ਲਾਭ ਪ੍ਰਦਾਨ ਕਰਦੀਆਂ ਹਨ। ਕਰਿਆਨੇ ਦੀ ਡਿਲੀਵਰੀ ਤੋਂ ਲੈ ਕੇ ਫੈਸ਼ਨ ਸ਼ਾਪਿੰਗ ਅਤੇ ਅੰਤਰ-ਸ਼ਹਿਰ ਯਾਤਰਾ ਤੱਕ, ਇਹ ਚੁਣੇ ਹੋਏ ਲਾਭ ਗਾਹਕਾਂ ਨੂੰ ਡਿਜੀਟਲ ਜੀਵਨ ਸ਼ੈਲੀ ਦੀ ਸਹੂਲਤ ਦਾ ਆਨੰਦ ਮਾਣਦੇ ਹੋਏ ਏਯੂ ਡੈਬਿਟ ਜਾਂ ਕ੍ਰੈਡਿਟ ਕਾਰਡਾਂ ਰਾਹੀਂ ਆਪਣੀ ਬੱਚਤ ਨੂੰ ਵੱਧ ਤੋਂ ਵੱਧ ਕਰਨ ਦੀ ਆਗਿਆ ਦਿੰਦੇ ਹਨ। ਏਯੂ ਸਮਾਲ ਫਾਈਨੈਂਸ ਬੈਂਕ ਗਾਹਕਾਂ ਲਈ ਹੋਲੀ ਦੀਆਂ ਪੇਸ਼ਕਸ਼ਾਂ: ਕਰਿਆਨੇ ਇੰਸਟਾਮਾਰਟ - ਕਰਿਆਨੇ ’ਤੇ ?111 ਤੱਕ ਦੀ ਛੋਟ ਏਯੂ ਡੈਬਿਟ ਜਾਂ ਕ੍ਰੈਡਿਟ ਕਾਰਡਾਂ ’ਤੇ ਲਾਗੂ)। ਏਯੂ ਕ੍ਰੈਡਿਟ ਕਾਰਡਾਂ ’ਤੇ 5% ਦੀ ਛੋਟ। ਖਰੀਦਦਾਰੀ - ਏਯੂ ਕ੍ਰੈਡਿਟ ਕਾਰਡਾਂ ’ਤੇ 10% ਦੀ ਛੋਟ। ਯਾਤਰਾ ਅਤੇ ਏਯੂ ਸਮਾਲ ਫਾਈਨੈਂਸ ਬੈਂਕ ਏਯੂ ਕ੍ਰੈਡਿਟ ਕਾਰਡਾਂ ’ਤੇ 10% ਦੀ ਛੋਟ*। ਇਹਨਾਂ ਪੇਸ਼ਕਸ਼ਾਂ ਦਾ ਉਦੇਸ਼ ਤਿਉਹਾਰਾਂ ਦੀ ਖਰੀਦਦਾਰੀ ਨੂੰ ਜੇਬ ’ਤੇ ਆਸਾਨ ਬਣਾਉਣਾ ਹੈ ਅਤੇ ਗਾਹਕਾਂ ਨੂੰ ਆਸਾਨੀ ਅਤੇ ਲਚਕਤਾ ਨਾਲ ਆਪਣੇ ਹੋਲੀ ਦੇ ਜਸ਼ਨਾਂ ਦੀ ਯੋਜਨਾ ਬਣਾਉਣ ਦੇ ਯੋਗ ਬਣਾਉਣਾ ਹੈ। ਉਪਰੋਕਤ ਪੇਸ਼ਕਸ਼ਾਂ ਲਾਈਵ ਹਨ ਅਤੇ 31 ਮਾਰਚ, 2026 ਤੱਕ ਵੈਧ ਹਨ।

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਵਿੱਖੀ ਯੋਜਨਾਵਾਂ ’ਤੇ ਵਿਚਾਰ ਵਟਾਂਦਰਾ: ਹਰਮੀਤ ਸਿੰਘ ਕਾਲਕਾ



**ਨਵੀਂ ਦਿੱਲੀ, 1 ਮਾਰਚ**
**-ਸ਼ਿਵ ਨਰਾਇਣ ਜਾਂਗੜਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਅੱਜ ਇਥੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਣੀ ਮੈਂਬਰਾਂ ਨਾਲ ਇਕ ਮੀਟਿੰਗ ਹੋਈ। ਉਨ੍ਹਾਂ ਦੱਸਿਆ ਕਿ ਇਸ ਮੀਟਿੰਗ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਭਵਿੱਖੀ ਕਾਰਜਕ੍ਰਮਾਂ ਅਤੇ ਨਵੀਂ ਪਹਿਲ ਕਦਮਾਂ ’ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਹ ਮੀਟਿੰਗ ਕੇਵਲ ਰੁਟੀਨੀ ਕਾਰਵਾਈ ਤੱਕ ਸੀਮਿਤ ਨਹੀਂ ਸੀ, ਸਗੋਂ ਸਿੱਖ ਕੌਮ ਦੀ ਚੜ੍ਹਦੀ ਕਲਾ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗੁਰਦੁਆਰਾ ਪ੍ਰਬੰਧਨ ਦੀ ਪਾਰਦਰਸ਼ਤਾ ਅਤੇ ਸਮਾਜਿਕ ਜ਼ਿੰਮੇਂਵਾਰੀਆਂ ਨੂੰ ਹੋਰ ਮਜ਼ਬੂਤ ਕਰਨ ਵੱਲ ਇਕ ਮੀਲ ਪੱਥਰ ਸਾਬਤ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ਮੌਕੇ ਧਾਰਮਿਕ ਅਤੇ ਸਮਾਜਿਕ ਖੇਤਰਾਂ ਵਿੱਚ ਨਵੀਂ ਯੋਜਨਾਵਾਂ ਨੂੰ ਅਮਲ ਵਿੱਚ ਲਿਆਉਣ ਲਈ ਰਣਨੀਤਿਕ ਰੂਪਰੇਖਾ ਤਿਆਰ ਕੀਤੀ ਗਈ।

ਸਰਦਾਰ ਕਾਲਕਾ ਨੇ ਜ਼ੋਰ ਦੇ ਕੇ ਕਿਹਾ ਕਿ ਕਮੇਟੀ ਗੁਰਬਾਣੀ ਪ੍ਰਚਾਰ-ਪ੍ਰਸਾਰ, ਨੌਜਵਾਨ ਪੀੜ੍ਹੀ ਨੂੰ ਸਿੱਖ ਇਤਿਹਾਸ ਅਤੇ ਮਰਿਆਦਾ ਨਾਲ ਜੋੜਨ, ਅਤੇ ਸੇਵਾ-ਭਾਵਨਾ ਨੂੰ ਮਜ਼ਬੂਤ ਕਰਨ ਲਈ ਵਿਸ਼ੇਸ਼ ਉਪਰਾਲੇ ਸ਼ੁਰੂ ਕਰੇਗੀ। ਇਸ ਤੋਂ ਇਲਾਵਾ ਮੀਟਿੰਗ ਵਿੱਚ ਗੁਰਦੁਆਰਾ ਸਹੂਲਤਾਂ ਦੇ ਅਧੁਨੀਕੀਕਰਨ ਅਤੇ ਪ੍ਰਬੰਧਕੀ ਪ੍ਰਣਾਲੀ ਨੂੰ ਹੋਰ ਸੁਚੱਜਾ ਅਤੇ ਪ੍ਰਭਾਵਸ਼ਾਲੀ ਬਣਾਉਣ ’ਤੇ ਵੀ ਵਿਚਾਰ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲ ਸੰਗਤ ਦੀ ਸੇਵਾ ਹੈ ਅਤੇ ਹਰ ਫ਼ੈਸਲਾ ਗੁਰਮਤਿ ਸਿਧਾਂਤਾਂ ਅਤੇ ਪਾਰਦਰਸ਼ੀ ਪ੍ਰਬੰਧਨ ਦੇ ਅਧਾਰ ’ਤੇ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਜਨਹਿਤ ਅਤੇ ਪੰਥਕ ਭਲਾਈ ਨੂੰ ਕੇਂਦਰ ਵਿੱਚ ਰੱਖਦਿਆਂ ਕਈ ਨਵੀਂ ਪਹਿਲਾਂ ਦਾ ਐਲਾਨ ਕੀਤਾ ਜਾਵੇਗਾ।

ਇਸ ਮੌਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰਣੀ ਮੈਂਬਰਾਂ ਨੇ ਵੀ ਆਪਣੀਆਂ ਸੁਝਾਵਾਂ ਰੱਖਦਿਆਂ ਕਮੇਟੀ ਦੀ ਕਾਰਗੁਜ਼ਾਰੀ ਨੂੰ ਹੋਰ ਗਤੀਸ਼ੀਲ ਬਣਾਉਣ ਲਈ ਜ਼ੋਰ ਦਿੱਤਾ।

# ਪੰਜਾਬ ਵਿਚ ਸਕੂਲਾਂ ਦਾ ਸਮਾਂ ਬਦਲਿਆ

**ਚੰਡੀਗੜ੍ਹ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਚ ਸਕੂਲਾਂ ਦਾ ਸਮਾਂ ਪਹਿਲੀ ਮਾਰਚ ਤੋਂ ਬਦਲ ਦਿੱਤਾ ਗਿਆ ਹੈ। ਇਸ ਸਬੰਧੀ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵਲੋਂ ਹੁਕਮ ਜਾਰੀ ਕੀਤਾ ਗਿਆ। ਸੂਬੇ ਦੇ ਸਾਰੇ ਸਰਕਾਰੀ, ਪ੍ਰਾਈਵੇਟ ਏਡਿਡ ਅਤੇ ਮਾਨਤਾ ਪ੍ਰਾਪਤ ਪ੍ਰਾਇਮਰੀ ਸਕੂਲਾਂ ਦਾ ਸਮਾਂ 1 ਮਾਰਚ ਤੋਂ 31 ਮਾਰਚ ਤੱਕ ਸਵੇਰੇ 8.30 ਤੋਂ 2.30 ਵਜੇ ਤੱਕ ਅਤੇ ਸਮੂਹ ਮਿਡਲ, ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ ਦਾ ਸਮਾਂ ਸਵੇਰੇ 8.30 ਵਜੇ ਤੋਂ 2.50 ਵਜੇ ਤੱਕ ਹੋਵੇਗਾ।

# ਰਿਸ਼ਵਤ ਲੈਂਦਾ ਸਬ-ਇੰਸਪੈਕਟਰ ਗ੍ਰਿਫ਼ਤਾਰ; ਕੇਸ ਵਿੱਚੋਂ ਨਾਂ ਕੱਢਣ ਬਦਲੇ ਮੰਗੇ ਸੀ 50 ਹਜ਼ਾਰ ਰੁਪਏ

**ਚੰਡੀਗੜ੍ਹ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲੀਸ ਦੇ ਇੱਕ ਸਬ-ਇੰਸਪੈਕਟਰ ਨੂੰ 50,000 ਰੁਪਏ ਦੀ ਰਿਸ਼ਵਤ ਲੈਂਦਿਆਂ ਗ੍ਰਿਫ਼ਤਾਰ ਕੀਤਾ ਗਿਆ ਹੈ। ਪੰਜਾਬ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਮੁਲਜ਼ਮ ਮੇਵਾ ਸਿੰਘ ਸੰਗਰੂਰ ਦੇ ਸਾਈਬਰ ਸੈੱਲ ਵਿੱਚ ਤਾਇਨਾਤ ਸੀ। ਬਠਿੰਡਾ ਦੇ ਪਿੰਡ ਕੋਠੇ ਮਹਾਂ ਸਿੰਘ ਵਾਲਾ ਦੇ ਇੱਕ ਵਿਅਕਤੀ ਨੇ ਉਸ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਸੀ।

ਸ਼ਿਕਾਇਤਕਰਤਾ ਅਤੇ ਉਸ ਦੀ ਪਤਨੀ ਵਿਰੁੱਧ ਸੰਗਰੂਰ ਪੁਲੀਸ ਥਾਣੇ ਦੇ ਸਾਈਬਰ ਸੈੱਲ ਵਿੱਚ ਇੱਕ ਕੇਸ ਦਰਜ ਕੀਤਾ ਗਿਆ ਸੀ ਅਤੇ ਮੇਵਾ ਸਿੰਘ ਇਸ ਮਾਮਲੇ ਦਾ ਜਾਂਚ ਅਧਿਕਾਰੀ ਸੀ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਸਬ-ਇੰਸਪੈਕਟਰ ਨੇ ਉਸ ਦੀ ਪਤਨੀ ਨੂੰ ਕੇਸ ਵਿੱਚੋਂ ਕਢਵਾਉਣ (ਡਿਸਚਾਰਜ) ਲਈ 50,000 ਰੁਪਏ ਦੀ ਮੰਗ ਕੀਤੀ ਸੀ।

# ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਨੂੰ ਘਰ-ਘਰ ਪਹੁੰਚਾਏ ਜਾਣ ਦੇ ਲਈ ਯਤਨ ਜਾਰੀ : ਕੁਲਵੰਤ ਸਿੰਘ



**ਮੁਹਾਲੀ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਦੇ ਵਿੱਚ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਤਹਿਤ ਮੋਹਾਲੀ ਵਿਧਾਨ ਸਭਾ ਹਲਕੇ ਦੇ ਵਿੱਚ ਵੱਡੇ ਪੱਧਰ ਤੇ ਕੈਂਪ ਲਗਾਏ ਗਏ ਹਨ, ਗਰੈਂਡ ਵਿਲਾ ਸੋਸਾਇਟੀ, ਸੈਕਟਰ- 82 ਵਿਖੇ ਲਗਾਏ ਗਏ ਕੈਂਪ ਦਾ ਜਾਇਜ਼ਾ ਲੈਣ ਦੇ ਦੌਰਾਨ ਵਿਧਾਇਕ ਕੁਲਵੰਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪੰਜਾਬ ਦੇ ਲੋਕੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਫਾਇਦਾ ਉਠਾ ਸਕਣ ਇਸ ਦੇ ਲਈ ਆਮ ਆਦਮੀ ਪਾਰਟੀ ਦੇ ਵਰਕਰਾਂ ਸਮਰਥਕਾਂ ਦੇ ਵੱਲੋਂ ਵੱਡੀ ਪੱਧਰ ਤੇ ਬਕਾਇਦਾ ਕੈਂਪ ਲਗਾ ਕੇ ਲੋਕਾਂ ਦੀ ਰਜਿਸਟਰੇਸ਼ਨ ਕੀਤੇ ਜਾਣ ਦੇ ਵਿੱਚ ਵੀ ਮਦਦ ਕੀਤੀ ਜਾ ਰਹੀ ਹੈ, ਵਿਧਾਇਕ ਕੁਲਵੰਤ ਸਿੰਘ ਹੋਰਾਂ ਕਿਹਾ ਕਿ ਪੰਜਾਬ ਸਰਕਾਰ ਦੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਨੂੰ ਘਰ-ਘਰ ਪਹੁੰਚਾਏ ਜਾਣ ਦੇ ਲਈ ਯਤਨ ਜਾਰੀ ਰਹਿਣਗੇ, ਇਨ੍ਹਾਂ ਕੈਂਪਾਂ ਦੌਰਾਨ ਉਨ੍ਹਾਂ ਨੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਰਜਿਸਟਰੇਸ਼ਨ ਕਰਵਾਉਣ ਦੀ ਅਪੀਲ ਕੀਤੀ। ਕੁਲਵੰਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਇਹ ਯੋਜਨਾ ਆਮ ਲੋਕਾਂ ਲਈ ਵਰਦਾਨ ਸਾਬਤ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਹੇਠ ਹਜ਼ਾਰਾਂ ਪਰਿਵਾਰਾਂ ਨੂੰ ਉੱਚ ਪੱਧਰੀ ਇਲਾਜ ਦੀ ਸਹੂਲਤ ਮਿਲ ਰਹੀ ਹੈ ਅਤੇ ਗਰੀਬ ਤੇ ਮੱਧਵਰਗ ਪਰਿਵਾਰਾਂ ਨੂੰ ਵੱਡੀ ਆਰਥਿਕ ਰਾਹਤ ਪ੍ਰਾਪਤ ਹੋ ਰਹੀ ਹੈ।

ਉਨ੍ਹਾਂ ਕਿਹਾ, ਸਾਡਾ ਮਕਸਦ ਹੈ ਕਿ ਹਲਕੇ ਦਾ ਕੋਈ ਵੀ ਵਿਅਕਤੀ ਇਸ ਯੋਜਨਾ ਦੇ ਲਾਭ ਤੋਂ ਵਾਂਝਾ ਨਾ ਰਹੇ। ਇਸ ਲਈ ਵੱਖ-ਵੱਖ ਥਾਵਾਂ ’ਤੇ ਰਜਿਸਟਰੇਸ਼ਨ ਕੈਂਪ ਲਗਾਏ ਜਾ ਰਹੇ ਹਨ ਤਾਂ ਜੋ ਲੋਕਾਂ ਨੂੰ ਦਫ਼ਤਰਾਂ ਦੇ ਚੱਕਰ ਨਾ ਲਗਾਉਣ ਪੈਣ।

ਮੋਹਾਲੀ ਹਲਕੇ ਵਿੱਚ ਲਗੇ ਕੈਂਪਾਂ ਦੌਰਾਨ ਵੱਡੀ ਗਿਣਤੀ ਵਿੱਚ ਲੋਕਾਂ ਨੇ ਭਾਗ ਲਿਆ ਅਤੇ ਮੌਕੇ ‘ਤੇ ਹੀ ਆਪਣੀ ਰਜਿਸਟਰੇਸ਼ਨ ਪ੍ਰਕਿਰਿਆ ਪੂਰੀ ਕਰਵਾਈ। ਵਿਧਾਇਕ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਰਜਿਸਟਰੇਸ਼ਨ ਪ੍ਰਕਿਰਿਆ ਸਧਾਰਣ ਅਤੇ ਪਾਰਦਰਸ਼ੀ ਬਣਾਈ ਜਾਵੇ ਤਾਂ ਜੋ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਲੋਕਾਂ ਦੀ ਸਿਹਤ ਸੁਰੱਖਿਆ ਲਈ ਵਚਨਬੱਧ ਹੈ ਅਤੇ ਅਜਿਹੇ ਕੈਂਪ ਅੱਗੇ ਵੀ ਜਾਰੀ ਰਹਿਣਗੇ। ਉਨ੍ਹਾਂ ਪਾਰਟੀ ਵਰਕਰਾਂ ਅਤੇ ਸਿਹਤ ਵਿਭਾਗ ਦੀਆਂ ਟੀਮਾਂ ਦਾ ਵੀ ਧੰਨਵਾਦ ਕੀਤਾ, ਜੋ ਘਰ-ਘਰ ਜਾ ਕੇ ਲੋਕਾਂ ਨੂੰ ਇਸ ਯੋਜਨਾ ਬਾਰੇ ਜਾਗਰੂਕ ਕਰ ਰਹੀਆਂ ਹਨ। ਮੌਕੇ ਤੇ ਯੂਥ ਨੇਤਾ ਅਤੇ ਕੌਂਸਲਰ -ਸਰਬਜੀਤ ਸਿੰਘ ਸਮਾਣਾ, ਆਰ.ਪੀ.ਸ਼ਰਮਾ ਬਲਾਕ ਪ੍ਰਧਾਨ , ਹਰਪਾਲ ਸਿੰਘ ਚੰਨਾ ਬਲਾਕ ਪ੍ਰਧਾਨ, ਡਾਕਟਰ ਕੁਲਦੀਪ ਸਿੰਘ ਹਲਕਾ ਕੋਆਰਡੀਨੇਨਿਟਰ ਬੀ, ਸੀ, ਵਿੰਗ,ਵਿਕਰਮ ਸਿੰਘ ਸੰਧੂ, ਨੀਲਮ ਨੰਦਵਾਨੀ ਨੀਰਜ ਕੁਮਾਰ, ਨਸੀਬ ਸਿੰਘ ਸੰਧੂ ਵੀ ਹਾਜ਼ਰ ਸਨ।

# ਅੰਮ੍ਰਿਤਸਰ ਵਿਖੇ ਤਿੰਨ ਰੋਜ਼ਾ ਰੰਗਲਾ ਪੰਜਾਬ ਉਤਸਵ ਦਾ ਪੂਰੀ ਸ਼ਾਨੋ-ਸ਼ੌਕਤ ਨਾਲ ਸ਼ਾਨਦਾਰ ਅਗਾਜ਼

**ਅੰਮ੍ਰਿਤਸਰ, 1 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਦੇ ਵਿਭਾਗ ਵੱਲੋਂ ਅੰਮ੍ਰਿਤਸਰ ਦੇ ਰਣਜੀਤ ਐਵੀਨਿਊ ਮੈਦਾਨ ਵਿੱਚ ਲਗਾਇਆ ਗਿਆ ਤਿੰਨ ਰੋਜ਼ਾ ਰੰਗਲਾ ਪੰਜਾਬ ਉਤਸਵ ਅੱਜ ਪੂਰੀ ਸ਼ਾਨੋ-ਸ਼ੌਕਤ ਨਾਲ ਸ਼ੁਰੂ ਹੋ ਗਿਆ। ਰੰਗਲਾ ਪੰਜਾਬ ਉਤਸਵ ਦਾ ਉਦਘਾਟਨ ਸੂਬੇ ਦੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਵੱਲੋਂ ਕੀਤਾ ਗਿਆ। ਇਸ ਮੌਕੇ ਉਹਨਾਂ ਨਾਲ ਵਿਧਾਨ ਸਭਾ ਹਲਕਾ ਅੰਮ੍ਰਿਤਸਰ ਪੂਰਬੀ ਦੀ ਵਿਧਾਇਕਾ ਜੀਵਨਜੋਤ ਕੌਰ, ਵਿਧਾਨ ਸਭਾ ਹਲਕਾ ਅੰਮ੍ਰਿਤਸਰ ਪੱਛਮੀ ਦੇ ਵਿਧਾਇਕ ਡਾਕਟਰ ਜਸਬੀਰ ਸਿੰਘ ਸੰਧੂ, ਪਨਸਪ ਦੇ ਚੇਅਰਮੈਨ ਸ੍ਰੀ ਪ੍ਰਭਬੀਰ ਸਿੰਘ ਬਰਾੜ, ਜਿਲਾ ਯੋਜਨਾ ਕਮੇਟੀ ਦੇ ਚੇਅਰਮੈਨ ਗੁਰ ਪ੍ਰਤਾਪ ਸਿੰਘ ਸੰਧੂ, ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਦੇ ਵਾਇਸ ਚੇਅਰਮੈਨ ਜਸਕਰਨ ਸਿੰਘ ਬੰਦੇਸ਼ਾ, ਸੈਰ ਸਪਾਟਾ ਵਿਭਾਗ ਦੇ ਡਾਇਰੈਕਟਰ ਸ੍ਰੀ ਸੰਜੀਵ ਕੁਮਾਰ ਤਿਵਾੜੀ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਰੋਹਿਤ ਗੁਪਤਾ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਰੁਪਿੰਦਰ ਪਾਲ ਸਿੰਘ, ਐੱਸ.ਡੀ.ਐੱਮ. ਅਲਕਾ ਕਾਲੀਆ, ਗੁਰਮੰਦਰ ਸਿੰਘ ਤੋਂ ਇਲਾਵਾ ਕੈਬਨਟ ਮੰਤਰੀ ਸਰਦਾਰ ਹਰਭਜਨ ਸਿੰਘ ਈਟੀਓ ਦੇ ਧਰਮ ਪਤਨੀ ਸ਼੍ਰੀਮਤੀ ਸੁਹਿੰਦਰ ਕੌਰ, ਸ਼੍ਰੀਮਤੀ ਬਲਵਿੰਦਰ ਕੌਰ, ਜ਼ਿਲ੍ਹਾ ਟੂਰਜ਼ਿਮ ਅਫ਼ਸਰ ਸੁਖਮਨ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਲੋਕ ਸੰਪਰਕ ਡਾਇਰੈਕਟਰ ਪ੍ਰਵੀਨ ਪੁਰੀ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ। ਰੰਗਲਾ ਪੰਜਾਬ ਉਤਸਵ ਦਾ ਉਦਘਾਟਨ ਕਰਦਿਆਂ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਅੰਮ੍ਰਿਤਸਰ ਵਿਖੇ ਹੋ ਰਹੇ ਇਸ ਤਿੰਨ ਰੋਜ਼ਾ ਰੰਗਲਾ ਪੰਜਾਬ ਉਤਸਵ ਦਾ ਮਕਸਦ ਪੰਜਾਬ ਦੇ ਸੱਭਿਆਚਾਰਕ ਵਿਰਸੇ, ਰਹਿਣ-ਸਹਿਣ ਅਤੇ ਖਾਣ-ਪੀਣ ਨੂੰ ਵਿਸ਼ਵ ਪੱਧਰ ’ਤੇ ਉਤਸ਼ਾਹਤ ਕਰਨਾ ਹੈ। ਉਨ੍ਹਾਂ ਕਿਹਾ ਕਿ ਰੰਗਲਾ ਪੰਜਾਬ ਉਤਸਵ ਵਿੱਚ ਰੰਗਲੇ ਪੰਜਾਬ ਦੇ ਹਰ ਰੰਗ ਦੇਖਣ ਨੂੰ ਮਿਲ ਰਹੇ ਹਨ। ਉਨ੍ਹਾਂ ਕਿਹਾ ਕਿ ਸਾਡਾ ਪੰਜਾਬੀ ਸੱਭਿਆਚਾਰ ਦੁਨੀਆਂ ਦੇ ਸਭ ਤੋਂ ਅਮੀਰ ਅਤੇ ਜੀਵੰਤ ਸੱਭਿਆਚਾਰਾਂ ਵਿੱਚੋਂ ਇੱਕ ਹੈ, ਜੋ ਆਪਣੇ ਵਿਲੱਖਣ ਰਹਿਣ-ਸਹਿਣ, ਖਾਣ-ਪੀਣ, ਲੋਕ ਨਾਚਾਂ (ਭੰਗੜਾ-ਗਿੱਧਾ), ਅਤੇ ਭਾਈਚਾਰਕ ਸਾਂਝ ਲਈ ਜਾਣਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਦੇ ਵਿਰਸੇ ਵਿੱਚ ਪਰੰਪਰਿਕ ਕਲਾਵਾਂ, ਬੋਲੀਆਂ ਅਤੇ ਮਹਿਮਾਨਨਵਾਜ਼ੀ ਮੁੱਖ ਹਨ, ਜਿਨ੍ਹਾਂ ਦੀ ਧਾਂਕ ਦੇਸ਼-ਵਿਦੇਸ਼ ਵਿੱਚ ਹੈ। ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਸੂਬੇ ਦੇ ਅਮੀਰ ਵਿਰਸੇ ਦੀ ਸੰਭਾਲ ਅਤੇ ਇਸ ਨੂੰ ਉਤਸ਼ਾਹਤ ਕਰਨ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ।

# ਜੂਡੀਸ਼ੀਅਲ ਕੌਂਸਲ ਨੇ United Nations Security Council ਨੂੰ ਤੁਰੰਤ ਹਸਤਖੇਪ ਕਰਕੇ ਵਧਦੇ ਯੁੱਧ ਨੂੰ ਰੋਕਣ ਦੀ ਅਪੀਲ ਕੀਤੀ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ (ਨਿਊਜ਼ ਵਾਰਤਾ): ਵਿਸ਼ਵ ਭਾਈਚਾਰੇ ਨੂੰ ਇੱਕ ਤੁਰੰਤ ਅਪੀਲ ਕਰਦੇ ਹੋਏ, ਜੂਡੀਸ਼ੀਅਲ ਕੌਂਸਲ ਨੇ ਔਪਚਾਰਿਕ ਤੌਰ 'ਤੇ United Nations Security Council ਨੂੰ ਪੱਤਰ ਲਿਖ ਕੇ ਸੰਯੁਕਤ ਰਾਜ ਅਮਰੀਕਾ, ਇਜ਼ਰਾਇਲ ਅਤੇ ਇਸਲਾਮਿਕ ਰਿਪਬਲਿਕ ਆਫ਼ ਇਰਾਨ ਵਿਚਕਾਰ ਤੇਜ਼ੀ ਨਾਲ ਵੱਧ ਰਹੇ ਸੈਨਿਕ ਟਕਰਾਅ ਨੂੰ ਰੋਕਣ ਲਈ ਤੁਰੰਤ ਅੰਤਰਰਾਸ਼ਟਰੀ ਹਸਤਖੇਪ ਦੀ ਮੰਗ ਕੀਤੀ ਹੈ। ਕੌਂਸਲ ਦੇ ਪੱਤਰ ਵਿੱਚ ਇਸ ਸੰਘਰਸ਼ ਦੇ ਵਿਨਾਸ਼ਕਾਰੀ ਮਾਨਵੀ, ਕਾਨੂੰਨੀ ਅਤੇ ਭੂ-ਰਾਜਨੀਤਿਕ ਪ੍ਰਭਾਵਾਂ ਉੱਤੇ ਜ਼ੋਰ ਦਿੰਦੇ ਹੋਏ ਕਿਹਾ ਗਿਆ ਹੈ ਕਿ ਹੋਰ ਜਾਨੀ ਨੁਕਸਾਨ ਨੂੰ ਰੋਕਣ ਅਤੇ ਅੰਤਰਰਾਸ਼ਟਰੀ ਕਾਨੂੰਨ ਦੇ ਢਾਂਚੇ ਨੂੰ ਸੁਰੱਖਿਅਤ ਰੱਖਣ ਲਈ ਤੁਰੰਤ ਕਾਰਵਾਈ ਲਾਜ਼ਮੀ ਹੈ। ਜੂਡੀਸ਼ੀਅਲ ਕੌਂਸਲ ਦੀ ਇਹ ਅਪੀਲ ਬਹੁਤ ਸੰਵੇਦਨਸ਼ੀਲ ਸਮੇਂ 'ਤੇ ਆਈ ਹੈ। 28 ਫ਼ਰਵਰੀ 2026 ਨੂੰ ਸੰਯੁਕਤ ਰਾਜ ਅਮਰੀਕਾ ਅਤੇ ਇਜ਼ਰਾਇਲ ਨੇ ਇਸਲਾਮਿਕ ਰਿਪਬਲਿਕ ਆਫ਼ ਇਰਾਨ ਦੇ ਅੰਦਰ ਨਿਸ਼ਾਨਿਆਂ 'ਤੇ ਸੈਨਿਕ ਹਮਲਿਆਂ ਦੀ ਇੱਕ ਲੜੀ ਸ਼ੁਰੂ ਕੀਤੀ, ਜਿਸ ਵਿੱਚ ਉਸ ਦੇ ਸਰਵੋਚ ਨੇਤਾ ਆਯਤੁੱਲਾਹ ਖ਼ਾਮਨੇਈ ਅਤੇ ਸੈਨਿਕ ਕਰਮਚਾਰੀਆਂ ਦੀ ਮੌਤ ਹੋ ਗਈ, ਜਿਸ ਨਾਲ ਮੱਧ ਪੂਰਬ ਵਿੱਚ ਦੁਸ਼ਮਣੀ ਵਿੱਚ ਨਾਟਕੀ ਵਾਧਾ ਹੋਇਆ। ਇਰਾਨ ਨੇ ਇਸ ਦੇ ਜਵਾਬ ਵਿੱਚ ਇਜ਼ਰਾਇਲੀ ਖੇਤਰ ਅਤੇ ਖੇਤਰ ਵਿੱਚ ਤੈਨਾਤ ਅਮਰੀਕੀ ਬਲਾਂ 'ਤੇ ਮਿਸਾਈਲ ਹਮਲੇ ਕੀਤੇ, ਜਿਸ ਨਾਲ ਇਹ ਟਕਰਾਅ ਹੋਰ ਵੀ ਖ਼ਤਰਨਾਕ ਰੂਪ ਧਾਰਦਾ ਹੋਇਆ ਵਿਸ਼ਵ ਸੁਰੱਖਿਆ ਅਤੇ ਸਥਿਰਤਾ ਲਈ ਗੰਭੀਰ ਖ਼ਤਰਾ ਬਣ ਗਿਆ। ਸੁਰੱਖਿਆ ਕੌਂਸਲ ਨੂੰ ਲਿਖੇ ਆਪਣੇ ਪੱਤਰ ਵਿੱਚ ਜੂਡੀਸ਼ੀਅਲ ਕੌਂਸਲ ਨੇ ਤੁਰੰਤ ਯੁੱਧਵਿਰਾਮ, ਮਜ਼ਬੂਤ ਕੂਟਨੀਤਿਕ ਯਤਨਾਂ ਅਤੇ ਅੰਤਰਰਾਸ਼ਟਰੀ ਕਾਨੂੰਨ ਪ੍ਰਤੀ ਨਵੇਂ ਸਿਰੇ ਨਾਲ ਵਚਨਬੱਧਤਾ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਕੌਂਸਲ ਨੇ ਬਿਗੜ ਰਹੀ ਮਾਨਵੀ ਸਥਿਤੀ, ਨਾਗਰਿਕ ਹਤਾਹਤਾਂ ਦੀ ਵੱਧਦੀ ਗਿਣਤੀ ਅਤੇ ਸੰਘਰਸ਼ ਦੇ ਮੱਧ ਪੂਰਬ ਤੋਂ ਬਾਹਰ ਫੈਲਣ ਦੇ ਖ਼ਤਰੇ 'ਤੇ ਗੰਭੀਰ ਚਿੰਤਾ ਜਤਾਈ ਹੈ, ਜੋ ਦਹਾਕਿਆਂ ਤੋਂ ਸ਼ਾਂਤੀ ਅਤੇ ਨਿਯਮ-ਆਧਾਰਿਤ ਅੰਤਰਰਾਸ਼ਟਰੀ ਵਿਵਸਥਾ ਨੂੰ ਸੁਰੱਖਿਅਤ ਰੱਖਣ ਦੇ ਯਤਨਾਂ ਨੂੰ ਕਮਜ਼ੋਰ ਕਰ ਸਕਦਾ ਹੈ। "ਅਸੀਂ ਬਹੁਤ ਹੀ ਗੰਭੀਰ ਅਤੇ ਖ਼ਤਰਨਾਕ ਸਮੇਂ ਦੇ ਸਾਕਸ਼ੀ ਹਾਂ," ਜੂਡੀਸ਼ੀਅਲ ਕੌਂਸਲ ਦੇ ਅਧ ਰਾਜੀਵ ਅਗਨਿਹੋਤਰੀ ਨੇ ਕਿਹਾ। "ਦੁਨੀਆ ਮੂਕ ਦਰਸ਼ਕ ਬਣ ਕੇ ਨਹੀਂ ਖੜ੍ਹੀ ਰਹਿ ਸਕਦੀ ਜਦੋਂ ਯੁੱਧ ਪੂਰੇ ਖੇਤਰਾਂ ਨੂੰ ਆਪਣੀ ਲਪੇਟ ਵਿੱਚ ਲੈ ਰਿਹਾ ਹੈ। United Nations Security Council ਨੂੰ ਸਾਡੀ ਅਪੀਲ ਇਸ ਵਿਸ਼ਵਾਸ 'ਤੇ ਆਧਾਰਿਤ ਹੈ ਕਿ ਅੰਤਰਰਾਸ਼ਟਰੀ ਕਾਨੂੰਨ, ਮਾਨਵ ਅਧਿਕਾਰ ਅਤੇ ਸ਼ਾਂਤੀ ਨੂੰ ਸੈਨਿਕ ਉਗਰਤਾ ਤੋਂ ਉੱਪਰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਅਸੀਂ ਨਾਗਰਿਕਾਂ ਦੀ ਸੁਰੱਖਿਆ, ਕਾਨੂੰਨੀ ਮਿਆਰਾਂ ਦੀ ਰੱਖਿਆ ਅਤੇ ਵਾਰਤਾ ਦੇ ਰਾਹ ਨੂੰ ਮੁੜ ਸਥਾਪਿਤ ਕਰਨ ਲਈ ਤੁਰੰਤ ਅਤੇ ਫੈਸਲਾਕੁੰਨ ਕਾਰਵਾਈ ਦੀ ਮੰਗ ਕਰਦੇ ਹਾਂ। ਜੂਡੀਸ਼ੀਅਲ ਕੌਂਸਲ ਦੇ ਹਸਤਖੇਪ ਵਿੱਚ ਕਈ ਮਹੱਤਵਪੂਰਨ ਕਾਨੂੰਨੀ ਅਤੇ ਨੈਤਿਕ ਬਿੰਦੂ ਉਜਾਗਰ ਕੀਤੇ ਗਏ ਹਨ: ਸੰਯੁਕਤ ਰਾਸ਼ਟਰ ਚਾਰਟਰ ਦੀ ਉਲੰਘਣਾ: ਕਿਸੇ ਵੀ ਰਾਜ ਵੱਲੋਂ ਸਪਸ਼ਟ ਆਤਮ-ਰੱਖਿਆ ਜਾਂ ਸੁਰੱਖਿਆ ਕੌਂਸਲ ਦੀ ਮਨਜ਼ੂਰੀ ਤੋਂ ਬਿਨਾਂ ਬਲ ਦਾ ਪ੍ਰਯੋਗ, ਸੰਯੁਕਤ ਰਾਸ਼ਟਰ ਚਾਰਟਰ ਦੇ ਮੂਲ ਸਿਧਾਂਤਾਂ ਦੀ ਉਲੰਘਣਾ ਹੋ ਸਕਦਾ ਹੈ। ਜੂਡੀਸ਼ੀਅਲ ਕੌਂਸਲ ਨੇ ਜ਼ੋਰ ਦਿੱਤਾ ਕਿ ਸਾਰੇ ਪੱਖਾਂ ਨੂੰ ਆਪਣੇ ਸੰਧੀਕ ਦਾਇਤਵਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਤਾਂ ਜੋ ਵਿਸ਼ਵ ਕਾਨੂੰਨੀ ਮਿਆਰਾਂ ਦਾ ਹੋਰ ਹ?ਰਾਸ ਨਾ ਹੋਵੇ। ਮਾਨਵੀ ਸੁਰੱਖਿਆ: ਹਜ਼ਾਰਾਂ ਨਾਗਰਿਕਾਂ ਦੇ ਜ਼ਖ਼ਮੀ ਜਾਂ ਮਾਰੇ ਜਾਣ ਦੀਆਂ ਖ਼ਬਰਾਂ ਹਨ ਅਤੇ ਮਹੱਤਵਪੂਰਨ ਬੁਨਿਆਦੀ ਢਾਂਚੇ ਦੇ ਨਾਸ ਨਾਲ ਮਾਨਵੀ ਸੰਕਟ ਹੋਰ ਗਹਿਰਾ ਹੁੰਦਾ ਜਾ ਰਿਹਾ ਹੈ। ਕੌਂਸਲ ਨੇ ਨਾਗਰਿਕਾਂ ਦੀ ਸੁਰੱਖਿਆ ਅਤੇ ਬਿਨਾਂ ਰੁਕਾਵਟ ਮਾਨਵੀ ਸਹਾਇਤਾ ਯਕੀਨੀ ਬਣਾਉਣ ਲਈ ਤੁਰੰਤ ਕਦਮ ਚੁੱਕਣ ਦੀ ਮੰਗ ਕੀਤੀ ਹੈ। ਵਿਆਪਕ ਸੰਘਰਸ਼ ਦਾ ਖ਼ਤਰਾ: ਇਹ ਵੱਧਦਾ ਤਣਾਅ ਖੇਤਰੀ ਅਤੇ ਵਿਸ਼ਵ ਸ਼ਕਤੀਆਂ ਨੂੰ ਵੱਡੇ ਟਕਰਾਅ ਵਿੱਚ ਖਿੱਚ ਸਕਦਾ ਹੈ, ਜਿਸ ਦੇ ਅੰਤਰਰਾਸ਼ਟਰੀ ਸ਼ਾਂਤੀ ਅਤੇ ਸੁਰੱਖਿਆ 'ਤੇ ਅਣਅੰਦਾਜ਼ੇ ਨਤੀਜੇ ਹੋ ਸਕਦੇ ਹਨ। ਕਾਨੂੰਨੀ ਤਰਕਾਂ ਤੋਂ ਇਲਾਵਾ, ਜੂਡੀਸ਼ੀਅਲ ਕੌਂਸਲ ਦੇ ਪੱਤਰ ਵਿੱਚ ਹਸਤਖੇਪ ਲਈ ਵਿਸ਼ਾਲ ਨੈਤਿਕ ਆਧਾਰ ਵੀ ਪੇਸ਼ ਕੀਤਾ ਗਿਆ ਹੈ। "ਇਤਿਹਾਸ ਸਾਨੂੰ ਅੱਜ ਲਏ ਗਏ ਫੈਸਲਿਆਂ ਦੇ ਆਧਾਰ 'ਤੇ ਪਰਖੇਗਾ," ਜੂਡੀਸ਼ੀਅਲ ਕੌਂਸਲ ਦੇ ਸਕੱਤਰ ਸੰਜੇ ਅਰੋੜਾ ਨੇ ਕਿਹਾ। "ਅਸੀਂ United Nations Security Council ਨੂੰ ਹਿੰਮਤ ਅਤੇ ਦ੍ਰਿੜ ਨਿਸ਼ਚੇ ਨਾਲ ਕਾਰਵਾਈ ਕਰਨ, ਅੰਤਰਰਾਸ਼ਟਰੀ ਕਾਨੂੰਨ ਦੀ ਰੱਖਿਆ ਕਰਨ ਅਤੇ ਮਨੁੱਖਤਾ ਨੂੰ ਬੇਕਾਬੂ ਯੁੱਧ ਦੀ ਭਿਆਨਕਤਾ ਤੋਂ ਬਚਾਉਣ ਦੀ ਅਪੀਲ ਕਰਦੇ ਹਾਂ।

## 20 ਸਾਲਾਂ 'ਚ ਤਲਾਕ ਦੇ ਮਾਮਲਿਆਂ 'ਚ 50 ਫੀਸਦੀ ਵਾਧਾ ! 58% ਕੇਸਾਂ 'ਚ ਔਰਤਾਂ ਕਰ ਰਹੀਆਂ ਹਨ ਪਹਿਲ

ਨਵੀਂ ਦਿੱਲੀ 1 ਮਾਰਚ। ਭਾਰਤੀ ਸਮਾਜ ਵਿੱਚ ਵਿਆਹ ਨੂੰ ਇੱਕ ਪਵਿੱਤਰ ਅਤੇ ਜਨਮਾਂ-ਜਨਮਾਂ ਦਾ ਬੰਧਨ ਮੰਨਿਆ ਜਾਂਦਾ ਹੈ ਪਰ ਬਦਲਦੇ ਦੌਰ ਅਤੇ ਆਰਥਿਕ ਆਜ਼ਾਦੀ ਨੇ ਇਸ ਰਿਸ਼ਤੇ ਦੀ ਪਰਿਭਾਸ਼ਾ ਬਦਲ ਦਿੱਤੀ ਹੈ। ਦੇਸ਼ ਵਿੱਚ ਬਦਲਦੇ ਸਮਾਜਿਕ ਅਤੇ ਆਰਥਿਕ ਹਾਲਾਤਾਂ ਦੇ ਨਾਲ ਵਿਆਹੁਤਾ ਰਿਸ਼ਤਿਆਂ ਦੇ ਟੁੱਟਣ ਦੀ ਦਰ ਵਿੱਚ ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਤਾਜ਼ਾ ਅੰਕੜਿਆਂ ਅਨੁਸਾਰ, ਪਿਛਲੇ 20 ਸਾਲਾਂ ਵਿੱਚ ਤਲਾਕ ਦੇ ਮਾਮਲਿਆਂ ਵਿੱਚ 50% ਦਾ ਵਾਧਾ ਦਰਜ ਕੀਤਾ ਗਿਆ ਹੈ। ਹੈਰਾਨੀਜਨਕ ਗੱਲ ਇਹ ਹੈ ਕਿ ਹੁਣ ਤਲਾਕ ਲੈਣ ਲਈ 58% ਕੇਸਾਂ ਵਿੱਚ ਔਰਤਾਂ ਖ਼ੁਦ ਅੱਗੇ ਆ ਰਹੀਆਂ ਹਨ, ਜਦੋਂ ਕਿ ਦੋ ਦਹਾਕੇ ਪਹਿਲਾਂ ਪੁਣੇ ਵਰਗੇ ਸ਼ਹਿਰਾਂ ਵਿੱਚ 67% ਕੇਸ ਪਤੀਆਂ ਵੱਲੋਂ ਦਾਇਰ ਕੀਤੇ ਜਾਂਦੇ ਸਨ। ਸੂਤਰਾਂ ਤੋਂ ਮਿਲੀਆਂ ਰਿਪੋਰਟਾਂ ਮੁਤਾਬਕ, ਮੈਟਰੋ ਸ਼ਹਿਰਾਂ ਵਿੱਚ ਪਿਛਲੇ 3 ਸਾਲਾਂ ਵਿੱਚ ਤਲਾਕ ਦੇ ਕੇਸਾਂ ਵਿੱਚ 3 ਗੁਣਾ ਵਾਧਾ ਹੋਇਆ ਹੈ। ਮਾਹਿਰਾਂ ਦਾ ਮੰਨਣਾ ਹੈ





ਕਿ ਕਾਮਕਾਜੀ ਔਰਤਾਂ ਦੀ ਆਰਥਿਕ ਸੁਤੰਤਰਤਾ ਉਨ੍ਹਾਂ ਨੂੰ ਅਸੰਤੁਸ਼ਟ ਵਿਆਹੁਤਾ ਰਿਸ਼ਤਿਆਂ ਨੂੰ ਖ਼ਤਮ ਕਰਨ ਦੇ ਸਮਰੱਥ ਬਣਾ ਰਹੀ ਹੈ। ਪੜ੍ਹੀਆਂ-ਲਿਖੀਆਂ ਔਰਤਾਂ ਹੁਣ ਆਪਣੇ ਕਾਨੂੰਨੀ ਅਧਿਕਾਰਾਂ ਪ੍ਰਤੀ ਵਧੇਰੇ ਜਾਗਰੂਕ ਹਨ ਅਤੇ ਘਰੇਲੂ ਹਿੰਸਾ ਜਾਂ ਮਾਨਸਿਕ ਤਣਾਅ ਨੂੰ ਸਹਿਣ ਦੀ ਬਜਾਏ ਅਲੱਗ ਹੋਣ ਦਾ ਫੈਸਲਾ ਲੈ ਰਹੀਆਂ ਹਨ। ਅੰਕੜਿਆਂ ਅਨੁਸਾਰ, ਭਾਰਤ ਵਿੱਚ ਤਲਾਕ ਲੈਣ ਵਾਲੀਆਂ ਔਰਤਾਂ ਦੀ ਔਸਤ ਉਮਰ 31 ਸਾਲ ਅਤੇ ਮਰਦਾਂ ਦੀ 36 ਸਾਲ ਹੈ। ਸ਼ਹਿਰੀ ਭਾਰਤ ਵਿੱਚ ਤਲਾਕਸ਼ੁਦਾ ਔਰਤਾਂ ਦੀ ਦਰ 0.6% ਤੋਂ ਵਧ ਕੇ 0.7% ਹੋ ਗਈ ਹੈ। ਮੁੰਬਈ ਫੈਮਿਲੀ ਕੋਰਟ ਦੇ ਇੱਕ ਅਧਿਐਨ ਅਨੁਸਾਰ, 40% ਮਾਮਲਿਆਂ ਵਿੱਚ ਵਿਆਹ ਦੇ ਪਹਿਲੇ ਤਿੰਨ ਸਾਲਾਂ ਦੇ ਅੰਦਰ ਹੀ ਰਿਸ਼ਤਾ ਟੁੱਟ ਰਿਹਾ ਹੈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਔਰਤਾਂ 25 ਤੋਂ 34 ਸਾਲ ਦੀ ਉਮਰ ਦੀਆਂ ਹਨ। ਭਾਰਤ ਵਿੱਚ ਤਲਾਕ ਦੀ ਦਰ ਦੇ ਮਾਮਲੇ ਵਿੱਚ ਮਹਾਰਾਸ਼ਟਰ (18.7%) ਸਭ ਤੋਂ ਉੱਪਰ ਹੈ, ਉਸ ਤੋਂ ਬਾਅਦ ਕਰਨਾਟਕ (11.7%), ਪੱਛਮੀ ਬੰਗਾਲ (8.2%) ਅਤੇ ਦਿੱਲੀ (7.7%) ਦਾ ਨੰਬਰ ਆਉਂਦਾ ਹੈ। ਦੁਨੀਆ ਭਰ ਵਿੱਚ ਮਾਲਦੀਵ ਵਿੱਚ ਸਭ ਤੋਂ ਵੱਧ 5.52% ਤਲਾਕ ਦਰ ਹੈ, ਜਦਕਿ ਭਾਰਤ ਵਿੱਚ ਇਹ ਅਜੇ ਵੀ ਕਾਫੀ ਘੱਟ (0.9%) ਹੈ। ਹੁਣ ਅਦਾਲਤਾਂ 6 ਮਹੀਨੇ ਦੀ ਲਾਜ਼ਮੀ ਉਡੀਕ ਮਿਆਦ ਨੂੰ ਵੀ ਖ਼ਤਮ ਕਰ ਰਹੀਆਂ ਹਨ

## ਨਾਨਕਸਰ ਵਾਲੇ ਸੰਤਾਂ ਨਾਲ ਜੇ ਕੋਈ ਘਟਨਾ ਵਾਪਰੀ ਤਾਂ ਪੰਜਾਬ ਸਰਕਾਰ ਹੋਵੇਗੀ ਜ਼ਿੰਮੇਵਾਰ

ਅੰਮ੍ਰਿਤਸਰ 1 ਮਾਰਚ। ਨਾਨਕਸਰ ਸੰਪਰਦਾ ਦੇ ਅਤਿ ਸਤਿਕਾਰਯੋਗ ਸੰਤ ਬਾਬਾ ਘਾਲਾ ਸਿੰਘ ਪਾਸੋਂ ਸੁਰੱਖਿਆ ਵਾਪਸ ਲੈਣ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪੰਜਾਬ ਸੂਬੇ ਦੀ ਮੌਜੂਦਾ ਅਮਨ ਕਾਨੂੰਨ ਦੀ ਵਿਗੜੀ ਸਥਿਤੀ ਦੇ ਚੱਲਦਿਆਂ ਸਰਕਾਰ ਦੀ ਇਹ ਕਾਰਵਾਈ ਗਲਤ ਹੈ। ਉਨ੍ਹਾਂ ਕਿਹਾ ਕਿ ਨਾਨਕਸਰ ਸੰਪਰਦਾ ਸਿੱਖੀ ਦੇ ਪ੍ਰਚਾਰ ਪ੍ਰਸਾਰ ਵਿਚ ਅਹਿਮ ਭੂਮਿਕਾ ਨਿਭਾਅ ਰਹੀ ਹੈ ਅਤੇ ਸੰਤ ਬਾਬਾ ਘਾਲਾ ਸਿੰਘ ਨੂੰ ਪਿਛਲੇ ਲੰਮੇ ਸਮੇਂ ਤੋਂ ਜੋ ਸੁਰੱਖਿਆ ਮਿਲੀ ਹੋਈ ਹੈ ਜਿਸ ਨੂੰ ਹਾਲ ਹੀ ਵਿਚ ਵਾਪਸ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕਿ ਜੋ ਕਤਲੋਗਾਰਤ ਅੱਜ ਪੰਜਾਬ ਵਿਚ ਵਾਪਰ ਰਹੀ ਹੈ ਇਹ ਪੰਜਾਬ ਦਾ ਸੁਭਾਅ ਨਹੀਂ ਬਲਕਿ ਇੱਥੋਂ ਸਰਬੱਤ ਦੇ ਭਲੇ ਦਾ ਸਨੇਹਾ ਸਮੁੱਚੇ ਵਿਸ਼ਵ ਨੂੰ ਜਾਂਦਾ ਹੈ। ਜੇਕਰ ਸਰਬੱਤ ਦਾ ਭਲਾ ਮੰਗਣ ਵਾਲੀ ਸਿੱਖ ਕੌਮ ਦੇ ਪ੍ਰਚਾਰਕਾਂ ਨਾਲ ਸਰਕਾਰ ਲਾਗਤਬਾਜ਼ੀ ਕਰਕੇ ਕਾਰਵਾਈ ਕਰੇਗੀ ਤਾਂ ਇਹ ਬਿਲਕੁਲ ਉਚਿਤ ਨਹੀਂ ਇਸ ਉੱਤੇ ਮੁੜ ਵਿਚਾਰ ਕਰਨੀ ਚਾਹੀਦੀ ਹੈ। ਜਥੇਦਾਰ ਨੇ ਕਿਹਾ ਕਿ ਇਹ ਕਾਰਵਾਈ ਸੰਜੀਦਾ ਨਹੀਂ ਅਤੇ ਅਜਿਹੇ ਵਿਚ ਜੇਕਰ ਸੰਤ ਬਾਬਾ ਘਾਲਾ ਸਿੰਘ ਦੀ ਸੁਰੱਖਿਆ ਵਾਪਸ ਲੈਣ ਤੋਂ ਬਾਅਦ ਕੋਈ ਘਟਨਾ ਵਾਪਰਦੀ ਹੈ ਤਾਂ ਇਸ ਦੀ ਸਿੱਧੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਤੁਰੰਤ ਪ੍ਰਭਾਵ ਨਾਲ ਸੰਤ ਬਾਬਾ ਘਾਲਾ ਸਿੰਘ ਦੀ ਸੁਰੱਖਿਆ ਮੁੜ ਬਹਾਲ ਕਰੇ।

## ਪੰਜਾਬ ਦੇ ਉਦਯੋਗਿਕ ਵਿਕਾਸ ਲਈ ਵੱਡੀ ਪਹਿਲ, ਲੁਧਿਆਣਾ 'ਚ ਖੁੱਲ੍ਹੇਗਾ ਐਕਸਪੋਰਟ ਸੈਂਟਰ : ਤਰੁਣ ਚੁੱਘ

ਚੰਡੀਗੜ੍ਹ/ਲੁਧਿਆਣਾ 1 ਮਾਰਚ। ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਨੇ ਲੁਧਿਆਣਾ ਵਿੱਚ 'ਟੈਕਸਟਾਈਲ ਐਕਸਪੋਰਟ ਫੈਸੀਲੀਟੇਸ਼ਨ ਸੈਂਟਰ' ਸਥਾਪਤ ਕਰਨ ਦੇ ਕੇਂਦਰ ਸਰਕਾਰ ਦੇ ਫੈਸਲੇ ਦਾ ਸਵਾਗਤ ਕਰਦਿਆਂ ਇਸ ਨੂੰ ਪੰਜਾਬ ਦੇ



ਉਦਯੋਗਿਕ ਖੇਤਰ ਲਈ ਇੱਕ ਇਤਿਹਾਸਕ ਕਦਮ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਲੁਧਿਆਣਾ ਦੇ ਉੱਨ, ਵੂਲਨ ਅਤੇ ਨਿਟਵੀਅਰ ਉਦਯੋਗ ਨੂੰ ਵਿਸ਼ਵ ਪੱਧਰ 'ਤੇ ਮੁਕਾਬਲੇਬਾਜ਼ੀ ਦੇ ਯੋਗ ਬਣਾਏਗੀ ਅਤੇ ਨਿਰਯਾਤ ਪ੍ਰਕਿਰਿਆਵਾਂ ਨੂੰ ਸਰਲ ਅਤੇ ਮਜ਼ਬੂਤ ਕਰੇਗੀ। ਚੁੱਘ ਨੇ ਕਿਹਾ ਕਿ ਇਹ ਕੇਂਦਰ ਵਿਸ਼ੇਸ਼ ਤੌਰ 'ਤੇ ਸੂਖਮ, ਲਘੂ ਅਤੇ ਦਰਮਿਆਨੇ ਉਦਯੋਗਾਂ ਨੂੰ ਤਕਨੀਕੀ, ਟੈਸਟਿੰਗ ਅਤੇ ਪ੍ਰਕਿਰਿਆ ਸੰਬੰਧੀ ਸਹਾਇਤਾ ਪ੍ਰਦਾਨ ਕਰੇਗਾ। ਇਸ ਨਾਲ ਛੋਟੇ ਉਦਯੋਗਾਂ ਨੂੰ ਅੰਤਰਰਾਸ਼ਟਰੀ ਮਾਪਦੰਡਾਂ ਅਤੇ ਬਦਲਦੇ ਵਿਸ਼ਵ ਵਪਾਰ ਨਿਯਮਾਂ ਅਨੁਸਾਰ ਆਪਣੇ ਆਪ ਨੂੰ ਢਾਲਣ ਵਿੱਚ ਮਦਦ ਮਿਲੇਗੀ। ਲੰਬੇ ਸਮੇਂ ਤੋਂ ਉਦਯੋਗ ਜਗਤ ਜਿਸ ਸੰਸਥਾਗਤ ਸਹਿਯੋਗ ਦੀ ਉਡੀਕ ਕਰ ਰਿਹਾ ਸੀ, ਉਹ ਹੁਣ ਹਕੀਕਤ ਬਣਨ ਜਾ ਰਿਹਾ ਹੈ। ਇਹ ਕੇਂਦਰ ਨਿਰਯਾਤ ਨਾਲ ਸਬੰਧਤ ਦਸਤਾਵੇਜ਼ਾਂ, ਵਪਾਰਕ ਸਮਝੌਤਿਆਂ ਅਤੇ ਗਲੋਬਲ ਗੁਣਵੱਤਾ ਦੇ ਮਿਆਰਾਂ ਦੇ ਸੰਦਰਭ ਵਿੱਚ ਇੱਕ ਮਾਰਗਦਰਸ਼ਕ ਦੀ ਭੂਮਿਕਾ ਨਿਭਾਏਗਾ। ਇਸ ਨਾਲ ਨਾ ਸਿਰਫ਼ ਪੰਜਾਬ ਦੇ ਉਤਪਾਦਾਂ ਦੀ ਗੁਣਵੱਤਾ ਅਤੇ ਮੁਕਾਬਲੇਬਾਜ਼ੀ ਵਧੇਗੀ, ਸਗੋਂ ਸੂਬੇ ਦੇ ਮਾਲੀਏ ਵਿੱਚ ਵਾਧਾ ਹੋਵੇਗਾ ਅਤੇ ਆਰਥਿਕਤਾ ਨੂੰ ਵੀ ਮਜ਼ਬੂਤੀ ਮਿਲੇਗੀ। ਤਰੁਣ ਚੁੱਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਟੈਕਸਟਾਈਲ ਮੰਤਰਾਲੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਫੈਸਲਾ ਸਪੱਸ਼ਟ ਕਰਦਾ ਹੈ ਕਿ ਕੇਂਦਰ ਸਰਕਾਰ ਪੰਜਾਬ ਦੇ ਉਦਯੋਗਿਕ ਵਿਕਾਸ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਸ ਫੈਸਲੇ ਨਾਲ ਲੁਧਿਆਣਾ ਇੱਕ ਵਾਰ ਫਿਰ ਦੇਸ਼ ਦੇ ਮੋਹਰੀ ਉਦਯੋਗਿਕ ਕੇਂਦਰ ਵਜੋਂ ਆਪਣੀ ਪਛਾਣ ਨੂੰ ਮਜ਼ਬੂਤ ਕਰੇਗਾ।

## ਖ਼ਾਕੀ 'ਤੇ ਦਾਗ਼ ! ਮਜੀਠਾ ਰੋਡ ਪੁਲਸ 'ਤੇ ਬੇਕਸੂਰਾਂ ਨੂੰ ਫਸਾਉਣ ਤੇ ਔਰਤਾਂ ਨਾਲ ਬਦਸਲੂਕੀ ਦੇ ਲੱਗੇ ਦੋਸ਼

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 1 ਮਾਰਚ। ਮਜੀਠਾ ਰੋਡ ਦੀ ਪੁਲਸ ਨੇ ਕਾਨੂੰਨ ਦੀ ਦੁਰਵਰਤੋਂ ਕਰਨ ਅਤੇ ਬੇਕਸੂਰ ਲੋਕਾਂ ਨੂੰ ਝੂਠੇ ਮਾਮਲਿਆਂ ਵਿਚ ਫਸਾਉਣ ਦੇ ਦੋਸ਼ ਲਗਾਏ ਗਏ ਹਨ। ਸਮਾਜਿਕ ਕਾਰਕੁੰਨ ਅਤੇ ਵਕੀਲ ਅੰਕੁਰ ਗੁਪਤਾ ਅਤੇ ਐਡਵੋਕੇਟ ਨਮਿਤ ਮਹਿਤਾ ਨੇ ਇਕ ਪ੍ਰੈੱਸ ਕਾਨਫਰੰਸ ਦੌਰਾਨ ਇਹ ਦੋਸ਼ ਲਗਾਏ। ਗੁਪਤਾ ਨੇ ਦੱਸਿਆ ਕਿ 21 ਨਵੰਬਰ 2025 ਨੂੰ ਥਾਣਾ ਮਜੀਠਾ ਰੋਡ ਦੇ ਕੁਝ ਪੁਲਸ ਕਰਮਚਾਰੀ, ਸਿਵਲ ਕੱਪੜਿਆਂ ਵਿਚ ਬਿਨਾਂ ਕਿਸੇ ਮਹਿਲਾ ਕਾਂਸਟੇਬਲ ਅਤੇ ਬਿਨਾਂ ਕਿਸੇ ਵਾਰੰਟ ਦੇ ਗਲੀ ਨੰਬਰ 3, ਅਬਾਦੀ ਕਰਮਪੁਰਾ ਵਿਚ ਘਰਾਂ ਵਿਚ ਦਾਖਲ ਹੋਏ। ਉਨ੍ਹਾਂ ਦੋਸ਼ ਲਗਾਇਆ ਕਿ ਪੁਲਸ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਦੁਰਵਰਤੋਂ ਕੀਤੀ, ਔਰਤਾਂ ਨਾਲ ਬਦਸਲੂਕੀ ਕੀਤੀ ਅਤੇ ਪਰਿਵਾਰਾਂ 'ਤੇ ਹਮਲਾ ਕੀਤਾ। ਬਾਅਦ ਵਿਚ ਬੇਕਸੂਰ ਲੋਕਾਂ 'ਤੇ ਕਤਲ ਦੀ ਕੋਸ਼ਿਸ਼ ਸਮੇਤ ਗੰਭੀਰ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜਦੋਂ ਪੀੜਤ ਆਪਣੀਆਂ ਸ਼ਿਕਾਇਤਾਂ ਦਰਜ ਕਰਵਾਉਣ ਲਈ ਥਾਣੇ ਗਏ ਤਾਂ ਉਨ੍ਹਾਂ ਦੀ ਸੁਣਵਾਈ ਨਹੀਂ ਹੋਈ। ਪੁਲਸ ਅਧਿਕਾਰੀਆਂ ਵਿਰੁੱਧ ਕੋਈ ਕਰਾਸ-ਐਫ਼. ਆਈ. ਆਰ ਦਰਜ ਨਹੀਂ ਕੀਤੀ ਗਈ। ਐਡਵੋਕੇਟ ਨਮਿਤ ਮਹਿਤਾ ਨੇ ਇਹ ਵੀ ਦੱਸਿਆ ਕਿ ਬਿਨਾਂ ਕਿਸੇ ਠੋਸ ਸਬੂਤ



ਦੇ ਕਥਿਤ ਚੋਰੀ ਦੀ ਸ਼ਿਕਾਇਤ ਦੇ ਆਧਾਰ 'ਤੇ ਦੇਰ ਰਾਤ ਛਾਪਾ ਮਾਰਿਆ ਗਿਆ ਸੀ, ਅਤੇ ਬਾਅਦ ਵਿਚ ਇਕ ਮਨਘੜਤ ਕਹਾਣੀ ਦੀ ਵਰਤੋਂ ਕਰ ਕੇ ਕੇਸ ਦਰਜ ਕੀਤਾ ਗਿਆ ਸੀ। ਅੰਕੁਰ ਗੁਪਤਾ ਨੇ ਦੋਸ਼ ਲਗਾਇਆ ਕਿ ਪੁਲਸ ਨੇ ਪਰਿਵਾਰਾਂ ਨੂੰ ਜ਼ਮਾਨਤ ਮਿਲਣ ਤੋਂ ਬਾਅਦ ਵੀ ਧਮਕੀਆਂ ਦਿੱਤੀਆਂ। ਬਹੁਤ ਸਾਰੇ ਆਰਥਿਕ ਤੌਰ 'ਤੇ ਕਮਜ਼ੋਰ ਹਨ ਅਤੇ ਜ਼ਮਾਨਤ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਕਰ ਕੇ ਜੇਲ੍ਹ ਵਿਚ ਹਨ। ਉਨ੍ਹਾਂ ਨੇ ਨਿਰਪੱਖ ਜਾਂਚ ਮੁਲਜ਼ਮ ਪੁਲਸ ਅਧਿਕਾਰੀਆਂ ਨੂੰ ਮੁਅੱਤਲ ਕਰਨ, ਝੂਠੇ ਕੇਸ ਵਾਪਸ ਲੈਣ ਅਤੇ ਪੀੜਤ ਪਰਿਵਾਰਾਂ ਲਈ ਸੁਰੱਖਿਆ ਦੀ ਮੰਗ ਕੀਤੀ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਇਨਸਾਫ਼ ਨਹੀਂ ਮਿਲਿਆ ਤਾਂ ਇਲਾਕਾ ਵਾਸੀ ਸ਼ਾਂਤੀਪੂਰਨ ਵਿਰੋਧ ਪ੍ਰਦਰਸ਼ਨ ਕਰਨਗੇ ਅਤੇ ਮਾਮਲਾ ਕਮਿਸ਼ਨਰ ਦਫ਼ਤਰ ਲੈ ਜਾਣਗੇ। ਇਸ ਮੌਕੇ ਐਡਵੋਕੇਟ ਨਮਿਤ ਸਿੰਘ ਮਹਿਤਾ ਅਤੇ ਕਈ ਸਥਾਨਕ ਵਾਸੀ ਮੌਜੂਦ ਸਨ। ਇਸ ਸਬੰਧ ਵਿਚ ਥਾਣਾ ਮਜੀਠਾ ਰੋਡ ਦੇ ਐੱਸ. ਐੱਚ. ਓ. ਰਣਜੀਤ ਧਾਰੀਵਾਲ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਪੁਲਸ ਨੇ ਕਿਸੇ ਨਾਲ ਕੋਈ ਨਾ ਇਨਸਾਫੀ ਨਹੀਂ ਕੀਤੀ ਜੋ ਇਸ ਵਿਚ ਦੋਸ਼ੀ ਹੈ, ਉਨ੍ਹਾਂ ਖਿਲਾਫ ਪਹਿਲਾਂ ਵੀ ਪਰਚੇ ਦਰਜ ਹਨ ਅਤੇ ਬਿਊਟੀ ਐਵੀਨਿਊ ਵਿਚ ਟੂਟੀਆ ਚੋਰੀ ਕਰਨ ਦੀ ਸ਼ਿਕਾਇਤ ਨੂੰ ਲੈ ਕੇ ਦੋਸ਼ੀ ਦੇ ਘਰ ਗਏ ਸੀ ਪਰ ਉਨ੍ਹਾਂ ਪੁਲਸ 'ਤੇ ਹਮਲਾ ਕਰ ਦਿੱਤਾ, ਗੱਡੀ ਦੀ ਭੰਨਤੋੜ ਕੀਤੀ, ਇਨ੍ਹਾਂ ਮਾਮਲਿਆਂ ਵਿਚ ਪੁਲਸ ਹਮੇਸ਼ਾ ਗੁੰਡਾਗਰਦੀ ਨੂੰ ਰੋਕਣ ਲਈ ਕਦਮ ਉਠਾਉਂਦੀ ਹੈ ਅਤੇ ਅੱਗੇ ਵੀ ਇਸ ਤਰ੍ਹਾਂ ਦੋਸ਼ੀਆਂ ਖਿਲਾਫ ਵੀ ਸਖ਼ਤ ਕਾਰਵਾਈ ਹੋਵੇਗੀ।

# ਵਧਦੇ ਤਾਪਮਾਨ ਦੇ ਚੱਲਦਿਆਂ ਖੇਤੀਬਾੜੀ ਵਿਭਾਗ ਨੇ ਜਾਰੀ ਕੀਤੀ ਚਿਤਾਵਨੀ

**ਕੌਮੀ ਪਤ੍ਰਿਕਾ**

ਗੁਰਦਾਸਪੁਰ 1 ਮਾਰਚ। ਗੁਰਦਾਸਪੁਰ ਅਤੇ ਆਸ-ਪਾਸ ਦੇ ਖੇਤਰਾਂ 'ਚ ਪਿਛਲੇ ਕੁਝ ਦਿਨਾਂ ਤੋਂ ਦਿਨ ਦਾ ਤਾਪਮਾਨ ਆਮ ਨਾਲੋਂ ਵੱਧ ਦਰਜ ਕੀਤਾ ਜਾ ਰਿਹਾ ਹੈ। ਫਰਵਰੀ ਮਹੀਨੇ 'ਚ ਹੀ ਗਰਮੀ ਦਾ ਅਹਿਸਾਸ ਹੋਣ ਕਾਰਨ ਕਿਸਾਨਾਂ 'ਚ ਚਿੰਤਾ ਦਿਖਾਈ ਦੇ ਰਹੀ ਹੈ। ਮੌਸਮ ਵਿਭਾਗ ਅਨੁਸਾਰ ਦਿਨ ਦਾ ਤਾਪਮਾਨ 27 ਤੋਂ 29 ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿ ਰਿਹਾ ਹੈ ਅਤੇ ਆਉਣ ਵਾਲੇ ਦਿਨਾਂ 'ਚ ਹੋਰ ਵਾਧੇ ਦੀ ਸੰਭਾਵਨਾ ਹੈ। ਜੇਕਰ ਮਾਰਚ ਮਹੀਨੇ 'ਚ ਤਾਪਮਾਨ ਤੇਜ਼ੀ ਨਾਲ ਵਧਦਾ ਹੈ ਤਾਂ ਇਸ ਦਾ ਸਿੱਧਾ ਅਸਰ ਕਣਕ ਅਤੇ ਹੋਰ ਰਬੀ ਫ਼ਸਲਾਂ 'ਤੇ ਪੈ ਸਕਦਾ ਹੈ। ਖੇਤੀ ਮਾਹਿਰਾਂ ਦਾ ਕਹਿਣਾ ਹੈ ਕਿ ਕਣਕ ਠੰਡੇ ਮੌਸਮ ਦੀ ਫ਼ਸਲ ਹੈ ਅਤੇ ਇਸ ਦੀ ਵਧੀਆ ਪੈਦਾਵਾਰ ਲਈ ਦਰਮਿਆਨਾ ਤਾਪਮਾਨ ਲੋੜੀਂਦਾ ਹੁੰਦਾ ਹੈ। ਜਦੋਂ ਫ਼ਸਲ 'ਚ ਦਾਣਾ ਭਰਨ ਦੀ ਪ੍ਰਕਿਰਿਆ ਚੱਲ ਰਹੀ ਹੁੰਦੀ ਹੈ ਅਤੇ ਉਸ ਸਮੇਂ ਤਾਪਮਾਨ ਅਚਾਨਕ ਵੱਧ ਜਾਂਦਾ ਹੈ ਤਾਂ ਦਾਣਾ ਪੂਰੀ ਤਰ੍ਹਾਂ ਨਹੀਂ ਭਰਦਾ। ਇਸ ਕਾਰਨ ਦਾਣਾ ਪਤਲਾ ਅਤੇ ਹਲਕਾ ਰਹਿ ਜਾਂਦਾ ਹੈ, ਜਿਸ ਨਾਲ ਝਾੜ 'ਚ ਵੱਡੀ ਕਮੀ ਆ ਸਕਦੀ ਹੈ। ਮਾਹਿਰਾਂ ਅਨੁਸਾਰ ਅਗੇਤੀ ਬੀਜੀ ਗਈ ਕਣਕ ਇਸ ਵੇਲੇ ਕਾਫ਼ੀ ਅੱਗੇ ਦੀ ਅਵਸਥਾ 'ਚ ਹੈ, ਪਰ ਜੇਕਰ ਗਰਮੀ ਤੇਜ਼ ਹੋ ਗਈ ਤਾਂ ਦਾਣਾ ਜਲਦੀ ਪੱਕ ਕੇ ਛੋਟਾ ਰਹਿ ਸਕਦਾ ਹੈ। ਦੂਜੇ ਪਾਸੇ, ਪਛੇਤੀ ਬੀਜੀ ਗਈ ਕਣਕ ਜ਼ਿਆਦਾ ਖ਼ਤਰੇ 'ਚ ਮੰਨੀ ਜਾਂਦੀ ਹੈ ਕਿਉਂਕਿ ਜਦੋਂ ਇਹ ਦਾਣਾ ਬਣਾਉਣ ਦੇ ਪੜਾਅ 'ਤੇ ਪਹੁੰਚੇਗੀ, ਉਸ ਸਮੇਂ ਤਾਪਮਾਨ ਕਾਫ਼ੀ ਉੱਚਾ ਹੋ ਚੁੱਕਾ ਹੋਵੇਗਾ। ਵਧਦਾ ਤਾਪਮਾਨ ਸਿਰਫ਼ ਕਣਕ ਹੀ ਨਹੀਂ, ਸਗੋਂ ਸਬਜ਼ੀਆਂ ਅਤੇ ਚਾਰੇ ਵਾਲੀਆਂ ਫ਼ਸਲਾਂ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ। ਮਿੱਟੀ 'ਚ ਨਮੀ ਘਟਣ ਨਾਲ ਪੌਦਿਆਂ 'ਤੇ ਦਬਾਅ ਪੈਂਦਾ ਹੈ। ਇਸ ਲਈ ਮਾਹਿਰ ਕਿਸਾਨਾਂ ਨੂੰ ਸਲਾਹ ਦੇ ਰਹੇ ਹਨ ਕਿ ਫ਼ਸਲ ਦੀ ਲੋੜ ਅਨੁਸਾਰ ਹਲਕੀ ਸਿੰਚਾਈ ਜ਼ਰੂਰ ਕਰਨ ਤਾਂ ਜੋ ਪੌਦਿਆਂ ਨੂੰ ਗਰਮੀ ਤੋਂ ਬਚਾਇਆ ਜਾ ਸਕੇ। ਇਸ ਦੇ ਨਾਲ ਹੀ ਖੇਤੀਬਾੜੀ ਵਿਭਾਗ ਨੇ ਕਣਕ 'ਚ ਪੀਲੀ ਕੁੰਗੀ ਦੇ ਸੰਭਾਵੀ ਹਮਲੇ ਨੂੰ ਲੈ ਕੇ ਵੀ ਚੇਤਾਵਨੀ ਜਾਰੀ ਕੀਤੀ ਹੈ। ਮੁੱਖ



ਖੇਤੀਬਾੜੀ ਅਫ਼ਸਰ ਡਾ. ਰਣਧੀਰ ਸਿੰਘ ਠਾਕੁਰ ਨੇ ਦੱਸਿਆ ਕਿ ਪੀਲੀ ਕੁੰਗੀ ਇਕ ਫੰਗਸ ਰੋਗ ਹੈ ਜੋ ਨਮੀ ਵਾਲੇ ਮੌਸਮ 'ਚ ਤੇਜ਼ੀ ਨਾਲ ਫੈਲਦਾ ਹੈ। ਇਸ ਰੋਗ 'ਚ ਪੱਤਿਆਂ ਉੱਤੇ ਪੀਲੇ ਰੰਗ ਦੀਆਂ ਧਾਰੀਆਂ ਜਾਂ ਦਾਗ਼ ਨਜ਼ਰ ਆਉਂਦੇ ਹਨ। ਜੇਕਰ ਸਮੇਂ ਸਿਰ ਇਲਾਜ ਨਾ ਕੀਤਾ ਜਾਵੇ ਤਾਂ ਇਹ ਪੂਰੀ ਫ਼ਸਲ ਨੂੰ ਤਬਾਹ ਕਰ ਸਕਦਾ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਤਾਂ ਦੀ ਨਿਯਮਿਤ ਜਾਂਚ ਕਰਨ ਅਤੇ ਪੀਲੇ ਧੱਬੇ ਦਿਖਾਈ ਦੇਣ 'ਤੇ ਤੁਰੰਤ ਮਾਹਿਰਾਂ ਨਾਲ ਸੰਪਰਕ ਕਰਨ। ਖੇਤਾਂ 'ਚ ਬੇਵਜ?ਹਾ ਨਾਈਟ?ਰੋਜਨ ਦੀ ਵੱਧ ਵਰਤੋਂ ਤੋਂ ਵੀ ਪਰਹੇਜ਼ ਕਰਨਾ ਚਾਹੀਦਾ ਹੈ। ਦੂਜੇ ਪਾਸੇ, ਤਾਪਮਾਨ 'ਚ ਵਾਧੇ ਦਾ ਅਸਰ ਆਮ ਲੋਕਾਂ ਦੀ ਸਿਹਤ 'ਤੇ ਵੀ ਪੈ ਸਕਦਾ ਹੈ। ਦਿਨ ਦੌਰਾਨ ਵਧਦੀ ਗਰਮੀ ਕਾਰਨ ਡੀਹਾਈਡਰੇਸ਼ਨ, ਸਿਰਦਰਦ, ਥਕਾਵਟ ਅਤੇ ਬਲੱਡ ਪ੍ਰੈਸ਼ਰ ਵਧਣ ਵਰਗੀਆਂ ਸਮੱਸਿਆਵਾਂ ਸਾਹਮਣੇ ਆ ਸਕਦੀਆਂ ਹਨ। ਡਾਕਟਰਾਂ ਅਨੁਸਾਰ ਬਜ਼ੁਰਗਾਂ, ਬੱਚਿਆਂ ਅਤੇ ਦਿਲ ਦੇ ਮਰੀਜ਼ਾਂ ਨੂੰ ਖ਼ਾਸ ਸਾਵਧਾਨੀ ਵਰਤਣੀ ਚਾਹੀਦੀ ਹੈ ਅਤੇ ਵੱਧ ਤੋਂ ਵੱਧ ਪਾਣੀ ਦਾ ਸੇਵਨ ਕਰਨਾ ਚਾਹੀਦਾ ਹੈ।

## 'ਮੁਬਾਰਕਾਂ, ਤੁਹਾਡੀ ਲਾਟਰੀ ਲੱਗ ਗਈ ਹੈ...!' ਆਖ ਕੇ ਠੱਗੀਆਂ ਮਾਰਨ ਵਾਲਾ ਸ਼ਾਤਿਰ ਮੁਲਜ਼ਮ ਗ੍ਰਿਫ਼ਤਾਰ

ਲੁਧਿਆਣਾ 1 ਮਾਰਚ। ਸਾਈਬਰ ਕ੍ਰਾਈਮ ਲੁਧਿਆਣਾ ਦੀ ਟੀਮ ਵੱਲੋਂ ਗਾਂਧੀ ਲਾਟਰੀ ਦੇ ਨਾਂ 'ਤੇ ਸਾਈਬਰ ਧੋਖਾਧੜੀ ਦੇ ਮਾਮਲੇ ਵਿਚ ਮੁਲਜ਼ਮ ਨੂੰ ਬਿਹਾਰ ਤੋਂ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਦੀ ਪਛਾਣ ਪ੍ਰਭਾਤ ਕੁਮਾਰ ਵਾਸੀ ਬਿਹਾਰ ਵਜੋਂ ਹੋਈ ਹੈ, ਜਿਸ ਨੂੰ ਨਵਾਦਾ, ਪੂਰਨੀਆ ਅਤੇ ਪਟਨਾ (ਬਿਹਾਰ) ਵਿਖੇ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕਰਕੇ ਗ੍ਰਿਫਤਾਰ ਕੀਤਾ ਗਿਆ ਹੈ। ਇਹ ਮਾਮਲਾ 5 ਲੱਖ ਰੁਪਏ ਦੀ ਲਾਟਰੀ ਜਿੱਤਣ ਦਾ ਝਾਂਸਾ ਦੇ ਕੇ ਕੀਤੀ ਗਈ ਸਾਈਬਰ



ਧੋਖਾਧੜੀ ਸਬੰਧੀ ਦਰਜ ਕੀਤਾ ਗਿਆ ਸੀ। ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਦੋਸ਼ੀ ਆਪਣੇ ਸਾਥੀਆਂ ਨਾਲ ਮਿਲ ਕੇ "ਗਾਂਧੀ ਲਾਟਰੀ ਲੁਧਿਆਣਾ" ਦੇ ਨਾਂ 'ਤੇ ਫਰਜ਼ੀ ਲਾਟਰੀ ਸਕੀਮ ਚਲਾ ਰਿਹਾ ਸੀ। ਦੋਸ਼ੀ ਵੱਲੋਂ ਲੋਕਾਂ ਨੂੰ ਵਟਸਐਪ ਮੈਸੇਜ ਅਤੇ ਫੋਨ ਕਾਲਾਂ ਰਾਹੀਂ ਸੰਪਰਕ ਕੀਤਾ ਜਾਂਦਾ ਸੀ। ਪਹਿਲਾਂ ਉਨ੍ਹਾਂ ਨੂੰ ਵੱਡੀ ਰਕਮ ਦੀ ਲਾਟਰੀ ਨਿਕਲਣ ਦਾ ਝਾਂਸਾ ਦੇ ਕੇ ਲਾਲਚ ਵਿਚ ਫਸਾਇਆ ਜਾਂਦਾ ਸੀ ਅਤੇ ਬਾਅਦ ਵਿਚ ਰਜਿਸਟ?ਰੇਸ਼ਨ ਫੀਸ, ਪ੍ਰੋਸੈਸਿੰਗ ਚਾਰਜ ਜਾਂ ਹੋਰ ਛੋਟੀਆਂ-ਛੋਟੀਆਂ ਰਕਮਾਂ ਦੇ ਨਾਂ 'ਤੇ ਪੈਸੇ ਮੰਗੇ ਜਾਂਦੇ ਸਨ। ਇਸ ਤਰ੍ਹਾਂ ਦੋਸ਼ੀ ਵੱਖ-ਵੱਖ ਵਿਅਕਤੀਆਂ ਨੂੰ ਨਿਸ਼ਾਨਾ ਬਣਾਕੇ ਉਨ੍ਹਾਂ ਨਾਲ ਸਾਈਬਰ ਧੋਖਾਧੜੀ ਕਰਦਾ ਸੀ। ਮੁਲਜ਼ਮ ਦਾ ਪੁਲਸ ਰਿਮਾਂਡ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਮਾਮਲੇ ਨਾਲ ਸੰਬੰਧਿਤ ਹੋਰ ਦੋਸ਼ੀਆਂ ਦੀ ਭਾਲ ਲਈ ਛਾਪੇਮਾਰੀ ਜਾਰੀ ਹੈ ਅਤੇ ਡਿਜੀਟਲ ਸਬੂਤਾਂ ਦੀ ਗਹਿਰਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਪੁਲਸ ਵੱਲੋਂ ਆਮ ਜਨਤਾ ਨੂੰ ਅਪੀਲ ਕੀਤੀ ਗਈ ਹੈ ਕਿ ਕਿਸੇ ਵੀ ਤਰ੍ਹਾਂ ਦੀ ਸ਼ੱਕੀ ਕਾਲ, ਮੈਸੇਜ ਜਾਂ ਲਾਟਰੀ ਸਬੰਧੀ ਪੇਸ਼ਕਸ਼ ਤੋਂ ਸਾਵਧਾਨ ਰਹਿਣ। ਅਜਿਹੀ ਕਿਸੇ ਵੀ ਘਟਨਾ ਬਾਰੇ ਤੁਰੰਤ ਸਾਈਬਰ ਕ੍ਰਾਈਮ ਹੈਲਪਲਾਈਨ ਨੰਬਰ 1930 ਜਾਂ ਨਜ਼ਦੀਕੀ ਪੁਲਸ ਥਾਣੇ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ ਗਈ ਹੈ।

## ਮੁੰਡੇ ਦੀ ਚਾਹ ਨੇ ਉਜਾੜਿਆ ਹੱਸਦਾ-ਵੱਸਦਾ ਘਰ; ਮਾਂ ਨੇ ਦੋ ਧੀਆਂ ਨਾਲ ਚੁੱਕਿਆ ਖੌਫਨਾਕ ਕਦਮ

ਬਹਿਰਾਇਚ 1 ਮਾਰਚ। ਉੱਤਰ ਪ੍ਰਦੇਸ਼ ਦੇ ਬਹਿਰਾਇਚ ਜ਼ਿਲ੍ਹੇ ਤੋਂ ਇੱਕ ਬੇਹੱਦ ਦਰਦਨਾਕ ਅਤੇ ਰੂਹ ਕੰਬਾਊ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ ਮਾਂ ਨੇ ਆਪਣੀਆਂ ਦੋ ਮਾਸੂਮ ਧੀਆਂ ਨਾਲ ਮੌਤ ਨੂੰ ਗਲੇ ਲਗਾ ਲਿਆ। ਕੋਤ ਬਾਜ਼ਾਰ ਇਲਾਕੇ ਵਿੱਚ ਵਾਪਰੀ ਇਸ ਘਟਨਾ ਵਿੱਚ ਇੱਕ 42 ਸਾਲਾ ਔਰਤ ਨੇ ਆਪਣੇ ਪਤੀ ਅਤੇ ਸਹੁਰੇ ਪਰਿਵਾਰ ਵੱਲੋਂ ਮੁੰਡਾ ਨਾ ਹੋਣ ਕਾਰਨ ਦਿੱਤੇ ਜਾ ਰਹੇ ਤਾਨਿਆਂ ਅਤੇ ਤਸੀਹੇ ਤੋਂ ਤੰਗ ਆ ਕੇ ਇਹ ਖ਼ੌਫ਼ਨਾਕ ਕਦਮ ਚੁੱਕਿਆ। ਪੁਲਸ ਅਨੁਸਾਰ, ਮ੍ਰਿਤਕ ਮਹਿਲਾ ਦੀ ਪਛਾਣ ਨਿਸ਼ਾ (42) ਵਜੋਂ ਹੋਈ ਹੈ, ਜਿਸ ਦਾ ਵਿਆਹ ਕੋਤ ਬਾਜ਼ਾਰ ਦੇ ਰਹਿਣ ਵਾਲੇ ਵਿਸ਼ਨੂੰ ਨਾਲ ਹੋਇਆ ਸੀ। ਸ਼ਨੀਵਾਰ ਨੂੰ ਨਿਸ਼ਾ ਆਪਣੀਆਂ ਦੋ ਧੀਆਂ, 7 ਸਾਲਾ ਮਿਸਤੀ ਅਤੇ 2 ਸਾਲਾ ਖੁਸ਼ਬੂ ਨੂੰ ਨਾਲ ਲੈ ਕੇ ਪਿੰਡ ਦੇ ਬਾਹਰ ਸਥਿਤ ਇੱਕ ਡੂੰਘੇ ਤਲਾਬ ਕੋਲ ਗਈ ਅਤੇ ਉੱਥੇ ਦੋਵਾਂ ਬੱਚੀਆਂ ਸਮੇਤ ਛਾਲ ਮਾਰ ਦਿੱਤੀ। ਰਾਤ ਸਮੇਂ ਗੋਤਾਖੋਰਾਂ ਦੀ ਮਦਦ ਨਾਲ ਤਿੰਨਾਂ ਦੀਆਂ ਲਾਸ਼ਾਂ ਨੂੰ ਤਲਾਬ ਵਿੱਚੋਂ ਬਾਹਰ ਕੱਢਿਆ ਗਿਆ। ਮ੍ਰਿਤਕਾ ਦੇ ਪਿਤਾ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਮੁਤਾਬਕ ਨਿਸ਼ਾ ਨੂੰ ਮੁੰਡਾ ਨਾ ਹੋਣ ਕਾਰਨ ਲਗਾਤਾਰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾਂਦਾ ਸੀ। ਪਤੀ ਅਤੇ ਸਹੁਰੇ ਪਰਿਵਾਰ ਵਾਲੇ ਉਸ ਨੂੰ ਲਗਾਤਾਰ ਤਾਣੇ ਮਾਰਦੇ ਸਨ ਅਤੇ ਇਸ ਦੇ ਨਾਲ ਹੀ ਉਸ ਨੂੰ ਦਾਜ ਲਈ ਵੀ ਪ੍ਰਤਾੜਿਤ ਕੀਤਾ ਜਾ ਰਿਹਾ ਸੀ। ਪੁਲਿਸ ਮੁਤਾਬਕ ਇਸ ਲਗਾਤਾਰ ਹੋ ਰਹੀ ਕਰੂਰਤਾ ਕਾਰਨ ਨਿਸ਼ਾ ਮਾਨਸਿਕ ਤੌਰ 'ਤੇ ਪੂਰੀ ਤਰ੍ਹਾਂ ਟੁੱਟ ਚੁੱਕੀ ਸੀ। ਪਯਾਗਪੁਰ ਥਾਣੇ ਦੇ ਇੰਚਾਰਜ ਸੰਜੇ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਦੇ ਪਿਤਾ ਦੀ ਸ਼ਿਕਾਇਤ ਦੇ ਅਧਾਰ 'ਤੇ ਪਤੀ ਵਿਸ਼ਨੂੰ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਵਿਰੁੱਧ ਭਾਰਤੀ ਨਿਆ ਸੰਹਿਤਾ ਦੀ ਧਾਰਾ 85 (ਕਰੂਰਤਾ ਅਤੇ ਘਰੇਲੂ ਹਿੰਸਾ), ਧਾਰਾ 108 (ਖ਼ੁਦਕੁਸ਼ੀ ਲਈ ਉਕਸਾਉਣਾ) ਅਤੇ ਦਾਜ ਰੋਕੂ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਸ ਹੁਣ ਮਾਮਲੇ ਦੇ ਸਾਰੇ ਪਹਿਲੂਆਂ ਨੂੰ ਧਿਆਨ ਵਿੱਚ ਰੱਖ ਕੇ ਅਗਲੇਰੀ ਕਾਰਵਾਈ ਕਰ ਰਹੀ ਹੈ।

# ਪੰਜਾਬ 'ਚ ਭਲਕੇ ਕਈ ਇਲਾਕਿਆਂ 'ਚ ਬਿਜਲੀ ਰਹੇਗੀ ਬੰਦ, ਲੰਮਾ ਸਮਾਂ ਕਰਨਾ ਪਵੇਗਾ ਇੰਤਜ਼ਾਰ

**ਕੌਮੀ ਪਤ੍ਰਿਕਾ**

ਜਲੰਧਰ 1 ਮਾਰਚ। ਪੰਜਾਬ ਦੇ ਕਈ ਇਲਾਕਿਆਂ ਵਿਚ ਭਲਕੇ ਯਾਨੀ ਕਿ ਬੁੱਧਵਾਰ ਨੂੰ ਲੰਬਾ ਪਾਵਰ ਕੱਟ ਲੱਗਣ ਜਾ ਰਿਹਾ ਹੈ। ਪੰਜਾਬ ਬਿਜਲੀ ਵਿਭਾਗ ਵੱਲੋਂ ਜ਼ਰੂਰੀ ਮੁਰੰਮਤ ਕਾਰਨ ਕਈ ਥਾਈਂ ਬਿਜਲੀ ਬੰਦ ਰੱਖੀ ਜਾਵੇਗੀ, ਜਿਸ ਬਾਰੇ ਸ਼ਹਿਰਾਂ ਵਿਚ ਅਗਾਊਂ ਸੂਚਨਾ ਵੀ ਦਿੱਤੀ ਗਈ ਹੈ ਅਤੇ ਸਮਾਂ ਵੀ ਨਿਰਧਾਰਿਤ ਕੀਤਾ ਗਿਆ ਹੈ। ਕੋਟ ਫਤੂਹੀ (ਬਹਾਦਰ ਖਾਨ)-ਉਪ-ਮੰਡਲ ਅਫਸਰ (ਪਾਲਦੀ) ਕੋਟ ਫਤੂਹੀ ਸੁਖਵਿੰਦਰ ਕੁਮਾਰ ਵੱਲੋਂ ਜਾਣਕਾਰੀ ਦਿੰਦਿਆਂ ਹੋਇਆ ਦੱਸਿਆ ਗਿਆ ਕਿ 66 ਕੇ. ਵੀ. ਸਬ-ਸਟੇਸ਼ਨ ਕੋਟ ਫਤੂਹੀ ਸ਼ੱਟ-ਡਾਊਨ (ਬੰਦ ਹੋਣ) ਕਰ ਕੇ 66 ਕੇ. ਵੀ. ਸਬ-ਸਟੇਸ਼ਨ ਕੋਟ ਫਤੂਹੀ ਤੋਂ ਚਲਦੇ ਸਾਰੇ 11 ਕੇ. ਵੀ . ਫੀਡਰਾਂ ਦੀ ਬਿਜਲੀ ਸਪਲਾਈ ਅੱਜ 1 ਮਾਰਚ। ਨੂੰ ਸਵੇਰੇ ਦਸ ਤੋਂ ਸ਼ਾਮ ਚਾਰ ਵਜੇ ਤੱਕ ਪ੍ਰਭਾਵਿਤ ਰਹੇਗੀ। ਐੱਸ. ਡੀ. ਓ. ਸੁਖਵਿੰਦਰ ਕੁਮਾਰ ਨੇ ਦੱਸਿਆ ਕਿ ਇਨ੍ਹਾਂ ਸਾਰੇ 11 ਕੇ. ਵੀ. ਫੀਡਰਾਂ ਤੋਂ ਚੱਲਦੇ ਸਾਰੇ ਪਿੰਡਾਂ ਦੇ ਘਰਾਂ ਅਤੇ ਟਿਊਬਵੈੱਲ ਕੁਨੈਕਸ਼ਨਾਂ ਦੀ ਸਪਲਾਈ ਪ੍ਰਭਾਵਿਤ ਰਹੇਗੀ ਅਤੇ ਬਿਜਲੀ ਸਪਲਾਈ ਚਾਲੂ ਕਰਨ ਲਈ ਸਮਾਂ ਵੱਧ ਜਾਂ ਘੱਟ ਹੋ ਸਕਦਾ ਹੈ। ਸੁਲਤਾਨਪੁਰ ਲੋਧੀ (ਧੰਜੂ)-ਪੰਜਾਬ ਰਾਜ ਪਾਵਰਕਾਮ ਕਾਰਪੋਰੇਸ਼ਨ ਗਰਿੱਡ ਤਲਵੰਡੀ ਚੌਧਰੀਆਂ ਤੋਂ ਚੱਲਣ ਵਾਲੇ ਸਾਰੇ ਫੀਡਰ 25 ਤਰੀਕ ਨੂੰ ਬੰਦ ਰਹਿਣਗੇ। ਇੰਜੀਨੀਅਰ ਜੋਗਿੰਦਰ ਸਿੰਘ ਉਪ ਮੰਡਲ ਟਿੱਬਾ ਅਤੇ ਜੇ. ਈ. ਕੁਲਦੀਪ ਸਿੰਘ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਸੁਲਤਾਨਪੁਰ ਲੋਧੀ ਤੋਂ ਤਲਵੰਡੀ ਚੌਧਰੀਆਂ 66 ਕੇ. ਵੀ. ਲਾਈਨ ਰਿਪੇਅਰ ਦਾ ਕੰਮ ਕਰਨ ਕਰ ਕੇ ਤਲਵੰਡੀ ਚੌਧਰੀਆਂ ਗਰਿੱਡ ਨਾਲ ਲੱਗਦੇ ਪਿੰਡਾਂ ਵਿਚ 1 ਮਾਰਚ। ਨੂੰ ਸਵੇਰੇ 10 ਤੋਂ ਸ਼ਾਮ 5 ਵਜੇ ਤੱਕ ਬਿਜਲੀ ਸਪਲਾਈ ਬੰਦ ਰਹੇਗੀ। ਹਰਿਆਣਾ (ਆਨੰਦ)-ਉਪ ਮੰਡਲ ਪੀ. ਐੱਸ. ਪੀ. ਸੀ. ਐੱਲ. ਹਰਿਆਣਾ ਦੇ ਇੰਜੀ. ਜਸਵੰਤ ਸਿੰਘ ਐੱਸ. ਡੀ. ਓ. ਨੇ ਜਾਰੀ ਇਕ ਪ੍ਰੈੱਸ ਨੋਟ 'ਚ ਦੱਸਿਆ ਕਿ 132 ਕੇ. ਵੀ. ਚੌਹਾਲ ਸਬਸਟੇਸ਼ਨ ਤੋਂ ਆ ਰਹੀ 66 ਕੇ. ਵੀ. ਸਬ-ਸਟੇਸ਼ਨ ਜਨੌੜੀ ਲਾਈਨ ਦੀ ਜ਼ਰੂਰੀ ਮੁਰੰਮਤ ਕਰਨ ਲਈ 1 ਮਾਰਚ। ਨੂੰ ਜਨੌੜੀ ਸਬ ਸਟੇਸ਼ਨ ਤੋਂ ਚਲਦੇ ਸਾਰੇ ਫੀਡਰ ਜਿਵੇਂ ਕਿ ਫੀਡਰ 11 ਕੇ. ਵੀ. ਲਾਲਪੁਰ ਯੂ. ਪੀ. ਐੱਸ., 11 ਕੇ. ਵੀ. ਬਸੀ ਬਜੀਦ ਕੰਢੀ ਏ. ਪੀ., 11 ਕੇ. ਵੀ. ਭਟੋਲੀਆਂ ਕੰਢੀ ਏ. ਪੀ. , 11 ਕੇ. ਵੀ. ਢੋਲਵਾਹਾ ਕੰਡੀ ਮਿਕਸ ,11 ਕੇ.ਵੀ. ਜਨੌੜੀ- 2 ਕੰਡੀ ਮਿਕਸ, 11 ਕੇ. ਵੀ. ਅਤਵਾਰਾਪੁਰ ਕੰਡੀ ਮਿਕਸ



ਦੀ ਸਪਲਾਈ ਸਵੇਰ 10 ਵਜੇ ਤੋਂ ਲੈ ਕੇ ਸ਼ਾਮ 04 ਵਜੇ ਤੱਕ ਜ਼ਰੂਰੀ ਮੁਰੰਮਤ ਕਰਨ ਲਈ ਬੰਦ ਰਹੇਗੀ, ਜਿਸ ਕਰ ਕੇ ਢੋਲਵਾਹਾ, ਰਾਮਟਟਵਾਲੀ, ਜਨੌੜੀ, ਟੱਪਾ ,ਬਹੇੜਾ, ਬਾੜੀਖੱਡ, ਕੂਕਾਨੇਟ , ਦੇਹਰੀਆਂ,ਕੋਰਟ, ਪਟਿਆਲ, ਲਾਲਪੁਰ, ਰੋੜਾਂ, ਕਾਹਲਵਾਂ, ਭਟੋਲੀਆਂ ਡੰਡੋਹ, ਅਤਵਾਰਾਪੁਰ, ਆਦਿ ਪਿੰਡਾਂ ਦੇ ਘਰਾਂ ਦੀ, ਏ. ਪੀ. ਮੋਟਰਾਂ / ਟਿਊਬਵੈਲਾਂ ਦੀ ਅਤੇ ਫੈਕਟਰੀਆਂ ਦੀ ਸਪਲਾਈ ਉਪਰੋਕਤ ਦਿੱਤੇ ਹੋਏ ਸਮੇਂ ਅਨੁਸਾਰ ਬੰਦ ਰਹੇਗੀ। ਟਾਂਡਾ ਉੜਮੁੜ (ਮੋਮੀ)-ਪੰਜਾਬ ਪਾਵਰ ਕਾਮ ਕਾਰਪੋਰੇਸ਼ਨ ਅਧੀਨ ਚਲਦੇ ਉਪ ਮੰਡਲ ਮਿਆਣੀ ਦੇ ਕੋਟਲਾ ਫੀਡਰ ਦੀ ਜ਼ਰੂਰੀ ਮੁਰੰਮਤ ਕਾਰਨ ਇਸ ਫੀਡਰ ਤੋਂ ਚਲਦੇ ਵੱਖ ਵੱਖ ਪਿੰਡਾਂ ਦੀ ਬਿਜਲੀ ਸਪਲਾਈ ਅੱਜ 1 ਮਾਰਚ। ਨੂੰ ਬੰਦ ਰਹੇਗੀ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸਹਾਇਕ ਕਾਰਜਕਾਰੀ ਜਿੰਨੀਆਂ ਉਪ ਮੰਡਲ ਮਿਆਣੀ ਅਭਿਸ਼ੇਕ ਕੁਮਾਰ ਨੇ ਦੱਸਿਆ ਕਿ ਕੋਟਲਾ ਫੀਡਰ ਦੀ ਜ਼ਰੂਰੀ ਮੁਰੰਮਤ ਦੇ ਕਾਰਨ ਪਿੰਡ ਕੋਟਲਾ, ਚੱਕ ਬਾਮੂ,ਆਲਮਪੁਰ, ਗੋਰਸੀਆਂ, ਮਨਿਆਦੀਆਂ, ਇਬਰਾਹਿਮਪੁਰ, ਕਾਹਲਵਾਂ, ਅਤੇ ਬਸੋਆ 'ਚ ਬਿਜਲੀ ਸਪਲਾਈ ਸਵੇਰੇ 2 ਵਜੇ ਤੋਂ ਲੈ ਕੇ ਸ਼ਾਮ 4 ਵਜੇ ਤੱਕ ਬੰਦ ਰਹੇਗੀ। ਸਮਾਲਸਰ, (ਸੁਰਿੰਦਰ)-ਇੰਜੀ. ਬੇਅੰਤ ਸਿੰਘ ਸਿੱਧੂ, ਸਹਾਇਕ ਕਾਰਜਕਾਰੀ ਇੰਜੀਨੀਅਰ ਸੰਚ ਉਪ ਮੰਡਲ ਸਮਾਲਸਰ ਵਲੋਂ ਪ੍ਰੈੱਸ ਨੋਟ ਰਾਹੀਂ ਪਾਵਰਕਾਮ ਦੇ ਖਪਤਕਾਰਾਂ ਨੂੰ ਸੂਚਿਤ ਕੀਤਾ ਗਿਆ ਕਿ 1 ਮਾਰਚ। ਨੂੰ ਸਮਾਂ ਸਵੇਰੇ 10:30 ਤੋਂ ਸ਼ਾਮ 6 ਵਜੇ ਤਕ ਜ਼ਰੂਰੀ ਕੰਮ ਲਈ 66 ਕੇ. ਵੀ. ਸਬ ਸਟੇਸ਼ਨ ਸਮਾਲਸਰ ਤੋਂ ਚੱਲਣ ਵਾਲਾ ਪਿੰਡ ਸਮਾਲਸਰ ਦੀ ਬਿਜਲੀ ਸਪਲਾਈ ਬੰਦ ਰਹੇਗੀ।